# ਕਿਸਾਨੀ ਦੁਖਾਂਤ ਦਾ ਦਸਤਾਵੇਜ਼ੀ ਸੱਚ: ਬਲਦੇਵ ਸਿੰਘ ਦਾ ਨਾਵਲ ਅੰਨਦਾਤਾ

## Kisani Dukhant da Dastaveji Sach: Baldev Singh da Novel Anndata

**Sukhjinder Kaur**

**M.A. Student**

**Regd. No. 11302291**

ਲਵਲੀ ਪ੍ਰੋਫ਼ੈਸਨਲ ਯੂਨੀਵਰਸਿਟੀ ਫਗਵਾੜਾ ਦੇ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ

ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ

ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ

ਖੋਜ-ਪ੍ਰਬੰਧ

ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ

ਲਵਲੀ ਪ੍ਰੋਫ਼ੈਸਨਲ ਯੂਨੀਵਰਸਿਟੀ, ਫਗਵਾੜਾ

2015

# ਘੋਸ਼ਣਾ-ਪੱਤਰ

ਮੈਂ ਸੁਖਜਿੰਦਰ ਕੌਰ ਇਹ ਬਿਆਨ ਕਰਦੀ ਹਾਂ ਕਿ 'ਕਿਸਾਨੀ ਦੁਖਾਂਤ ਦਾ ਦਸਤਾਵੇਜੀ ਸੱਚ: ਬਲਦੇਵ ਸਿੰਘ ਦਾ ਨਾਵਲ ਅੰਨਦਾਤਾ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿੱਚਲਾ ਖੋਜ-ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ ਅਤੇ ਇਸ ਵਿੱਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿੱਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥੀ

ਸੁਖਜਿੰਦਰ ਕੌਰ

11302291

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸੁਖਜਿੰਦਰ ਕੌਰ ਨੇ 'ਕਿਸਾਨੀ ਦੁਖਾਂਤ ਦਾ ਦਸਤਾਵੇਜੀ ਸੱਚ: ਬਲਦੇਵ ਸਿੰਘ ਦਾ ਨਾਵਲ ਅੰਨਦਾਤਾ' ਵਿਸ਼ੇ ਉੱਤੇ ਐਮ. ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

ਮਿਤੀ: ਨਿਗਰਾਨ

ਡਾ. ਅਵਤਾਰ ਸਿੰਘ
ਸਹਾਇਕ ਪ੍ਰੋਫ਼ੈਸਰ,
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ


| | ਅਧਿਆਇ | ਪੰਨਾ |
|---|---|---|
| 1. | ਭੂਮਿਕਾ | iv-viii |
| 2. | ਨਾਵਲ ਦਾ ਸਿਧਾਂਤਕ ਪਰਿਪੇਖ ਅਤੇ ਬਲਦੇਵ ਸਿੰਘ ਦਾ ਜੀਵਨ ਤੇ ਰਚਨਾ | 1-13 |
| 3. | ਪੰਜਾਬੀ ਕਿਸਾਨੀ ਸਮਾਜ ਅਤੇ ਕਿਸਾਨੀ ਸੰਕਟ | 14-28 |
| 4. | ਪੰਜਾਬੀ ਨਾਵਲ ਦਾ ਨਿਕਾਸ ਅਤੇ ਵਿਕਾਸ ਅਤੇ ਪੰਜਾਬੀ ਨਾਵਲ ਵਿੱਚ ਕਿਸਾਨੀ ਸੰਕਟ | 29-44 |
| 5. | ਬਲਦੇਵ ਸਿੰਘ ਦਾ ਨਾਵਲ ਅੰਨਦਾਤਾ ਅਤੇ ਪੰਜਾਬੀ ਕਿਸਾਨੀ ਸੰਕਟ | 45-54 |
| 6. | ਸਾਰ | 55-58 |
| 7. | ਪੁਸਤਕ ਸੂਚੀ | 59-60 |

# ਭੂਮਿਕਾ

ਬਲਦੇਵ ਸਿੰਘ ਪੰਜਾਬੀ ਦਾ ਬਹੁਪੱਖੀ ਲੇਖਕ ਹੈ। ਉਸਨੇ ਨਾਵਲ, ਕਹਾਣੀ, ਨਾਟਕ ਅਤੇ ਢੇਰ ਸਾਰੀ ਵਾਤਰਕ ਲਿਖੀ ਹੈ। ਉਹ ਪੰਜਾਬੀ ਸਾਹਿਤ ਦੇ ਵਿਦਵਾਨਾਂ ਤੇ ਪਾਠਕਾਂ ਵਿੱਚ ਇਕੋ ਜਿਹਾ ਪ੍ਰਵਾਨਤ ਹੈ। ਉਹਨੇ ਮੁੱਢ ਵਿੱਚ ਕਹਾਣੀ ਲਿਖੀ ਅਤੇ ਬਾਅਦ 'ਚ ਨਾਵਲ 'ਦੂਸਰਾ ਹੀਰੋਸ਼ੀਮਾ', 'ਕੱਲਰੀ ਧਰਤੀ', 'ਸੂਲੀ ਟੰਗੇ ਪਹਿਰ', 'ਕੱਚੀਆਂ ਕੰਧਾਂ', 'ਜੀ.ਟੀ.ਰੋਡ', 'ਲਾਲ ਬੱਤੀ' ਅਤੇ 'ਅੰਨਦਾਤਾ' ਲਿਖੇ। ਬਲਦੇਵ ਸਿੰਘ ਪਿੰਡ ਦਾ ਜੰਮਿਆ ਤੇ ਪਲਿਆ ਹੋਇਆ ਹੈ। ਉਸਨੂੰ ਪੰਜਾਬੀ ਪੇਂਡੂ ਕਲਚਰ ਦੀ ਡੂੰਘੀ ਸਮਝ ਹੈ, ਜਿਸਦਾ ਉਸ ਨੇ ਪ੍ਰਗਟਾਵਾ ਆਪਣੇ ਨਾਵਲਾਂ ਤੇ ਕਹਾਣੀਆਂ ਵਿੱਚ ਕੀਤਾ ਹੈ। ਉਹਦੇ ਮੁੱਢਲੇ ਨਾਵਲ 'ਦੂਸਰਾ ਹੀਰੋਸ਼ੀਮਾ' ਤੇ 'ਕੱਲਰੀ ਧਰਤੀ' ਮਾਲਵੇ ਦੇ ਪੇਂਡੂ ਸਮਾਜਕ, ਆਰਥਕ ਤੇ ਸੱਭਿਆਚਾਰਕ ਜੀਵਨ ਦੀ ਡੂੰਘੀ ਪੁਣ-ਛਾਣ ਕਰਦੇ ਹਨ। ਬਲਦੇਵ ਸਿੰਘ ਦਾ ਨਾਵਲ 'ਲਾਲ ਬੱਤੀ' ਵੇਸ਼ਵਾਵਾਂ ਬਾਰੇ ਹੈ।ਇਸ ਤੋਂ ਪਹਿਲਾਂ ਪੰਜਾਬੀ ਵਿੱਚ ਇਨ੍ਹਾਂ ਬਦਕਿਮਸਤ ਔਰਤਾਂ ਬਾਰੇ ਕੋਈ ਕਿਰਤ ਨਹੀਂ ਮਿਲਦੀ। ਇਸ ਨਾਵਲ ਨੇ ਸਮਾਜਕ ਤੇ ਸਾਹਿਤਕ ਹਲਕਿਆਂ ਵਿੱਚ ਚੰਗੀ ਚਰਚਾ ਛੇੜੀ ਹੈ ਅਤੇ ਪ੍ਰਸੰਸਾ ਤੇ ਨੁਕਤਾਚੀਨੀ ਪ੍ਰਾਪਤ ਕੀਤੀ ਹੈ। ਬਲਦੇਵ ਸਿੰਘ ਨੂੰ ਜ਼ਿੰਦਗੀ ਦਾ ਬੜਾ ਤਜ਼ਰਬਾ ਹੈ ਕਿਉਂਕਿ ਉਸਨੇ ਮਾਸਟਰੀ ਤੋਂ ਲੈ ਕੇ ਡਰਾਇਵਰੀ ਤੱਕ ਕਈ ਪੇਸ਼ੇ ਅਪਣਾਏ ਹਨ। ਜਿਸ ਸਮਾਜਕ ਤੇ ਸੱਭਿਆਚਾਰਕ ਆਲੇ ਦੁਆਲੇ ਵਿੱਚ ਉਹ ਵਿਚਰਿਆ ਹੈ ਉਹਨੇ ਉਸਦਾ ਡੂੰਘਾ ਨਿਰੀਖਣ ਕੀਤਾ ਹੈ ਅਤੇ ਢੇਰ ਸਾਰੇ ਅਨੁਭਵ ਆਪਣੀ ਸਿਮਰਤੀ ਵਿੱਚ ਸਮੋਈ ਬੈਠਾ ਹੈ ਜਿਹੜਾ ਉਹ ਸਮੇਂ-ਸਮੇਂ ਆਪਣੀਆਂ ਕਿਰਤਾਂ ਰਾਹੀਂ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹੈ। ਉਹਨੇ ਵਾਰਤਕ ਦੀ ਇਕ ਵਿਸ਼ੇਸ਼ ਵਿਧੀ ਵਰਤ ਕੇ ਡਰਾਇਵਰਾਂ ਦੇ ਜੀਵਨ ਨਾਲ ਸਬੰਧਤ ਇਕ ਲੰਮੀ ਲੇਖ-ਲੜੀ 'ਸੜਕਨਾਮਾ' ਦੇ ਨਾਂ ਹੇਠ ਲਿਖੀ ਹੈ, ਜਿਸ ਕਾਰਨ ਬਹੁਤੇ ਵਿਦਵਾਨ ਤੇ ਪਾਠਕ ਉਹਦੇ ਨਾਂ ਨਾਲ 'ਸੜਕਨਾਮਾ' ਜੋੜ ਕੇ ਉਸਨੂੰ ਬਲਦੇਵ ਸਿੰਘ 'ਸੜਕਨਾਮਾ' ਕਹਿੰਦੇ ਰਹੇ ਹਨ। ਉਸਦਾ ਨਾਵਲ 'ਲਾਲ ਬੱਤੀ' ਇਨ੍ਹਾਂ ਚਰਚਿਤ ਹੋਇਆ ਕਿ ਅੱਜ ਕੱਲ੍ਹ ਉਹਨੂੰ ਬਲਦੇਵ ਸਿੰਘ 'ਲਾਲ ਬੱਤੀ' ਵਾਲਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਨਾਵਲ ਸਾਹਿਤ ਦਾ ਅਜਿਹਾ ਪ੍ਰਮੁੱਖ ਤੇ ਮਹੱਤਵਪੂਰਨ ਸਾਹਿਤ ਰੂਪ ਹੈ ਜਿਸ ਵਿੱਚ ਜੀਵਨ ਦੀ ਵਾਸਤਵਿਕਤਾ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ ਜਾਂ ਕੀਤਾ ਜਾਂਦਾ ਹੈ। ਨਾਵਲਕਾਰ ਆਪਣੇ ਆਲੇ-ਦੁਆਲੇ ਦੇ ਜੀਵਨ ਵਿੱਚ ਜੋ ਕੁਝ ਚੰਗਾ ਜਾਂ ਮਾੜਾ ਵਾਪਰਦਾ ਵੇਖਦਾ ਹੈ ਅਤੇ ਜੋ ਕੁਝ ਉਸ ਨੂੰ ਆਪਣੇ ਵਿਰਸੇਵਿੱਚ ਪ੍ਰਾਪਤ ਹੁੰਦਾ ਹੈ, ਉਸ ਸਾਰੇ ਕੁਝ ਨੂੰ ਆਪਣੀ ਸ਼ਖ਼ਸੀਅਤ ਦੇ ਵਿਲੱਖਣ ਦ੍ਰਿਸ਼ਟੀਕੋਣ ਦੁਆਰਾ ਨਾਵਲੀ-ਰਚਨਾ ਵਿੱਚ ਸਾਕਾਰ ਕਰਦਾ ਹੈ। ਇਸ ਪ੍ਰਗਟਾਅ ਦਾ ਮਾਧਿਅਮ ਪਲਾਟ, ਪਾਤਰ, ਵਾਰਤਾਲਾਪ, ਮੋਟਿਫ਼ ਅਤੇ ਭਾਸ਼ਾ ਆਦਿ ਬਣਦੇ ਹਨ।

ਇਸ ਖੋਜ ਕਾਰਜ ਦਾ ਵਿਸ਼ਾ "ਕਿਸਾਨੀ ਦੁਖਾਂਤ ਦਾ ਦਸਤਾਵੇਜੀ ਸੱਚ: ਅੰਨਦਾਤਾ (ਬਲਦੇਵ ਸਿੰਘ ਦੇ ਨਾਵਲ ਅੰਨਦਾਤਾ ਦੇ ਸੰਦਰਭ 'ਚ) ਹੈ ਅਤੇ ਨਿੱਠ ਕੇ ਖੋਜ ਕਰਨ ਲਈ ਇਸਨੂੰ ਪੰਜ ਭਾਗਾਂ ਵਿੱਚ ਵੰਡਿਆਂ ਗਿਆ ਹੈ ਅਤੇ ਇਸ ਵੰਡ ਨੂੰ ਅਧਿਆਇ ਵੰਡ ਦਾ ਨਾਂ ਦਿੱਤਾ ਗਿਆ ਹੈ।

ਪਹਿਲਾ ਅਧਿਆਇ 'ਨਾਵਲ ਦਾ ਸਿਧਾਂਤਕ ਪਰਿਪੇਖ ਅਤੇ ਬਲਦੇਵ ਸਿੰਘ ਦਾ ਜੀਵਨ ਤੇ ਰਚਨਾ' ਹੈ। ਇਸ ਅਧਿਆਇ ਵਿੱਚ ਨਾਵਲ ਦੇ ਸਿਧਾਂਤਕ ਪਰਿਪੇਖ ਨੂੰ ਸੰਖੇਪ ਰੂਪ ਵਿੱਚ ਬਿਆਨ ਕੀਤਾ ਹੈ ਅਤੇ ਨਾਲ ਹੀ ਨਾਵਲ ਦਾ ਬਹੁਤ ਹੀ ਸੰਖੇਪ ਵੇਰਵਾ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿੱਚ ਨਾਵਲਕਾਰ ਬਲਦੇਵ ਸਿੰਘ ਦੇ ਜੀਵਨ ਤੇ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

ਦੂਸਰੇ ਅਧਿਆਇ 'ਪੰਜਾਬੀ ਕਿਸਾਨੀ ਸਮਾਜ ਅਤੇ ਕਿਸਾਨੀ ਸੰਕਟ' ਵਿੱਚ ਕਿਸਾਨਾਂ ਦੇ ਜੀਵਨ ਅਤੇ ਉਹਨਾਂ ਦੇ ਕਿੱਤੇ ਬਾਰੇ, ਰਹਿਣ-ਸਹਿਣ ਭਾਵ ਜੀਵਨ ਸ਼ੈਲੀ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ ਹੈ। ਇਸ ਵਿੱਚ ਕਿਸਾਨੀ ਜੀਵਨ ਅਤੇ ਕਿਸਾਨੀ ਸੰਕਟ ਜੋਕਿ ਰਾਜਨੀਤਿਕ, ਆਰਥਕ ਤੇ ਸਮਾਜਕ ਵਿਸ਼ਿਆ ਦੇ ਨਾਲ ਜੁੜੇ ਹੋਏ ਹਨ ਬਾਰੇ ਵਿਸਤਾਰਪੂਰਵਕ ਵੇਰਵੇ ਦਿੱਤੇ ਗਏ ਹਨ।

ਤੀਸਰਾ ਅਧਿਆਇ 'ਪੰਜਾਬੀ ਨਾਵਲ ਅਤੇ ਕਿਸਾਨੀ ਸੰਕਟ' ਦੇ ਅੰਤਰਗਤ ਪੰਜਾਬੀ ਨਾਵਲ ਦੇ ਵਿਕਾਸ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਪੰਜਾਬੀ ਦੇ ਪ੍ਰਮੁੱਖ ਨਾਵਲਕਾਰਾਂ ਦੇ ਨਾਵਲਾਂ ਵਿੱਚੋਂ ਕਿਸਾਨੀ ਸੰਕਟ ਬਾਰੇ ਪ੍ਰਾਪਤ ਜਾਣਕਾਰੀ ਦੀ ਚਰਚਾ ਕੀਤੀ ਗਈ ਹੈ ਤਾਂ ਕਿ ਇਸ ਸੰਕਟ ਨੂੰ ਸਾਹਿਤ ਵਿੱਚ ਮਿਲੀ ਮਹੱਤਤਾ ਨੂੰ ਦਰਸਾਇਆ ਜਾ ਸਕੇ।

ਚੌਥੇ ਅਧਿਆਇ 'ਬਲਦੇਵ ਸਿੰਘ ਦਾ ਨਾਵਲ ਅੰਨਦਾਤਾ ਅਤੇ ਪੰਜਾਬੀ ਕਿਸਾਨੀ ਸੰਕਟ' ਵਿੱਚ ਪ੍ਰਾਪਤ ਜਾਣਕਾਰੀ ਅਨੁਸਾਰ ਨਾਵਲ ਦੇ ਵਿਸ਼ੇ ਦੇ ਬਾਰੇ ਚਰਚਾ ਕੀਤੀ ਗਈ ਅਤੇ ਨਾਵਲ ਵਿਚ ਪ੍ਰਸਤੁਤ ਕਿਸਾਨੀ ਸੰਕਟ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਕਿਸਾਨੀ ਦੁਖਾਂਤ ਅਤੇ ਸੰਕਟ ਦੇ ਕਾਰਨਾਂ ਬਾਰੇ ਵੀ ਇਸ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ ਅਤੇ ਨਾਵਲਕਾਰ ਵੱਲੋਂ ਇਸ ਸੰਕਟ ਅਤੇ ਦੁਖਾਂਤ ਦੇ ਹੱਲ ਲਈ ਸਿੱਧੇ ਜਾਂ ਅਸਿੱਧੇ ਢੰਗ ਨਾਲ ਪੇਸ਼ ਕੀਤੇ/ਸੁਝਾਏ ਪ੍ਰਸਤਾਵਾਂ ਨੂੰ ਵੀ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

### ਖੋਜ ਕਾਰਜ ਦਾ ਖੇਤਰ

ਇਸ ਖੋਜ ਕਾਰਜ ਦਾ ਖੇਤਰ 'ਕਿਸਾਨੀ ਦੁਖਾਂਤ ਦਾ ਦਸਤਾਵੇਜੀ ਸੱਚ: ਅੰਨਦਾਤਾ (ਬਲਦੇਵ ਸਿੰਘ ਦੇ ਨਾਵਲ ਅੰਨਦਾਤਾ ਦੇ ਸੰਦਰਭ 'ਚ)' ਹੈ। ਇਸਖੋਜ ਕਾਰਜ ਦਾ ਅਕਾਰ ਉਚੇਰੀ ਪਦਵੀਆਂ ਦੇ ਖੋਜ ਕਾਰਜ ਤੋਂ ਛੋਟਾ ਅਤੇ ਮੁੱਢਲੇ ਪੱਧਰ ਦਾ ਹੈ। ਇਸ ਲਈ ਇਸ ਖੋਜ ਕਾਰਜ ਦਾ ਖੇਤਰ 'ਬਲਦੇਵ ਸਿੰਘ ਦੇ ਨਾਵਲ ਅੰਨਦਾਤਾ ਤੱਕ ਹੀ ਸੀਮਤ ਰੱਖਿਆ ਹੈ ਤਾਂ ਜੋ ਸਹੀ ਅਤੇ ਸੁਚੱਜੇ ਢੰਗ ਨਾਲ ਇਸ ਖੋਜ ਕਾਰਜ ਨੂੰ ਨਿਭਾਇਆ ਜਾ ਸਕੇ।

## ਉਦੇਸ਼

ਹਰ ਇਕ ਰਚਨਾ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਹਰ ਰਚਣਹਾਰਾ ਆਪਣੀ ਰਚਨਾ ਰਚਣ ਸਮੇਂ ਆਪਣੇ ਮਨ ਵਿੱਚ ਕੋਈ ਨਾ ਕੋਈ ਉਦੇਸ਼ ਜ਼ਰੂਰ ਰੱਖਦਾ ਹੈ। ਇਸਦੀ ਪੂਰਤੀ ਉਸਨੇ ਆਪਣੀ ਰਚਨਾ ਰਾਹੀਂ ਕਰਨੀ ਹੁੰਦੀ ਹੈ। ਇਸੀ ਤਰ੍ਹਾਂ ਹਰ ਖੋਜ ਕਾਰਜ ਦਾ ਵੀ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਜਿਸ ਰਾਹੀਂ ਉਸ ਨੂੰ ਪੜ੍ਹਨ ਵਾਲਾ ਕੋਈ ਨਾ ਕੋਈ ਸੇਧ ਲੈ ਸਕੇ। ਸੋ ਇਸ ਖੋਜ ਕਾਰਜ ਦੇ ਉਦੇਸ਼ ਇਸ ਤਰ੍ਹਾਂ ਹਨ-

I. ਬਲਦੇਵ ਸਿੰਘ ਦੇ ਨਾਵਲ ਵਿੱਚ ਦਰਸਾਈ ਗਏ ਕਿਸਾਨੀ ਸੰਕਟ ਦੀ ਨਿਸ਼ਾਨਦੇਹੀ ਕਰਨੀ

II. ਸਾਹਿਤਕ ਸੰਦਰਭ ਰਾਹੀਂ ਪੰਜਾਬ ਦੀ ਕਿਸਾਨੀ ਦੀ ਸਮਾਜਕ ਸਥਿਤੀ ਦਾ ਨਿਰੂਪਣ ਕਰਨਾ

III. ਕਿਸਾਨੀ ਸੰਕਟ ਦੇ ਕਾਰਨਾਂ ਪ੍ਰਤੀ ਸਮਾਜਕ ਚੇਤਨਾ ਵਿੱਚ ਵਾਧਾ ਕਰਨਾ

## ਖੋਜ-ਵਿਧੀ

ਤਰਕਵਾਦੀ ਵਿਧੀ ਤਰਕ ਵਿਤਰਕ ਦੇ ਆਸਰੇ ਚਲਦੀ ਹੈ। ਗੁਰਬਾਣੀ ਵਿੱਚ ਵੀ ਲਿਖਿਆ ਗਿਆ ਹੈ ਕਿ 'ਖੋਜੀ ਉਪਜੈ ਬਾਦੀ ਬਿਨਸੈ' । ਸੋ ਖੋਜਾਰਥੀ ਹਮੇਸ਼ਾ ਤਰਕਵਾਦੀ ਵਿਧੀ ਨੂੰ ਆਧਾਰ ਬਣਾ ਕੇ ਹੀ ਆਪਣੀ ਖੋਜ ਮੁੰਕਮਲ ਕਰਦਾ ਹੈ। ਇਸ ਖੋਜ-ਕਾਰਜ ਵਿੱਚ ਤਰਕਵਾਦੀ ਵਿਧੀ ਨੂੰ ਅਪਣਾਇਆ ਗਿਆ ਹੈ। ਇਹ ਅੱਗੋਂ ਦੋ ਤਰ੍ਹਾਂ ਦੀ ਹੁੰਦੀ ਹੈ:-

ਅਗਨਾਤਮਕ ਵਿਧੀ:- ਤਰਕਸ਼ਾਸਤ੍ਰ ਉਦੋਂ ਵਜਦ ਵਿਚ ਆਇਆ ਜਦੋਂ ਮਨੁੱਖ ਨੇ ਪ੍ਰਣਾਲੀਬਧ ਢੰਗ ਨਾਲ ਸੋਚਣਾ ਸ਼ੁਰੂ ਕੀਤਾ। ਇਹ ਢੰਗ ਤਰਕ ਵਿਤਰਕ ਦਾ ਸੀ। ਕੋਈ ਗੱਲ ਸਵੀਕਾਰ ਨਹੀਂ ਕੀਤੀ ਜਾਂਦੀ ਸੀ ਜਦੋਂ ਤਕ ਕਿ ਉਹ ਕਾਰਣ-ਕਾਰਜ ਦੀ ਸੰਗਾਲੀ ਵਿਚ ਬਝ ਕੇ ਸਥਾਪਤ ਨ ਕੀਤੀ ਜਾ ਸਕੇ। ਪੱਛਮ ਵਿਚ ਤਰਕ ਸ਼ਾਸਤ੍ਰ ਦੀ ਵਿਧੀਵਤ ਵਰਤੋਂ ਯੁਨਾਨੀ ਚਿੰਤਕਾਂ ਦੇ ਹੱਥੋਂ ਕੀਤੀ ਗਈ। ਉਹ ਮੁਖ ਰੂਪ ਵਿਚ ਤਰਕ ਸ਼ਾਸਤ੍ਰ ਦੀ ਨਿਗਮਨਾਤਮਕ ਵਿਧੀ ਦੇ ਪ੍ਰਵਕਤਾ ਸਨ। ਨਿਗਮਨਾਤਮਕ ਵਿਧੀ ਵਿਚ ਵਿਆਪਕ ਜਾਂ ਸਰਬਸਾਧਾਰਣ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੇ ਪਹੁੰਚਣ ਦਾ ਵਿਧਾਨ ਹੈ।ਇਹ ਵਿਸ਼ੇਸ਼ ਤੋਂ ਸਧਾਰਨ ਵੱਲ ਚੱਲਦੀ ਹੈ।

ਨਿਗਨਾਤਮਕ ਵਿਧੀ:- ਤਰਕ ਸ਼ਾਸਤ੍ਰ ਦੀ ਦੂਜੀ ਪਧੱਤੀ ਆਗਮਨਾਤਮਕ ਹੈ। ਇਸ ਵਿਚ ਵਿਸ਼ੇਸ਼ ਸਥਿਤੀ ਤੋਂ ਵਿਆਪਕ ਅਤਵਾ ਸਰਬਸਾਧਾਰਣ ਸਥਿਤੀ ਵਲ ਪਹੁੰਚਣ ਦਾ ਵਿਧਾਨ ਹੈ। ਇਹ ਸਧਾਰਨ ਤੋਂ ਵਿਸ਼ੇਸ਼ ਵੱਲ ਚੱਲਦੀ ਹੈ।

## ਪੂਰਵ ਖੋਜ ਕਾਰਜ

ਕਿਸੇ ਵੀ ਖੋਜ ਕਾਰਜ ਨੂੰ ਕਰਨ ਤੋਂ ਪਹਿਲਾਂ ਖੋਜਾਰਥੀ ਨੂੰ ਆਪਣੇ ਦ੍ਰਿਸ਼ਟੀਕੋਣ ਦੀ ਸਪੱਸ਼ਟਤਾ ਅਤੇ ਖੋਜ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਲਈ ਸਬੰਧਿਤ ਸਾਹਿਤ ਦਾ ਅਧਿਐਨ ਕਰਨਾ ਅਤਿਅੰਤ ਜ਼ਰੂਰੀ ਹੈ। ਇਸ ਨਾਲ ਜਿੱਥੇ ਸਾਨੂੰ ਸਿਰਜੇ ਗਏ ਸਾਹਿਤ ਦੀਆਂ ਵੰਨਗੀਆਂ, ਵਿਸ਼ੇ ਅਤੇ ਸ਼ੈਲੀ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉੱਥੇ ਖੋਜਾਰਥੀ

ਦੀ ਸੋਚ ਅਤੇ ਵਿਹਾਰ ਵਿੱਚ ਵੀ ਪਰਿਵਰਤਨ ਆਉਂਦਾ ਹੈ।ਹੁਣ ਤੱਕ ਕੀਤੇ ਗਏ ਸਾਹਿਤ ਅਧਿਐਨ ਦਾ ਵੇਰਵਾ ਇਸ ਪ੍ਰਕਾਰ ਹੈ:-

1. 'ਬਲਦੇਵ ਸਿੰਘ ਦੀ ਗਲਪ ਚੇਤਨਾ' ਵਿਸ਼ੇ ਤੇ ਅਸ਼ਵਨੀ ਕੁਮਾਰ ਨੇ ਕੁਰਕਸ਼ੇਤਰ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2008 ਵਿਚ ਡਾ. ਰਜਿੰਦਰ ਸਿੰਘ ਭੱਟੀ ਦੀ ਨਿਗਰਾਨੀ ਹੇਠ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਅਸ਼ਵਨੀ ਕੁਮਾਰ ਨੇ ਬਲਦੇਵ ਸਿੰਘ ਦੀ ਗਲਪ ਚੇਤਨਾ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ
2. 'ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਆਲੋਚਨਾਤਮਕ ਅਧਿਐਨ' ਵਿਸ਼ੇ ਤੇ ਕਮਲਜੀਤ ਕੌਰ ਨੇ ਕੁਰਕਸ਼ੇਤਰ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2008 ਵਿਚ ਡਾ. ਰਵਿੰਦਰ ਸਿੰਘ ਮਸਰੂਰ ਦੀ ਨਿਗਰਾਨੀ ਹੇਠ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਕਮਲਜੀਤ ਕੌਰ ਨੇ ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਆਲੋਚਨਾਤਮਕ ਅਧਿਐਨ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।
3. 'ਬਲਦੇਵ ਸਿੰਘ ਦੇ ਨਾਵਲਾਂ ਦਾ ਵਿਚਾਰਧਾਰਾਈ ਅਧਿਐਨ' ਵਿਸ਼ੇ ਤੇ ਹਰਪਿੰਦਰ ਕੌਰ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ ਵਿਚ ਬਲਵਿੰਦਰ ਕੌਰ ਦੀ ਨਿਗਰਾਨੀ ਹੇਠ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਹਰਪਿੰਦਰ ਕੌਰ ਨੇ ਬਲਦੇਵ ਸਿੰਘ ਦੇ ਨਾਵਲਾਂ ਦਾ ਵਿਚਾਰਧਾਰਾਈ ਅਧਿਐਨ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।
4. 'ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਵਿੱਚ ਯਥਾਰਥ ਦ੍ਰਿਸ਼ਟੀ ਦਾ ਅਧਿਐਨ' ਵਿਸ਼ੇ ਤੇ ਸਰਵਦ ਸਿੰਘ ਨੇ ਪੰਜਾਬ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2011 ਵਿਚ ਡਾ. ਮਲਕੀਤ ਸਿੰਘ ਬਾਜਵਾ ਦੀ ਨਿਗਰਾਨੀ ਹੇਠ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਸਰਵਦ ਸਿੰਘ ਨੇ ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਵਿੱਚ ਯਥਾਰਥ ਦ੍ਰਿਸ਼ਟੀ ਦਾ ਅਧਿਐਨ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ
5. 'ਬਲਦੇਵ ਸਿੰਘ ਦੇ ਨਾਵਲਾਂ ਵਿੱਚ ਵਸਤੂ ਤੇ ਬਿਰਤਾਂਤਕਾਰੀ' ਵਿਸ਼ੇ ਤੇ ਰਮਨਪ੍ਰੀਤ ਕੌਰ ਨੇ ਪੰਜਾਬ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2008 ਵਿਚ ਡਾ. ਉਮਾ ਸੇਠੀ ਦੀ ਨਿਗਰਾਨੀ ਹੇਠ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਰਮਨਪ੍ਰੀਤ ਕੌਰ ਨੇ ਬਲਦੇਵ ਸਿੰਘ ਦੇ ਨਾਵਲਾਂ ਵਿੱਚ ਵਸਤੂ ਤੇ ਬਿਰਤਾਂਤਕਾਰੀ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।
6. 'ਬਲਦੇਵ ਸਿੰਘ ਦੇ ਨਾਵਲਾਂ ਵਿੱਚ ਇਤਿਹਾਸਕ ਚੇਤਨਾ' ਵਿਸ਼ੇ ਤੇ ਸੁਖਦੇਵ ਨੇ ਪੰਜਾਬ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2011 ਵਿਚ ਡਾ. ਜੋਗਿੰਦਰ ਸਿੰਘ ਨਹਿਰੂ ਦੀ ਨਿਗਰਾਨੀ ਹੇਠ ਪੂਰਾ

ਕੀਤਾ। ਇਸ ਖੋਜ-ਪ੍ਰਬੰਧ ਵਿਚ ਸੁਖਦੇਵ ਨੇ ਬਲਦੇਵ ਸਿੰਘ ਦੇ ਨਾਵਲਾਂ ਵਿੱਚ ਇਤਿਹਾਸਕ ਚੇਤਨਾ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

7. 'ਬਲਦੇਵ ਸਿੰਘ ਦਾ ਬਿਰਤਾਂਤ-ਜਗਤ-ਸਭਿਆਚਾਰਕ ਰੂਪਾਂਤਰਨ (ਕਹਾਣੀ, ਨਾਵਲ ਅਤੇ ਵਾਰਤਕ ਦੇ ਸੰਦਰਭ ਵਿੱਚ)' ਵਿਸ਼ੇ ਤੇ ਕਨਵਲਜੀਤ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2004 ਵਿਚ ਡਾ. ਤਜਿੰਦਰ ਕੌਰ ਦੀ ਨਿਗਰਾਨੀ ਹੇਠ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਕਨਵਲਜੀਤ ਨੇ ਬਲਦੇਵ ਸਿੰਘ ਦਾ ਬਿਰਤਾਂਤ-ਜਗਤ-ਸਭਿਆਚਾਰਕ ਰੂਪਾਂਤਰਨ (ਕਹਾਣੀ, ਨਾਵਲ ਅਤੇ ਵਾਰਤਕ ਦੇ ਸੰਦਰਭ ਵਿੱਚ) ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

ਮੈਂ ਧੰਨਵਾਦੀ ਹਾਂ ਆਪਣੇ ਨਿਗਰਾਨ ਡਾ. ਅਵਤਾਰ ਸਿੰਘ ਜੀ ਦੀ ਜਿਹਨਾਂ ਨੇ ਮੇਰੇ ਇਸ ਖੋਜ-ਕਾਰਜ ਵਿਚ ਮੇਰੀ ਲੋੜ ਅਨੁਸਾਰ ਸਹਾਇਤਾ ਕੀਤੀ। ਮੈਂ ਆਪਣੇ ਵਿਭਾਗ ਦੇ ਹੋਰ ਅਧਿਆਪਕ ਸਾਹਿਬਾਨ ਦੀ, ਆਪਣੇ ਪਰਿਵਾਰ ਦੇ ਮੈਂਬਰਾਂ ਦੀ ਅਤੇ ਆਪਣੇ ਦੋਸਤਾਂ ਦੀ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਸਦਕਾ ਮੈਂ ਇਸ ਖੋਜ-ਕਾਰਜ ਨੂੰ ਨੇਪਰੇ ਚਾੜ ਸਕੀ ਹਾਂ।

ਸੁਖਜਿੰਦਰ ਕੌਰ

# ਅਧਿਆਇ ਪਹਿਲਾ
# ਨਾਵਲ ਦਾ ਸਿਧਾਂਤਕ ਪਰਿਪੇਖ ਅਤੇ ਬਲਦੇਵ ਸਿੰਘ ਦਾ ਜੀਵਨ ਤੇ ਰਚਨਾ

ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਵੀ ਆਖਿਆ ਜਾਂਦਾ ਹੈ। ਸਾਹਿਤ ਵਿੱਚ ਸਮਾਜਿਕ ਸੰਵੇਦਨਾ ਦੀ ਤਸਵੀਰ ਖਿੱਚੀ ਜਾਂਦੀ ਹੈ। ਸਾਹਿਤ ਸਮਾਜ ਤੋਂ ਬਗ਼ੈਰ ਹੋਂਦ ਵਿੱਚ ਨਹੀਂ ਆ ਸਕਦਾ। ਇਹ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਸਾਹਿਤ ਕੇਵਲ ਸਾਹਿਤਿਕ ਲਹਿਰਾਂ ਦਾ ਹੀ ਨਹੀਂ ਸਗੋਂ ਸਮਾਜ ਵਿਚਲੀਆਂ ਰਾਜਨੀਤਿਕ ਅਤੇ ਧਾਰਮਕ ਲਹਿਰਾਂ ਦਾ ਵੀ ਜਨਮ ਦਾਤਾ ਬਣ ਸਕਣ ਦੀ ਸੰਭਾਵਨਾ ਰੱਖਦਾ ਹੈ। ਸਾਹਿਤ ਸਿਰਜਣਾ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਹਮੇਸ਼ਾਂ ਗਤੀਸ਼ੀਲ ਅਤੇ ਜੀਵੰਤ ਰਹਿੰਦੀ ਹੈ। ਸਾਹਿਤ ਵਿੱਚ ਉਹ ਪੇਸ਼ ਕੀਤਾ ਜਾਂਦਾ ਹੈ ਜੋ ਸਾਡੇ ਆਲੇ-ਦੁਆਲੇ ਵਿਚਰਦਾ ਹੈ। ਸਾਹਿਤ ਇੱਕ ਫੁਲਵਾੜੀ ਹੈ ਜਿਸ ਵਿੱਚ ਵੰਨ ਸੁਵੰਨੇ ਫੁੱਲ ਖਿੜਦੇ ਹਨ। ਸਾਹਿਤ ਸਮਾਜ ਨੂੰ ਸੁਹਜ ਸਵਾਦ ਪ੍ਰਦਾਨ ਕਰਦਾ ਹੈ। ਇਹ ਸੁਹਜ ਸਵਾਦ ਸਾਧਾਰਨ ਵਿਅਕਤੀ ਲਈ ਬਹੁਤ ਮਹੱਤਵ ਰੱਖਦਾ ਹੈ। ਇਹ ਨਿਰੋਲ ਅਨੰਦ ਦਿੰਦਾ ਹੈ ਅਤੇ ਇਸ ਅਨੰਦ ਨਾਲ ਮਨ ਉਨੱਤ ਹੁੰਦਾ ਹੈ। ਇਹਨਾ ਨਾ ਕੇਵਲ ਜੀਵਨ ਨੂੰ ਚਿਤਰਦਾ ਹੈ ਸਗੋਂ ਵਿਆਖਿਆ ਵੀ ਕਰਦਾ ਹੈ। ਸਾਹਿਤ ਦੁਆਰਾ ਸਾਹਿਤਕਾਰ ਆਪਣੀ ਸੋਚ ਅਤੇ ਵਿਚਾਰ ਨੂੰ ਦੂਜਿਆਂ ਵਿਅਕਤੀਆਂ ਨਾਲ ਸਾਂਝਾ ਕਰਦਾ ਹੈ। ਇਸ ਵਿੱਚ ਸਮਾਜ ਅਤੇ ਵਿਅਕਤੀ ਵਿਚਕਾਰ ਸੰਘਰਸ਼ ਹੁੰਦਾ ਹੈ। ਇਹ ਮਨੁੱਖ ਨੂੰ ਪ੍ਰੇਰਨਾ ਦੇਣ ਦੇ ਸਮਰੱਥ ਹੁੰਦਾ ਹੈ। ਸਾਹਿਤਕਾਰ ਨਾ ਕੇਵਲ ਆਪਣੇ ਭਾਵਾਂ ਨੂੰ ਪ੍ਰਗਟਾਉਂਦਾ ਹੈ ਸਗੋਂ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਲੋਕ ਵੀ ਇਸ ਤੋਂ ਪ੍ਰਭਾਵਿਤ ਹੋਣ। ਭਾਰਤੀ ਕਾਵਿ ਸ਼ਾਸਤਰ ਅਨੁਸਾਰ ਸਾਹਿਤ ਨੂੰ 'ਸੱਤਯਮ ਸ਼ਿਵਾ ਸੁੰਦਰਮ' ਕਿਹਾ ਗਿਆ ਹੈ, ਭਾਵ ਜੋ ਸੱਚ ਹੋਵੇ, ਕਲਿਆਣਕਾਰੀ ਹੋਵੇ ਅਤੇ ਸੁੰਦਰ ਹੋਵੇ ਉਹ ਸਾਹਿਤ ਹੁੰਦਾ ਹੈ। ਸਾਹਿਤ ਦੇ ਦੋ ਪ੍ਰਮੁੱਖ ਰੂਪ ਪਦ ਅਤੇ ਗੱਦ ਮੰਨੇ ਜਾਂਦੇ ਹਨ। ਪਦ ਕਾਵਿ ਰੂਪ ਵਿੱਚ ਜਿੱਥੇ ਕਵਿਤਾ ਦੇ ਵਿਭਿੰਨ ਰੂਪਾਕਾਰ ਜਿਵੇਂ ਗ਼ਜ਼ਲ, ਰੁਬਾਈ, ਗੀਤ, ਖੁੱਲ੍ਹੀ ਕਵਿਤਾ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ, ਉੱਥੇ ਗੱਦ ਵਿੱਚ ਵਾਰਤਕ ਦੇ ਵਿਭਿੰਨ ਸ਼ੁੱਧ ਰੂਪ ਜਿਵੇਂ ਨਿਬੰਧ, ਲੇਖ, ਜੀਵਨੀ, ਸਵੈਜੀਵਨੀ, ਸੰਸਮਰਨ, ਡਾਇਰੀ, ਰੇਖਾ-ਚਿੱਤਰ ਅਤੇ ਗੌਣ ਰੂਪ ਵਿੱਚ ਕਹਾਣੀ, ਨਾਵਲ, ਨਾਟਕ, ਇਕਾਂਗੀ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਨਾਵਲ ਦੀ ਪਰਿਭਾਸ਼ਾ ਅਤੇ ਸਰੂਪ ਨਾਲ ਸਬੰਧਤ ਪ੍ਰਸ਼ਨਾਂ ਦਾ ਉੱਤਰ ਪੂਰਬੀ ਤੇ ਪੱਛਮੀ ਆਲੋਚਕਾਂ ਨੇ ਆਪਣੇ-ਆਪਣੇ ਢੰਗ ਨਾਲ ਦਿੱਤਾ ਹੈ। ਨਿਰਸੰਦੇਹ ਭਾਰਤੀ ਬੋਲੀਆਂ ਵਿੱਚ ਇਸ ਸਾਹਿਤ-ਰੂਪ ਦੀ ਉਪਜ ਪੱਛਮੀ ਸਾਹਿਤ ਅਤੇ ਸੱਭਿਆਚਾਰ ਦੇ ਸੰਪਰਕ ਵਿੱਚ ਆਉਣ ਨਾਲ ਹੋਈ ਹੈ। ਭਾਰਤ ਵਿੱਚ ਜਿਉਂ-ਜਿਉਂ ਅੰਗਰੇਜ਼ਾਂ ਦੇ ਸੰਪਰਕ ਵਿੱਚ ਭਾਤ ਦੇ ਲੋਕ ਆਉਂਦੇ ਰਹੇ,ਉਸੇ ਤਰਤੀਬ ਵਿੱਚ ਭਾਰਤੀ ਭਾਸ਼ਾਵਾਂ ਵਿੱਚ ਨਾਵਲ ਦੀ ਰਚਨਾ ਹੁੰਦੀ ਰਹੀ। ਸਭ ਤੋਂ ਪਹਿਲਾਂ ਬੰਗਲਾ ਭਾਸ਼ਾ ਤੇ ਫਿਰ ਬਾਕੀ ਭਾਸ਼ਾਵਾਂ ਵਿੱਚ ਨਾਵਲ ਦੀ ਰਚਨਾ ਹੋਈ। ਕੋਸ਼ਗਤ ਅਰਥ ਅਨੁਸਾਰ ਨਾਵਲ (Novel) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ ਲਾਤੀਨੀ ਭਾਸ਼ਾ ਦੇ Novell ਸ਼ਬਦ ਹੈ "Novel" ਸ਼ਬਦ 'ਨਵੇਂ' ਦੇ ਅਰਥਾਂ ਵਜੋਂ

ਵਰਤਿਆ ਜਾਂਦਾ ਹੈ। ਫ਼ਰਾਂਸੀਸੀ ਸ਼ਬਦ (novellus) ਵੀ ਉਪਰੋਕਤ ਅਰਥਾਂ 'ਚ ਹੀ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿੱਚ Novel ਸ਼ਬਦ ਛੋਟੀ ਕਹਾਣੀ ਲਈ ਵੀ ਵਰਤਿਆ ਜਾਂਦਾ ਹੈ Novel ਦਾ ਪ੍ਰਾਇਵਾਚੀ ਹਿੰਦੀ ਭਾਸ਼ਾ ਦਾ ਸ਼ਬਦ 'ਉਪਨਿਆਸ' ਹੈ।'ਉਪਨਿਆਸ' ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਵਿੱਚ ਹੈ। ਪੰਜਾਬੀ ਵਿੱਚ ਇਸ ਦਾ ਅੰਗਰੇਜ਼ੀ ਵਾਲਾ ਰੂਪ 'ਨਾਵਲ' ਹੀ ਪ੍ਰਸਿੱਧ ਹੈ ਅਤੇ ਇਸੇ ਸ਼ਬਦ ਦੀ ਇਸ ਸਾਹਿਤ ਰੂਪ ਲਈ ਵਰਤੋਂ ਕੀਤੀ ਜਾਂਦੀ ਹੈ। ਇਤਾਲਵੀ ਸ਼ਬਦ 'Novella' ਤੋਂ ਇਹ ਸਪਸ਼ਟ ਹੁੰਦਾ ਹੈ ਕਿ ਨਾਵਲ ਇਕ ਅਜਿਹੀ ਰਚਨਾ ਹੈ ਜਿਸ ਵਿੱਚ ਜੀਵਨ ਦੀ ਕਹਾਣੀ ਨੂੰ ਸਮਕਾਲੀ ਸਮਾਜ ਦੇ ਸੰਦਰਭ ਵਿੱਚ ਨਵੀਨ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਨਾਵਲ ਵਿੱਚ 'ਨਵੀਨਤਾ' ਦਾ ਤੱਤ ਅਤਿਅੰਤ ਜ਼ਰੂਰੀ ਹੈ। ਡਾ. ਪ੍ਰਤਾਪ ਨਰਾਇਣ ਟੰਡਨ ਦਾ ਵਿੱਚਾਰ ਹੈ ਕਿ ਉਪਨਿਆਸ ਸ਼ਬਦ ਮੂਲ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਹੈ ਪਰ ਇਸ ਸ਼ਬਦ ਦੇ ਵੱਖ-ਵੱਖ ਪ੍ਰਸੰਗਾਂ ਵਿੱਚ 'ਨਾਵਲ' ਤੋਂ ਬਿਨਾਂ ਹੋਰ ਅਰਥ ਵੀ ਹੋਏ ਮਿਲਦੇ ਹਨ। ਉਪਨਿਆਸ ਨੂੰ 'ਕਲਪਤ ਕਥਾ' ਦੇ ਅਰਥਾਂ ਵਿੱਚ ਵੀ ਵਰਤਿਆ ਜਾਂਦਾ ਹੈ। ਇਸ ਦਾ ਭਾਵ ਇਹ ਵੀ ਨਿਕਲਦਾ ਹੈ ਕਿ ਉਪਨਿਆਸ ਇਕ ਅਜਿਹੀ ਰਚਨਾ ਹੈ ਕਿ ਉਪਨਿਆਸ ਇਕ ਅਜਿਹੀ ਰਚਨਾ ਹੈ ਜਿਸ ਵਿੱਚ ਸੰਪੂਰਨ ਜ਼ਿੰਦਗੀ ਦੀ ਲੰਬੀ ਕਹਾਣੀ ਨੂੰ ਨਾਵਾਂ, ਥਾਵਾਂ, ਘਟਨਾਵਾਂ ਦੀ ਸਹਾਇਤਾ ਨਾਲ ਯੋਗ ਭਾਸ਼ਾ ਵਿੱਚ ਬਿਆਨ ਕੀਤਾ ਗਿਆ ਹੋਵੇ। ਨਾਵਲ, ਪਾਤਰ, ਨਾਵਲੀ ਕਾਰਜ ਅਤੇ ਨਾਵਲੀ ਘਟਨਾਵਾਂ ਜੀਵਨ ਦੀ ਅਸਲੀਅਤ ਦਾ ਭੁਲਾਂਦਰਾ ਪੈਦਾ ਕਰਨ ਵਾਲੇ ਹੋਣੇ ਚਾਹੀਦੇ ਹਨ। ਪ੍ਰਸਿੱਧ ਸਮਾਜਵਾਦੀ ਆਲੋਚਕ ਰੈਲਫ਼ ਫਾਕਸ ਨੇ ਨਾਵਲ ਨੂੰ 'ਪੂੰਜੀਵਾਦੀ ਯੁੱਗ ਦਾ ਮਹਾਂਕਾਵਿ' ਮੰਨਿਆ ਹੈ। ਉਸ ਅਨੁਸਾਰ ਜੋ ਸਥਾਨ ਮਹਾਂਕਵਿ ਨੂੰ ਜਾਗੀਰਦਾਰੀ ਯੁੱਗ ਵਿੱਚ ਪ੍ਰਾਪਤ ਸੀ, ਉਹੀ ਸਥਾਨ ਨਾਵਲ ਨੂੰ ਪੂੰਜੀਵਾਦ ਯੁੱਗ ਵਿੱਚ ਪ੍ਰਾਪਤ ਹੈ। ਨਾਵਲ ਪੂੰਜੀਵਾਦੀ ਯੁੱਗ ਦਾ ਸਭ ਤੋਂ ਪ੍ਰਮੁੱਖ ਰੂਪਾਕਾਰ ਹੈ ਕਿਉਂਕਿ ਜਿਤਨੇ ਸੁਚੱਜੇ ਅਤੇ ਸੰਪੂਰਨ ਢੰਗ ਨਾਲ ਨਾਵਲ ਆਧੁਨਿਕ ਯੁੱਗ ਦੀ ਵਿਆਖਿਆ ਕਰ ਸਕਦਾ ਹੈ, ਓਨੀ ਸਮਰੱਥਾ ਨਾਲ ਸਾਹਿਤ ਦੇ ਹੋਰ ਰੂਪ ਨਹੀਂ ਕਰ ਸਕਦੇ। ਇਹੀ ਕਾਰਨ ਹੈ ਕਿ ਆਧੁਨਿਕ ਯੁੱਗ ਵਿੱਚ ਨਾਵਲ ਸਭ ਤੋਂ ਲੋਕਪ੍ਰਿਆ ਅਤੇ ਸ਼ਰੋਮਣੀ ਸਾਹਿਤ ਰੂਪ ਮੰਨਿਆ ਜਾਂਦਾ ਹੈ।[1]ਰਿਚਰਡ ਬਰਟਨ ਅਨੁਸਾਰ, "ਨਾਵਲ ਸਮਕਾਲੀ ਜੀਵਨ ਦਾ ਗੱਦ ਵਿੱਚ ਰਚਿਆ ਅਧਿਐਨ ਹੈ"।[2] H.G.Wellsਅਨੁਸਾਰ, "ਨਾਵਲ ਇਕ ਨੁਕਸਾਨ ਰਹਿਤ ਨਸ਼ਾ ਹੈ ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ ਜਦੋਂ ਮਨੁੱਖੀ ਦਿਮਾਗ਼ ਖ਼ਾਲੀ ਹੋਵੇ ਜਾਂ ਮਨੁੱਖ ਕੋਲ ਕਾਫ਼ੀ ਵਿਹਲ ਹੋਵੇ"।[3] ਰੈਲਫ਼ ਫਾਕਸ ਅਨੁਸਾਰ, " ਨਾਵਲ ਜੀਵਨ ਦੀ ਵਿਆਖਿਆ ਹੈ, ਸਿਰਫ਼ ਮਾਮੂਲੀ ਗੱਦ-ਕਥਾ ਨਹੀਂ। ਨਾਵਲ ਕਲਾ ਦਾ ਅਜਿਹਾ ਰੂਪ ਹੈ ਜੋ ਮਨੁੱਖ ਨੂੰ ਪੂਰਨ ਰੂਪ ਵਿੱਚ ਸਮਝਣ ਅਤੇ ਸਕਾਰ ਕਰਨ ਦਾ ਉਪਰਾਲਾ ਕਰਦੀ ਹੈ"।[4] ਯਥਾਰਥਵਾਦੀ ਨਾਵਲ ਸ਼ਾਸਤਰੀਆਂ ਲਈ ਨਾਵਲ ਵਸਤੂ ਤੋਂ ਵਸਤੂ ਤੱਕ ਦੀ ਯਾਤਰਾ ਹੈ ਜਿਸ ਦੇ ਦਰਮਿਆਨ ਸੱਚ ਕਲਾ ਹੈ। ਆਰਨਲਡ ਕੈਟਲ ਦਾ ਵਿੱਚਾਰ ਹੈ, "ਸਾਰੇ ਉਪਨਿਆਸਾਂ, ਜਿਨ੍ਹਾਂ ਨੂੰ ਸਫ਼ਲ ਕਲਾਤਮਕ ਰਚਨਾਵਾਂ ਕਿਹਾ ਜਾ ਸਕਦਾ ਹੈ, ਵਿੱਚ ਦੋ ਤੱਤ ਹੁੰਦੇ ਹਨ- ਜੀਵਨ ਅਤੇ ਢਾਂਚਾ"।[5] ਕੁਲਰ ਨਾਵਲ ਦੀ ਪਰਿਭਾਸ਼ਾ ਕਰਦਾ ਲਿਖਦਾ ਹੈ, "ਨਾਵਲ ਹੋਰ ਸਾਹਿਤਕ ਰੂਪਾਂ ਦੇ ਮੁਕਾਬਲੇ 'ਤੇ, ਬਹੁਤ ਚੰਗੀ ਤਰ੍ਹਾਂ, ਜੀਵਨ ਦਾ ਉਹ ਨਮੂਨਾ ਪੇਸ਼ ਕਰਦਾ ਹੈ, ਜਿਸ ਰਾਹੀਂ ਸਮਾਜ ਆਪਣੇ-ਆਪ ਨੂੰ ਨਿੰਮਦਾ ਹੈ"।[6] ਵੈਬਸਟਰ ਅਨੁਸਾਰ, "ਉਪਨਿਆਸ ਵਾਰਤਕ ਵਿੱਚ ਲਿਖੀ ਇਕ ਵੱਡੇ ਅਕਾਰ ਦੀ ਕਲਪਨਾ-ਭਰਪੂਰ ਕਹਾਣੀ ਹੁੰਦੀ ਹੈ ਜਿਸ ਵਿੱਚ

ਮਾਨਵ-ਜੀਵਨ ਦੇ ਯਥਾਰਥ ਪੱਖ ਨੂੰ ਪ੍ਰਗਟਾਉਣ ਵਾਲੇ ਪਾਤਰਾਂ ਤੇ ਉਨ੍ਹਾਂ ਦੇ ਕਾਰਜਾਂ ਦਾ ਵਰਨਣ ਹੁੰਦਾ ਹੈ"।[7] ਡਾ. ਸਵਿੰਦਰ ਸਿੰਘ ਉੱਪਲ ਨਾਵਲ ਦੀ ਪਰਿਭਾਸ਼ਾ ਕਰਦੇ ਲਿਖਦੇ ਹਨ, "ਨਾਵਲ ਵਿਧੀ ਅਨੁਸਾਰ ਪੰਜ ਪ੍ਰਮੁੱਖ ਵਿਸ਼ੇਸ਼ਤਾਵਾਂ-ਜੀਵਨ, ਫ਼ਲਸਫ਼ਾ, ਪਾਤਰ, ਗੋਂਦ, ਵਾਤਾਵਰਨ ਅਤੇ ਵਾਰਤਾਲਾਪ ਦਾ ਨਾਵਲ ਵਿੱਚ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ"।[8] ਪੱਛਮੀ ਚਿੰਤਕਾਂ ਦੀਆਂ ਪਰਿਭਾਸ਼ਾਵਾਂ ਤੋਂ ਇਹ ਤੱਤ ਸਪਸ਼ਟ ਹੁੰਦੇ ਹਨ ਕਿ ਨਾਵਲ ਜੀਵਨ ਦੇ ਯਥਾਰਥ ਨਾਲ ਸਬੰਧਤ ਹਨ ਅਤੇ ਇਸ ਦਾ ਬਿਆਨ ਕਲਪਨਾ ਦੀ ਪੱਧਰ 'ਤੇ ਪਾਤਰਾਂ, ਘਟਨਾਵਾਂ, ਵਾਤਾਵਰਨ ਅਤੇ ਵਿਸ਼ੇਸ਼ ਦ੍ਰਿਸ਼ਟੀਕੋਣ ਦੁਆਰਾ ਨਾਵਲੀ ਰਚਨਾ ਵਿੱਚ ਕੀਤਾ ਜਾਂਦਾ ਹੈ। ਨਾਵਲੀ-ਰਚਨਾ ਵਿੱਚ ਹਰ ਸਮੇਂ ਵਿਰੋਧਾਭਾਸ ਬਣਿਆ ਰਹਿੰਦਾ ਹੈ। ਇਕ ਪਾਸੇ ਇਸ ਦੀ ਸੀਮਾ ਸਮਕਾਲੀ ਜੀਵਨ ਦੇ ਯਥਾਰਥ ਨਾਲ ਜੁੜਦੀ ਅਤੇ ਦੂਜੇ ਪਾਸੇ ਇਸ ਦਾ ਸਬੰਧ ਕਾਲਪਨਕ ਗਲਪ ਸੰਸਾਰ ਵਿੱਚ ਪੇਸ਼ ਹੋਏ ਕਲਾ-ਯਥਾਰਥ ਨਾਲ ਹੈ। ਨਾਵਲ ਸਾਹਿਤ ਦਾ ਅਜਿਹਾ ਪ੍ਰਮੁੱਖ ਤੇ ਮਹੱਤਵਪੂਰਨ ਸਾਹਿਤ ਰੂਪ ਹੈ ਜਿਸ ਵਿੱਚ ਜੀਵਨ ਦੀ ਵਾਸਤਵਿਕਤਾ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ ਜਾਂ ਕੀਤਾ ਜਾਂਦਾ ਹੈ। ਨਾਵਲਕਾਰ ਆਪਣੇ ਆਲੇ-ਦੁਆਲੇ ਦੇ ਜੀਵਨ ਵਿੱਚ ਜੋ ਕੁਝ ਚੰਗਾ ਜਾਂ ਮਾੜਾ ਵਾਪਰਦਾ ਵੇਖਦਾ ਹੈ ਅਤੇ ਜੋ ਕੁਝ ਉਸ ਨੂੰ ਆਪਣੇ ਵਿਰਸ ਵਿੱਚ ਪ੍ਰਾਪਤ ਹੁੰਦਾ ਹੈ, ਉਸ ਸਾਰੇ ਕੁਝ ਨੂੰ ਆਪਣੀ ਸ਼ਖ਼ਸੀਅਤ ਦੇ ਵਿਲੱਖਣ ਦ੍ਰਿਸ਼ਟੀਕੋਣ ਦੁਆਰਾ ਨਾਵਲੀ-ਰਚਨਾ ਵਿੱਚ ਸਕਾਰ ਕਰਦਾ ਹੈ। ਇਸ ਪ੍ਰਗਟਾਅ ਦਾ ਮਾਧਿਅਮ ਪਲਾਟ, ਪਾਤਰ, ਵਾਰਤਾਲਾਪ, ਮੋਟਿਫ਼ ਅਤੇ ਭਾਸ਼ਾ ਆਦਿ ਬਣਦੇ ਹਨ।

ਨਾਵਲੀ-ਰਚਨਾ ਵਿੱਚ ਪ੍ਰਮੁੱਖ ਵਸਤੂ ਨਾਵਲ ਦਾ ਕਥਾ-ਜਗਤ ਅਥਵਾ ਕਹਾਣੀ ਹੁੰਦੀ ਹੈ। ਇਸ ਕਹਾਣੀ ਨੂੰ ਤਰਤੀਬ ਵਿੱਚ ਬੰਨ੍ਹ ਕੇ ਪਲਾਟ ਹੀ ਪੇਸ਼ ਕਰਦਾ ਹੈ। ਪਲਾਟ ਨਾਵਲੀ ਥੀਮ ਨੂੰ ਸੰਗਠਨ ਕਰਨ ਦਾ ਨਾਮ ਵੀ ਹੈ। ਕੁਝ ਲੋਕ ਕਹਾਣੀ ਨੂੰ ਹੀ ਪਲਾਟ ਕਹਿ ਦਿੰਦੇ ਹਨ ਕਿਉਂਕਿ ਨਾਵਲ ਵਿਆਪਕ-ਜੀਵਨ ਨਾਲ ਸਬੰਧਤ ਹੁੰਦਾ ਹੈ, ਇਸ ਲਈ ਬੁਨਿਆਦੀ ਤੌਰ 'ਤੇ ਇਹ ਯਥਾਰਥਕ ਸਾਹਿਤ ਹੈ। ਇਸ ਨਾਵਲੀ ਕਹਾਣੀ ਦਾ ਅਕਾਰ F.M.Forster ਅਨੁਸਾਰ 50000 ਸ਼ਬਦਾਂ ਦਾ ਜ਼ਰੂਰ ਹੋਣਾ ਚਾਹੀਦਾ ਹੈ। ਪ੍ਰਾਪਤ ਨਾਵਲਾਂ ਵਿੱਚ ਅਕਸਰ 50 ਤੋਂ 1000 ਪੰਨੇ ਤੱਕ ਦੇ ਅੰਕਾ ਵਾਲੇ ਨਾਵਲ ਮਿਲਦੇ ਹਨ। ਪਲਾਟ ਦੁਆਰਾ ਹੀ ਨਾਵਲੀ ਕਹਾਣੀ ਵਿੱਚ ਰੌਚਕਤਾ ਅਤੇ ਸਾਹਿਤਕਤਾ ਦਾ ਅੰਸ਼ ਆਉਂਦਾ ਹੈ। ਅਰਸਤੂ ਨੇ ਆਪਣੇ ਕਾਵਿ-ਸ਼ਾਸਤਰ 'The Poetics'ਵਿੱਚ ਪਲਾਟ ਨੂੰ ਬਹੁਤ ਮਹੱਤਵ ਦਿੱਤਾ ਹੈ। ਉਹ ਪਲਾਟ ਨੂੰ 'ਤ੍ਰਾਸਦੀ ਦੀ ਆਤਮਾ' ਦਾ ਨਾਂ ਦਿੰਦਾ ਹੈ।ਉਹ ਪਲਾਟ ਨੂੰ ਘਟਨਾਵਾਂ ਦੀ ਕਲਾਤਮਕ ਵਿਉਂਤਬੰਦੀ ਕਹਿੰਦਾ ਹੈ।ਉਹ ਅਜਿਹੇ ਪਲਾਟ ਨੂੰ ਤਰਜੀਹ ਦਿੰਦਾ ਹੈ, ਜੋ ਸੰਪੂਰਨ ਹੋਵੇ, ਅਰਥਾਤ ਜਿਸ ਦਾ ਇਕ ਨਿਸਚਿਤ ਅਰੰਭ ਹੋਵੇ, ਇਕ ਮੱਧ ਹੋਵੇ ਅਤੇ ਨਿਚਸਿਤ ਅੰਤ ਵੀ ਹੋਵੇ। ਉਹ ਪਲਾਟ ਦੀ ਏਕਤਾ ਨੂੰ ਇਸ ਦਾ ਇਕ ਜ਼ਰੂਰੀ ਗੁਣ ਮੰਨਦਾ ਹੈ। ਏਕਤਾ ਦਾ ਅਰਥ ਉਹ ਇਹ ਦੱਸਦਾ ਹੈ ਕਿ ਪਲਾਟ ਵਿੱਚੋਂ ਕਿਸੇ ਇਕ ਘਟਨਾ ਨੂੰ ਵੀ ਕੱਢ ਦਿੱਤਾ ਜਾਵੇ ਤਾਂ ਇਹ ਪੂਰੀ ਤਰ੍ਹਾਂ ਨਾਲ ਬਿਖਰ ਜਾਵੇ। ਅਰਸਤੂ ਨੇ ਪਲਾਟ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਹਨ:- ਇਕਹਿਰਾ ਪਲਾਟ ਅਤੇ ਗੁੰਝਲਦਾਰ ਪਲਾਟ।

ਭਾਰਤੀ ਵਿਦਵਾਨ ਦਾ ਕਹਿਣਾ ਹੈ ਕਿ ਪਲਾਟ ਨਾਵਲ ਦੀ ਰਚਨਾ ਦਾ ਮੂਲ ਅਧਾਰ ਹੁੰਦਾ ਹੈ। ਕਿਸੇ ਨਾਵਲ ਦਾ ਭੱਵਿਖ ਉਸ ਦਾ ਕਥਾਨਕ ਵਸਤੂ ਜਗਤ ਹੁੰਦਾ ਹੈ। ਪਲਾਟ ਦਾ ਅੰਗ ਇਸ ਦਾ ਸ਼ੈਲੀਗਤ ਨਿਰਮਾਣ ਵੀ ਹੁੰਦਾ ਹੈ। ਚੰਗੇ ਪਲਾਟ ਵਿੱਚ ਘਟਨਾਵਾਂ ਆਪਸ ਵਿੱਚ ਸੁਭਾਵਿਕ ਤੌਰ ’ਤੇ ਸਬੰਧਤ ਹੁੰਦੀਆਂ ਹਨ। ਨਾਵਲੀ ਪਲਾਟ ਦਾ ਇਕ ਮਹੱਤਵਪੂਰਨ ਗੁਣ, ਇਸ ਦਾ ਰੌਣਕ ਹੋਣਾ ਵੀ ਹੈ।

ਪੱਛਮੀ ਸਾਹਿਤ ਵਿੱਚ ਪਾਤਰ-ਉਸਾਰੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਰਿਹਾ ਹੈ। ਪ੍ਰਤੀਕ-ਕਥਾ, ਨੀਤੀ-ਕਥਾ, ਪਸ਼ੂ-ਕਥਾ ਆਦਿ ਵਿੱਚ ਪਾਤਰਾਂ ਦੀ ਸਿਰਜਣਾ ਹੁੰਦੀ ਰਹੀ ਹੈ। ਸਰ ਵਾਲਟਰ ਰੈਲੇ ਨੇ ਵੀ ਲਿਖਿਆ ਹੈ ਕਿ ਮਨੁੱਖ ਪੂਰੇ ਵਿਸ਼ਵ ਦੀ ਪ੍ਰਤੀਨਿਧਤਾ ਕਰਨ ਵਾਲਾ ਜੀਵ ਹੈ। ਨਾਵਲ ਵਿੱਚ ਪਾਤਰ ਹੀ ਘਟਨਾਵਾਂ ਸਿਰਜਦੇ ਜਾਂ ਭੋਗਦੇ ਹਨ। ਪਾਤਰ ਹੀ ਮਾਨਵ ਦੀ ਦੁੱਖ-ਸੁੱਖ ਭਰਪੂਰ ਕਹਾਣੀ ਨਾਲ ਸਬੰਧਤ ਹੁੰਦੇ ਹਨ। ਨਾਵਲ ਦਾ ਸਬੰਧ ਮਨੁੱਖੀ ਜ਼ਿੰਦਗੀ ਨਾਲ ਹੈ। ਇਸਲਈ ਕਿਸੇ ਵੀ ਉਪਨਿਆਸ ਦੇ ਪਾਤਰ ਜ਼ਿੰਦਗੀ ਵਿੱਚ ਆਮ ਮਿਲਦੇ ਪਾਤਰ ਹੋਣੇ ਚਾਹੀਦੇ ਹਨ। ਭਾਵ ਪਾਤਰ ਹੱਡ-ਮਾਸ ਦੇ ਜਿਊਂਦੇ-ਜਾਗਦੇ, ਦੁੱਖ-ਸੁੱਖ ਸਹਿਣ ਕਰਦੇ ਪਾਤਰ ਹੋਣੇ ਚਾਹੀਦੇ ਹਨ। ਪਾਤਰਾਂ ਦੀ ਅੰਤਰੀਵੀ ਸੋਚ ਅਤੇ ਬਾਹਰੀ ਲਿਬਾਸ ਵੀ ਜ਼ਿੰਦਗੀ ਵਿੱਚ ਮਿਲਦੇ ਮਨੁੱਖਾਂ ਵਾਲਾ ਹੋਣ ਚਾਹੀਦਾ ਹੈ, ਕਿਉਂਕਿ ਨਾਵਲਕਾਰ ਨੇ ਪਾਤਰਾਂ ਦੇ ਵਿੱਚਾਰਾਂ ਤੇ ਵਿਹਾਰਾਂ ਦਾ ਸਧਾਰਨੀਕਰਨ ਹੁੰਦਾ ਹੈ। ਨਾਵਲੀ ਪਾਤਰਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆਂ ਵਿੱਚ ਵੰਡਿਆ ਜਾਦਾਂ ਹੈ:- ਪੱਧਰੇ ਪਾਤਰ ਅਤੇ ਗੋਲ ਪਾਤਰ। ਨਾਵਲੀ ਕਾਰਜ ਪ੍ਰਕਿਰਿਆ ਵਿੱਚ ਪੱਧਰੇ ਪਾਤਰ ਵਧੇਰੇ ਸਫ਼ਲ ਨਹੀਂ ਰਹਿੰਦੇ ਸਗੋਂ ਵਿਕਾਸ ਕਰਦੇ ਸਥਿਤੀਆਂ ਅਨੁਸਾਰ ਬਦਲਦੇ ਪਾਤਰ ਵਧੇਰੇ ਸਫ਼ਲ ਰਹਿੰਦੇ ਹਨ। ਪਾਤਰ ਅਤੇ ਉਸਾਰੀ ਨੂੰ ਪੇਸ਼ ਕਰਦੇ ਸਮੇਂ ਨਾਵਲਕਾਰ ਇਸ ਗੱਲ ਦਾ ਖ਼ਾਸ ਧਿਆਨ ਰੱਖਦਾ ਹੈ ਕਿ ਉਸ ਦੇ ਪਾਤਰ ਸਮਾਜ ਵਿੱਚ ਪ੍ਰਾਪਤ ਮਨੁੱਖੀ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਕਰਦੇ ਹੋਣ। ਇਹ ਪ੍ਰਤੀਨਿਧਤਾ ਜੀਵਨ ਦੇ ਹਰ ਵਰਗ ਦੇ ਲੋਕਾਂ ਦੀ ਹੋਣੀ ਚਾਹੀਦੀ ਹੈ। ਵਿਦਵਾਨਾਂ ਦਾ ਵਿੱਚਾਰ ਹੈ ਕਿ ਨਾਵਲ ਵਿੱਚ ਪਾਤਰਾਂ ਦੀ ਪਾਤਰ ਉਸਾਰੀ ਸਜੀਵਤਾ, ਸਚਾਈ ਅਤੇ ਸੁਭਾਵਿਕਤਾ ਦੇ ਨਾਲ-ਨਾਲ ਇਕ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ। ਪਾਤਰ ਦੀ ਪ੍ਰਕਿਰਤੀ ਤੇ ਪ੍ਰਵਿਰਤੀ ਦੇ ਅਨੁਸਾਰ ਹੀ ਉਸ ਦਾ ਕਾਰਜ ਅਤੇ ਹੋਰ ਗੱਲਾਂ ਹੋਣੀਆਂ ਚਾਹੀਦੀਆਂ ਹਨ। ਪਾਤਰ ਉਸਾਰੀ ਦਾ ਇਕ ਮੁੱਖ ਕਰੱਤਵ ਇਹ ਹੈ ਕਿ ਉਹ ਪਲਾਟ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋ ਸਕੇ, ਕਿਉਂਕਿ ਪਲਾਟ ਦੀਆਂ ਨਿਜਿੰਦ ਘਟਨਾਵਾਂ ਨੂੰ ਪਾਤਰ ਹੀ ਇਕ ਲੜੀ ਵਿੱਚ ਜੋੜ ਕੇ ਸਜੀਵਤਾ ਦਾ ਅੰਸ਼ ਪ੍ਰਦਾਨ ਕਰਦੇ ਹਨ। ਪਾਤਰ ਅਤੇ ਪਾਤਰ ਉਸਾਰੀ ਦੀ ਦ੍ਰਿਸ਼ਟੀ ਤੋਂ ਨਾਵਲ ਵਿੱਚ ਪੁਰਾਤਨ ਪਾਤਰ ਅਤੇ ਅਜੋਕੇ ਪਾਤਰਾਂ ਦੀਆਂ ਸ਼੍ਰੇਣੀਆਂ ਵੀ ਵੇਖੀਆਂ ਜਾ ਸਕਦੀਆਂ ਹਨ।ਪਾਤਰ ਉਸਾਰੀ ਦੀ ਦ੍ਰਿਸ਼ਟੀ ਤੋਂ ਮਨੋਵਿਗਿਆਨਕ ਪਾਤਰ ਉਸਾਰੀ ’ਤੇ ਵਧੇਰੇ ਬਲ ਦੇਣਾ ਲੋੜੀਂਦਾ ਹੈ ਕਿਉਂਕਿ ਪਾਤਰ ਦਾ ਮਾਨਸਿਕ ਸੰਘਰਸ਼ ਅਥਵਾ ਮਾਨਸਿਕ ਕਾਰਜ ਹੀ, ਬਾਹਰਮੁਖੀ ਕਾਰਜ ਦਾ ਰੂਪ ਧਾਰਨ ਕਰਦਾ ਹੈ।

ਨਾਵਲ ਵਿੱਚ ਵਾਰਤਾਲਾਪ ਭਾਵੇਂ ਨਾਟਕ ਵਾਂਗ ਕੇਂਦਰੀ ਮਹਾਨਤਾ ਤਾਂ ਨਹੀਂ ਰੱਖਦੇ ਅਥਵਾ ਏਨੀ ਜ਼ਿਆਦਾ ਗਿਣਤੀ ਵਿੱਚ ਨਹੀਂ ਹੁੰਦੇ, ਫਿਰ ਵੀ ਨਾਟਕੀ ਬਣਤਰ ਵਿੱਚ ਇਨ੍ਹਾਂ ਦੀ ਆਪਣੀ ਵਿਸ਼ੇਸ਼ ਤੇ ਵਿਲੱਖਣ ਥਾਂ ਹੁੰਦੀ ਹੈ। ਵਾਰਤਾਲਾਪ ਜਾਂ ਸੰਵਾਦ ਨਾਵਲੀ ਘਟਨਾਵਾਂ ਨੂੰ ਸੁਭਾਵਿਕ ਰੂਪ ਵਿੱਚ, ਆਪਸ ਵਿੱਚ ਜੋੜਦੇ ਹਨ, ਨਾਵਲੀ ਕਥਾ ਨੂੰ ਗਤੀ ਬਖਸ਼ਦੇ ਹਨ, ਪਾਤਰਾਂ ਦੀ ਉਸਾਰੀ ਕਰਦੇ ਹਨ ਅਤੇ ਨਾਵਲੀ ਥੀਮ ਨੂੰ ਇਕ ਸੇਧ ਪ੍ਰਦਾਨ ਕਰਦੇ ਹਨ। ਜਿਹੜੇ ਸੰਵਾਦ ਇਨ੍ਹਾਂ ਲੋੜਾਂ ਦੀ ਪੂਰਤੀ ਨਹੀਂ ਕਰਦੇ, ਉਨ੍ਹਾਂ ਨੂੰ ਨਾਵਲੀ-ਜਗਤ ਵਿੱਚ ਸਫ਼ਲ ਸੰਵਾਦ ਨਹੀਂ ਮੰਨਿਆ ਜਾਂਦਾ ਸਗੋਂ ਅਜਿਹੇ ਅਰਥਹੀਣ ਸੰਵਾਦ ਨਾਵਲੀ ਰਚਨਾ ਦੇ ਮੁੱਲ ਨੂੰ ਘਟਾਉਂਦੇ ਹਨ। ਇਕ ਪੱਛਮੀ ਵਿਦਵਾਨ ਨਾਵਲੀ ਸੰਵਾਦ ਬਾਰੇ ਵਿੱਚਾਰ ਕਰਦਾ ਹੋਇਆ ਲਿਖਦਾ ਹੈ, ਭਾਵ ਇਹ ਕਿ ਵਾਰਤਾਲਾਪ ਦਾ ਮੁੱਖ ਕੰਮ ਇਕ ਸੰਗਠਨ ਪਲਾਟ ਦੀ ਉਸਾਰੀ ਕਰਨਾ ਅਤੇ ਪ੍ਰਤੱਖ ਜਾਂ ਅਪ੍ਰਤੱਖ ਨਾਲ ਨਾਟਕੀ ਥੀਮ ਦੀ ਵਿਆਖਿਆ ਕਰਨਾ ਅਤੇ ਪਾਤਰਾਂ ਦੀ ਯੋਗ ਵਿਆਖਿਆ ਕਰਨਾ ਹੁੰਦਾ ਹੈ।

ਵਿਦਵਾਨ ਆਲੋਚਕਾਂ ਦਾ ਵਿੱਚਾਰ ਹੈ ਕਿ ਨਾਵਲੀ ਰਚਨਾ ਦੇ ਵਾਰਤਾਲਾਪ ਬੜੇ ਸੁਭਾਵਿਕ ਹੋਣੇ ਚਾਹੀਦੇ ਹਨ। ਵਾਰਤਾਲਾਪ ਸਥਿਤੀ ਅਤੇ ਵਾਤਾਵਰਨ ਦੇ ਅਨੁਕੂਲ ਹੋਣੇ ਵੀ ਜ਼ਰੂਰੀ ਹਨ। ਨਾਵਲ ਵਿੱਚ ਸਜੀਵਤਾ ਅਤੇ ਇਸ ਦੇ ਕਥਾਨਕ ਦੀ ਸਜੀਵਤਾ ਸੁਭਾਵਿਕ ਅਤੇ ਸਮੇਂ ਅਨੁਸਾਰ ਯੋਗ ਵਾਰਤਾਲਾਪ ਦੀ ਵਰਤੋਂ ’ਤੇ ਨਿਰਭਰ ਕਰਦੀ ਹੈ। ਪਾਤਰਾਂ ਦੀ ਬੌਧਿਕ ਪੱਧਰ ਅਥਵਾ ਉਨ੍ਹਾਂ ਦੇ ਗਿਆਨ-ਪੱਧਰ ਦੇ ਅਨੁਸਾਰ ਹੀ ਵਾਰਤਾਲਾਪ ਹੋਣੇ ਚਾਹੀਦੇ ਹਨ। ਵਾਰਤਾਲਾਪ ਦਾ ਪ੍ਰਮੁੱਖ ਕੰਮ ਪਾਤਰਾਂ ਦੀ ਉਸਾਰੀ ਕਰਨਾ ਹੈ। ਕਿਸੇ ਵੀ ਨਾਵਲੀ ਰਚਨਾ ਵਿੱਚ ਅਸੰਗਤ ਵਾਰਤਾਲਾਪ ਸਾਰੇ ਪ੍ਰਭਾਵ ਨੂੰ ਨਸ਼ਟ ਕਰ ਦਿੰਦੇ ਹਨ,ਵਾਰਤਾਲਾਪਾਂ ਵਿੱਚ ਨਿੱਜੀ ਅਤੇ ਵਿਅਕਤੀਗਤ ਰੰਗਤ ਹੋਣੀ ਵੀ ਬਹੁਤ ਜ਼ਰੂਰੀ ਹੈ। ਇਹ ਸਾਰੇ ਅੰਸ਼ ਗਲਪ ਨੂੰ ਸੁਭਾਵਿਕ ਪ੍ਰਦਾਨ ਕਰਦੇ ਹਨ। ਵਾਰਤਾਲਾਪ ਜਾਂ ਸੰਵਾਦ ਦਾ ਇਕ ਪੱਖ ਮਨੋਵਿਗਿਆਨ ਨਾਲ ਵੀ ਸਬੰਧਤ ਹੈ। ਇਸ ਗੁਣ ਨਾਲ ਨਾਵਲੀ-ਰਚਨਾ ਨੂੰ ਕਲਾਤਮਿਕਤਾ ਦਾ ਅੰਸ਼ ਪ੍ਰਾਪਤ ਹੁੰਦਾ ਹੈ। ਅਰੰਭਕ ਕਾਲ ਦੇ ਨਾਵਲਾਂ ਵਿੱਚ ਮਨੋਵਿਗਿਆਨਕ ਸੰਵਾਦਾਂ ਦਾ ਅਭਾਵ ਨਹੀਂ ਹੈ। ਇਸਲਈ ਇਨ੍ਹਾਂ ਨਾਵਲਾਂ ਵਿੱਚੋਂ ਮਨੋਵਿਗਿਆਨਕ ਦ੍ਰਿਸ਼ਟੀ ਵੀ ਗਾਇਬ ਹੈ। ਆਰੰਭਕ ਕਾਲ ਦਾ ਨਾਵਲਕਾਰ ਵਾਰਤਾਲਾਪ ਰਚਣ ਸਮੇਂ ਕੇਵਲ ਪਲਾਟ ਦੇ ਵਿਕਾਸ ਨੂੰ ਹੀ ਸਾਹਮਣੇ ਰੱਖਦਾ ਸੀ। ਉਸ ਦੇ ਸਾਹਮਣੇ ਸੁਚੇਤ ਰੂਪ ਵਿੱਚ ਕਿਸੇ ਪਾਤਰ ਦੇ ਮਾਨਸਿਕ ਚਿਤਰਨ ਦਾ ਉਦੇਸ਼ ਨਹੀਂ ਸੀ ਹੁੰਦਾ। ਇਸਲਈ ਇਸ ਕਿਸਮ ਦੇ ਸੰਵਾਦ ਖੁਸ਼ਕ ਜਿਹੇ ਅਤੇ ਯੋਜਨਾ ਰਹਿਤ ਹੁੰਦੇ ਸਨ ਪਰ ਅੱਜ ਅਜਿਹਾ ਨਹੀਂ, ਅੱਜ ਨਾਵਲ ਰਚਨਾ ਵਿੱਚ ਵਾਰਤਾਲਾਪ ਦਾ ਮੁੱਖ ਮੰਤਵ ਸੂਖਮਤਾ ਦੇ ਭਾਵਾਂ ਨੂੰ ਸਕਾਰ ਕਰਨਾ ਹੈ। ਇਹ ਸੂਖਮਤਾ ਭਾਵੇਂ ਪਾਤਰ ਦੇ ਮਨ ਦੀ ਸੂਖਮਤਾ ਹੋਵੇ ਜਾਂ ਸਥਿਤੀ, ਘਟਨਾ ਜਾਂ ਵਾਤਾਲਾਪ ਦੀ ਹੋਵੇ। ਵਾਰਤਾਲਾਪ ਹੀ ਇਕ ਅਜਿਹਾ ਸਾਧਨ ਹੈ ਜਿਹੜਾ ਹਰ ਪ੍ਰਕਾਰ ਦੀ ਸੂਖਮਤਾ ਨੂੰ ਬਿਆਨ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਅਜੋਕੇ ਗਲਪ ਸਾਹਿਤ ਵਿੱਚ ਭਾਵੇਂ ਉਹ ਨਾਵਲ ਹੈ ਜਾਂ ਕਹਾਣੀ, ਵਾਰਤਾਲਾਪ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਹੀ ਰਚੇ ਜਾਂਦੇ ਹਨ ਅਤੇ ਇਹ ਜ਼ਰੂਰੀ ਵੀ ਹੋ ਗਿਆ ਹੈ।

ਆਧੁਨਿਕ ਕਾਲ ਵਿੱਚ ਨਾਵਲ ਦੇ ਉਦੇਸ਼ ਜਾਂ ਮੰਤਵ ਬਾਰੇ ਭਰਪੂਰ ਚਰਚਾ ਹੋ ਰਹੀ ਹੈ। ਨਾਵਲ ਦੀ ਅਧਿਕਤਰ ਆਲੋਚਨਾ ਇਸੇ ਨਾਵਲੀ ਤੱਤ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਇਸੇ ਤੱਤ ਨੂੰ ਨਾਵਲ ਦੀ ਫ਼ਿਲਾਸਫ਼ੀ, ਨਾਵਲਕਾਰ ਦਾ

ਦ੍ਰਿਸ਼ਟੀਕੋਣ ਅਤੇ ਸਮਕਾਲ ਚਿੰਤਨ ਦਾ ਨਾਂ ਵੀ ਦਿੱਤਾ ਜਾਂਦਾ ਹੈ। ਨਾਵਲ ਦਾ ਕੇਂਦਰੀ ਕਾਰਜ ਜੀਵਨ ਦੀ ਵਿਆਖਿਆ ਕਰਨੀ ਹੈ ਪਰ ਇਸ ਵਿਆਖਿਆ ਦੀ ਵਿਧੀ ਜਾਂ ਢੰਗ ਵਿੱਚੋਂ ਨਾਵਲਕਾਰ ਦਾ ਦ੍ਰਿਸ਼ਟੀਕੋਣ ਪ੍ਰਗਟ ਹੁੰਦਾ ਹੈ ਜਾਂ ਇਉਂ ਕਹਿ ਲਈਏ ਕਿ ਇਸ ਦ੍ਰਿਸ਼ਟੀਕੋਣ ਅਧੀਨ ਹੀ ਨਾਵਲਕਾਰ ਜੀਵਨ ਦੀ ਵਿਆਖਿਆ ਕਰਦਾ ਹੈ ਅਤੇ ਇਸੇ ਦੁਆਰਾ ਹੀ ਰਚਨਾ ਦੇ ਮੰਤਵਾਂ ਦੀ ਵਿਆਖਿਆ ਕਰਦਾ ਹੈ। ਇਸ ਨਾਵਲੀ ਤੱਤ ਬਾਰੇ ਆਲੋਚਕਾਂ ਦੇ ਆਪਣੇ-ਆਪਣੇ ਵਿੱਚਾਰ ਹਨ। ਡਾ. ਸਵਿੰਦਰ ਸਿੰਘ ਉੱਪਲ ਦੇ ਅਨੁਸਾਰ, "ਕੁਝ ਨਾਵਲਕਾਰ ਆਪਣੀ ਜੀਵਨ ਦਿੱਬ-ਦ੍ਰਿਸ਼ਟੀ ਕਿਸੇ ਸਿਧਾਂਤ ਨਾਲ ਬੱਝ ਕੇ ਲੱਭਦੇ ਹਨ। ਇੰਜ ਕਰਨ ਨਾਲ ਉਹਨਾਂ ਦੀ ਸ਼ਖ਼ਸੀਅਤ ਅਤੇ ਸੁਤੰਤਰ ਚਿੰਤਨ ਵਿਕਾਸ ਨਹੀਂ ਕਰ ਸਕਦੇ"।[9] ਉਪਰੋਕਤ ਸੰਕੇਤ ਉਨ੍ਹਾਂ ਨਾਵਲਕਾਰਾਂ ਲਈ ਹੈ ਜਿਹੜੇ ਕਿਸੇ ਸਿਧਾਂਤ ਦੇ ਅਧੀਨ ਚਲ ਕੇ ਨਾਵਲ ਲਿਖਦੇ ਹਨ। ਉਦਾਹਰਨ ਲਈ ਮਾਰਕਸਵਾਦੀ ਲੇਖਕ ਅਜਿਹੀਆਂ ਰਚਨਾਵਾਂ ਰਚਦੇ ਹਨ, ਪਰ ਇਸ ਤਰ੍ਹਾਂ ਜੀਵਨ ਦੀ ਸੰਪੂਰਨ ਫ਼ਿਲਾਸਫ਼ੀ ਪੇਸ਼ ਨਹੀਂ ਹੋ ਸਕਦੀ, ਨਾ ਹੀ ਰਚਨਹਾਰ ਦਾ ਸੁਤੰਤਰ ਵਿਅਕਤਿਤਵ। ਕਲਾ ਅਤੇ ਰਾਜਨੀਤੀ ਜਾਂ ਸਿਧਾਂਤ ਵੱਖਰੇ-ਵੱਖਰੇ ਵਿਸ਼ੇ ਹਨ। ਕਲਾ ਸਦੀਵੀ ਵਿਸ਼ਾ ਹੈ ਅਤੇ ਰਾਜਨੀਤੀ ਵਕਤੀ ਵਿਸ਼ਾ ਹੈ। ਪ੍ਰਸਥਿਤੀਆਂ ਅਤੇ ਵਕਤੀ ਲੋੜਾਂ ਅਨੁਸਾਰ ਸਿਧਾਂਤ ਬਦਲਦੇ ਰਹਿੰਦੇ ਹਨ। ਸਿਧਾਂਤ ਕਦੀ ਵੀ ਇਕਸਾਰ ਨਹੀਂ ਰਹਿੰਦੇ। ਇਸਲਈ ਨਾਵਲੀ ਉਦੇਸ਼ ਵੀ ਸੰਪੂਰਨ ਜ਼ਿੰਦਗੀ ਦੇ ਦਰਸ਼ਨ ਨੂੰ ਪੇਸ਼ ਕਰਨ ਵਾਲਾ ਹੋਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਨਾਵਲ ਵਿੱਚ ਖ਼ੁਦ-ਮੁਖ਼ਤਿਆਰੀ ਦਾ ਅੰਸ਼ ਆ ਜਾਵੇ, ਜਿਸ ਦੀ ਵਿਆਖਿਆ ਡਾ. ਜੋਗਿੰਦਰ ਸਿੰਘ ਰਾਹੀ ਨੇ ਇਸ ਤਰ੍ਹਾਂ ਕੀਤੀ ਹੈ, "ਨਾਵਲੀ ਜਗਤ ਦੀ ਖ਼ੁਦ-ਮੁਖ਼ਤਿਆਰੀ ਦੇ ਮੂਲ ਜਿਥੋਂ ਤੱਕ ਸ਼ਿਲਪ-ਦ੍ਰਿਸ਼ਟੀ ਦੇ ਰਚਨਾਤਮਕ ਕਾਰਜ ਵਿੱਚ ਨਿਹਿਤ ਹੈ, ਇਹ ਅਰਸਤੂ ਦੇ ਅਨੁਕਰਨ ਸਿਧਾਂਤ ਦਾ ਹੀ ਆਧੁਨਿਕ ਰੂਪਾਂਤਰਨ ਜਾਂ ਵਿਕਾਸ ਹੈ ਪ੍ਰੰਤੂ ਆਧੁਨਿਕ ਸਮੇਂ ਵਿੱਚ ਵਿਕਸਤ ਹੋਈ ਆਲੋਚਨਾ-ਪੱਧਤੀਆਂ ਵਿੱਚ ਇਸ ਦਾ ਤਰਕ ਉਸ ਨਾਲੋਂ ਭਿੰਨ ਹੋ ਗਿਆ ਹੈ"।[10] ਨਾਵਲ ਵਿੱਚ ਨਾਵਲੀ ਉਦੇਸ਼ ਵੀ ਕਾਇਨਾਤ ਵਾਂਗ ਸੁਤੰਤਰ ਅਤੇ ਸਰਬਕਾਲੀ ਹੋਣਾ ਚਾਹੀਦਾ ਹੈ। ਨਾਵਲ ਕੇਵਲ ਮਨ-ਪਰਚਾਵੇ ਦੀ ਵਸਤੂ ਨਹੀਂ ਸਗੋਂ ਜੀਵਨ ਦਾ ਆਲੋਚਨਾਤਮਕ ਅਧਿਐਨ ਹੈ ਅਤੇ ਇਸ ਅਧਿਐਨ ਵਿੱਚ ਨਾਵਲਕਾਰ ਦੀ ਦ੍ਰਿਸ਼ਟੀ ਸਮਾਈ ਹੋਈ ਹੁੰਦੀ ਹੈ। ਦ੍ਰਿਸ਼ਟੀਕੋਣ ਦੀਰਘ ਅਨੁਭਵ ਅਤੇ ਵਿਸ਼ਾਲ ਤਜਰਬੇ ਨਾਲ ਪ੍ਰਾਪਤ ਹੁੰਦਾ ਹੈ।

ਸ਼ੈਲੀ ਹਰ ਲੇਖਕ ਦੀ ਨਿੱਜੀ ਅਤੇ ਵੱਖਰੀ ਹੁੰਦੀ ਹੈ। ਇਸ ਨੂੰ ਮਾਂਗਵੇਂ ਕੋਟ-ਪੈਂਟ ਵਾਂਗ ਨਹੀਂ ਪਹਿਨਿਆ ਜਾ ਸਕਦਾ। ਜੇ ਸਾਰੇ ਨਾਵਲੀ-ਤੱਤ ਨੂੰ ਸੁਯੋਗ ਵਿਧੀ ਵਿੱਚ ਨਾ ਢਾਲਿਆ ਜਾਏ ਤਾਂ ਨਾਵਲੀ ਪ੍ਰਭਾਵ ਨਹੀਂ ਸਿਰਜਿਆ ਜਾ ਸਕਦਾ। ਸ਼ੈਲੀ ਸਾਰੇ ਤੱਤਾਂ ਨੂੰ ਅੰਤਰ-ਨਿਹਿਤ ਤੌਰ 'ਤੇ ਸੁਭਾਵਿਕ ਰੂਪ ਵਿੱਚ ਜੋੜਨ ਦਾ ਨਾਂ ਹੈ। ਨਾਵਲ ਕਈ ਪ੍ਰਕਾਰ ਦੀਆਂ ਸ਼ੈਲੀਆਂ ਵਿੱਚ ਲਿਖਿਆ ਜਾਂਦਾ ਹੈ ਜਿਵੇਂ ਪੱਤਰ ਸ਼ੈਲੀ, ਕਥਾ ਸ਼ੈਲੀ, ਆਤਮ-ਕਥਾ ਸ਼ੈਲੀ, ਡਾਇਰੀ ਸ਼ੈਲੀ ਆਦਿ।ਨਾਵਲਕਾਰ ਆਪਣੇ-ਆਪਣੇ ਢੰਗ ਅਥਵਾ ਸ਼ੈਲੀ ਨਾਲ ਆਪਣੀਆਂ ਨਾਵਲੀ ਰਚਨਾਵਾਂ ਦਾ ਅਰੰਭ ਕਰਦੇ ਹਨ। ਕਈ ਅੰਤ ਤੋਂ ਨਾਵਲ ਨੂੰ ਸ਼ੁਰੂ ਕਰਦੇ ਹਨ, ਕਈ ਮੱਧ ਤੋਂ ਸ਼ੁਰੂ ਕਰਦੇ ਹਨ ਅਤੇ ਕੁਝ ਅਰੰਭ ਤੋਂ ਹੀ ਕਹਾਣੀ ਸ਼ੁਰੂ ਕ ਦਿੰਦੇ ਹਨ। ਨਾਨਕ ਸਿੰਘ ਕਈ ਵਾਰ ਅੰਤ ਤੋਂ ਸ਼ੁਰੂ ਕਰਦਾ ਹੈ। ਸ਼ੈਲੀ ਨਾਵਲਕਾਰ ਦੀ ਨਿੱਜੀ ਵਸਤੂ ਹੈ। Style is a man (ਸ਼ੈਲੀ ਹੀ

ਮਨੁੱਖ ਹੈ) ਦੇ ਅਨੁਸਾਰ ਨਾਵਲੀ-ਸ਼ੈਲੀ ਵਿੱਚੋਂ ਉਸ ਨਾਵਲਕਾਰ ਦੀ ਸ਼ਖ਼ਸੀਅਤ ਨੂੰ ਪਹਿਚਾਣਿਆ ਜਾਂਦਾ ਹੈ। ਅਸਲੀ ਨਾਵਲੀ-ਕਥਾ ਦੇ ਹੇਠਾਂ ਨਾਵਲਕਾਰੀ ਦੀ ਆਪਣੀ ਸ਼ਖ਼ਸੀਅਤ ਵੀ ਵਿੱਚਰਦੀ ਰਹਿੰਦੀ ਹੈ। ਇਕ ਚੰਗਾ ਸ਼ੈਲੀਕਾਰ, ਨਾਵਲ ਲਿਖਾਰੀ ਨਾ ਤਾਂ ਨਾਵਲੀ ਕਥਾ ਵਿੱਚੋਂ ਸਪਸ਼ਟ ਰੂਪ ਵਿੱਚ ਪਾਠਕ ਦੇ ਸਾਹਮਣੇ ਆਉਂਦਾ ਹੈ ਅਤੇ ਨਾ ਹੀ ਆਪਣੀ ਰਚਨਾ ਵਿੱਚੋਂ ਅਲੋਪ ਰਹਿੰਦਾ ਹੈ। ਸੁਚੱਜਾ ਸ਼ੈਲੀਕਾਰ, ਬ੍ਰਹਿਮੰਡ ਵਿੱਚ ਵਿਆਪਕ ਪ੍ਰਭੂ ਵਾਂਗ ਹੈ ਜਿਹੜਾ ਹਰ ਸਮੇਂ, ਹਰ ਥਾਂ ਆਪਣੀ ਰਚਨਾ ਵਿੱਚ ਮੌਜੂਦ ਹੁੰਦਾ ਹੈ ਪਰ ਨਜ਼ਰ ਨਹੀਂ ਆਉਂਦਾ। ਨਾਵਲੀ ਸ਼ੈਲੀ ਵਿੱਚ ਨਿੱਜੀ ਛੋਹ ਦਾ ਤੱਤ ਹੋਣਾ ਜ਼ਰੂਰੀ ਹੈ। ਇਸ ਨਿੱਜੀ ਛੋਹ ਦੁਆਾ ਲੇਖਕ ਦੀ ਸ਼ਖ਼ਸੀਅਤ ਪਹਿਚਾਣੀ ਜਾਂਦੀ ਹੈ। ਟਾਲਸਟਾਇ, ਗੋਰਕੀ ਅਤੇ ਡਿਕਨਜ਼ ਵਰਗੇ ਨਾਵਲਕਾਰਾਂ ਦੀ ਸ਼ੈਲੀ ਬਾਕੀ ਨਾਵਲਾਂ ਅਤੇ ਨਾਵਲਕਾਰਾਂ ਨਾਲੋਂ ਭਿੰਨ ਹੀ ਨਹੀਂ ਸਗੋਂ ਇਹ ਉਨ੍ਹਾਂ ਦੀਆਂ ਸ਼ਖ਼ਸੀਅਤਾਂ ਦਾ ਅਨਿੱਖੜਵਾਂ ਅੰਗ ਹੈ। ਇਕ ਨਿਪੁੰਨ ਸ਼ੈਲੀਕਾਰ ਹੀ ਸਫ਼ਲ ਨਾਵਲ ਦੀ ਰਚਨਾ ਕਰ ਸਕਦਾ ਹੈ।

**ਬਲਦੇਵ ਸਿੰਘ ਜੀਵਨ ਅਤੇ ਵਿੱਦਿਆ:-**

ਬਲਦੇਵ ਸਿੰਘ ਦਾ ਜਨਮ ਪੰਜਾਬ ਅਤੇ ਰਾਜਸਥਾਨ ਦੀ ਸਰਹੱਦ ਉੱਤੇ ਵੱਸੇ ਪਿੰਡ ਅੱਚਾੜਿਕੀ ਵਿੱਚ 08.07.1943 (ਸਰਕਾਰੀ ਰਿਕਾਰਡ ਅਨੁਸਾਰ 11.12.1942) ਵਿੱਚ ਜ਼ਿੰਦਗੀ ਦੀਆਂ ਆਮ ਲੋੜਾਂ ਦੀਆਂ ਪੂਰਤੀਆਂ ਲਈ ਸੰਘਰਸ਼ ਕਰਦੇ ਇੱਕ ਪਰਿਵਾਰ ਵਿੱਚ ਮਾਤਾ ਸ਼੍ਰੀਮਤੀ ਬਚਿੰਤ ਕੌਰ ਜੀ ਦੀ ਕੁੱਖੋਂ ਹੋਇਆ। ਇਹਨਾਂ ਦੇ ਪਿਤਾ ਜੀ ਸ. ਹਰਦਿਆਲ ਸਿੰਘ ਜੀ ਨੇ ਪਰਿਵਾਰ ਦੀ ਰੋਜ਼ੀ-ਰੋਟੀ ਲਈ  ਪਿੰਡ ਵਿੱਚ ਹੀ ਰੂੰ-ਪਿੰਜਣ ਵਾਲਾ ਕਿੱਤਾ ਅਪਣਾ ਕੇ ਸਖ਼ਤ ਮਿਹਨਤ ਕੀਤੀ। ਬਲਦੇਵ ਸਿੰਘ ਨੇ ਬਚਪਨ ਦੀਆਂ ਕਿਲਕਾਰੀਆਂ ਮੋਗਾ ਜ਼ਿਲ੍ਹਾ ਦੇ ਪਿੰਡ ਚੰਦ ਪੁਰਾਣਾ ਅਤੇ ਚੰਦ ਨਵਾਂ ਦੀਆਂ ਗਲੀਆਂ ਵਿੱਚ ਆਪਣੇ ਬਚਪਨ ਦੇ ਦੋਸਤਾਂ ਨਾਲ ਮਾਰੀਆਂ। ਬਲਦੇਵ ਸਿੰਘ ਨੂੰ ਬਚਪਨ ਵਿੱਚ ਹੀ, ਰੋਜ਼ੀ-ਰੋਟੀ ਦੇ ਵਸੀਲੇ ਲਈ ਸੰਘਰਸ਼ ਕਰ ਰਹੇ ਆਪਣੇ ਪਿਤਾ ਜੀ ਨਾਲ ਕੰਮ ਵਿੱਚ ਹੱਥ ਵਟਾਉਣਾ ਪੈਂਦਾ ਸੀ ਜਿਸ ਨਾਲ ਉਹਨਾਂ ਦੇ ਮੱਥੇ ਦੀਆਂ ਲਕੀਰਾਂ ਵਿੱਚਲੀ ਮਿਹਨਤ ਨਾਂ ਦੀ ਲਕੀਰ ਬਚਪਨ ਤੋਂ ਹੀ ਰੰਗੀ ਗਈ ਜੋ ਸਮਕਾਲ ਸਮੇਂ ਤੱਕ ਹੋਰ ਗੂੜ੍ਹੀ ਹੁੰਦੀ ਗਈ।

ਬਲਦੇਵ ਸਿੰਘ ਨੇ ਆਪਣੀ ਪੜ੍ਹਾਈ ਦੀਆਂ ਪਹਿਲੀਆਂ ਚਾਰ ਜਮਾਤਾਂ ਆਪਣੇ ਪਿੰਡ ਚੰਦ ਪੁਰਾਣਾ ਤੋਂ ਪਾਸ ਕੀਤੀਆਂ ਅਤੇ ਅਗਲੇਰੀ ਪੜ੍ਹਾਈ ਲਈ ਨਾਲ ਦੇ ਪਿੰਡ ਚੰਦ ਨਵਾਂ ਦੇ ਮਿਡਲ ਸਕੂਲ ਵਿੱਚ ਦਾਖਲਾ ਲੈ ਲਿਆ। ਇਸ ਦਾ ਕਾਰਨ ਉਸਦੀ ਵੱਡੀ ਭੈਣ ਅਮਰ ਕੌਰ ਦਾ ਇਸ ਸਕੂਲ ਵਿੱਚ ਪੜ੍ਹਨਾ ਸੀ। ਉਹ ਇਸ ਸਕੂਲ ਆਪਣੀ ਭੈਣ ਅਤੇ ਪਿੰਡ ਦੇ ਕੁਝ ਹੋਰ ਬੱਚਿਆਂ ਨਾਲ ਪੈਦਲ ਹੀ ਜਾਂਦਾ ਸੀ। ਉਸ ਸਮੇਂ ਦੀਆਂ ਯਾਦਾਂ ਨੂੰ ਆਪਣੀ ਸਵੈ-ਜੀਵਨੀ ਵਿੱਚ ਸਾਡੇ ਨਾਲ ਸਾਂਝੀਆਂ ਕਰਦਾ ਹੋਇਆ ਇਸ ਤਰ੍ਹਾਂ ਬਿਆਨ ਕਰਦਾ ਹੈ:-

> "ਅਸੀਂ ਤੁਰ ਕੇ ਜਾਂਦੇ ਹੁੰਦੇ ਸਾਂ। ਮਾਂ ਪਰੌਂਠੇ ਪਕਾ ਕੇ ਪੋਣੇ ਵਿੱਚ
> ਬੰਨ੍ਹ ਕੇ ਦਿੰਦੀ ਹੁੰਦੀ ਸੀ। ਅੱਧੀ ਛੁੱਟੀ ਵੇਲੇ ਟਾਹਲੀਆਂ ਦੀ ਛਾਵੇਂ
> ਬੈਠ ਕੇ ਜਦੋਂ ਸਾਰੇ ਜਣੇ ਅਸੀਂ ਰੋਟੀਆਂ ਖਾਂਦੇ, ਉਦੋਂ ਇੱਕ ਦੂਸਰੇ ਨੂੰ

ਪੁੱਛਦੇ, ਤੂੰ ਆਚਾਰ ਲੈਣੇ? ਸਬਜ਼ੀ ਤਾਂ ਕਦੇ-ਕਦੇ ਹੀ ਹੁੰਦੀ। ਪਰ
ਜਿਹੜਾ ਸੁਆਦ ਪੋਣੇ 'ਚ ਬੰਨ੍ਹੀ ਰੋਟੀ ਖੋਹਲ ਕੇ ਖਾਣ 'ਚ ਆਉਂਦਾ
ਉਹ ਸੁਆਦ ਬਾਅਦ ਵਿੱਚ ਵੱਡੇ ਤੋਂ ਵੱਡੇ ਹੋਟਲ ਵਿੱਚ ਖਾਣਾ ਖਾ ਕੇ
ਵੀ ਨਹੀਂ ਆਇਆ।"[11]

ਬਲਦੇਵ ਸਿੰਘ ਨੇ ਮੈਟ੍ਰਿਕ ਇਸੇ ਸਕੂਲ ਵਿੱਚੋਂ ਪਾਸ ਕੀਤੀ। ਉਹ ਪੜ੍ਹਾਈ ਵਿੱਚ ਆਮ ਬੱਚਿਆਂ ਵਾਂਗ ਸਾਧਾਰਨ ਹੀ ਸੀ। ਉਸਦੀ ਹਿਸਾਬ, ਜੁਗਰਾਫ਼ੀ ਵਿੱਚ ਕੋਈ ਰੁਚੀ ਨਹੀਂ ਸੀ। ਉਹ ਆਪਣੀ ਸਵੈ-ਜੀਵਨੀ ਵਿੱਚ ਲਿਖਦਾ ਹੈ:-

"1958 ਵਿੱਚ ਮੈਂ ਦੱਸਵੀਂ ਦਾ ਇਮਤਿਹਾਨ ਪਾਸ ਤਾਂ ਕਰ ਲਿਆ
ਪਰ ਪੁਜੀਸ਼ਨ ਵਿੱਚ ਕੋਈ ਮਾਅਰਕਾ ਨਾ ਮਾਰ ਸਕਿਆ। ਨਾ
ਹੀ ਮੈਨੂੰ ਕੋਈ ਆਸ ਸੀ ਕਿਉਂਕਿ ਪੜ੍ਹਾਈ ਵਿੱਚ ਸਦਾ
ਕਮਜ਼ੋਰ ਰਿਹਾ ਹਾਂ। ਹਿਸਾਬ, ਜੁਗਰਾਫ਼ੀਆਂ ਵਿੱਚ ਮੇਰੀ ਕੋਈ ਰੁਚੀ
ਨਹੀਂ ਸੀ ਹੁੰਦੀ। ਪੰਜਾਬੀ ਤੇ ਇਤਿਹਾਸ ਦੀਆਂ ਪਾਠ-ਪੁਸਤਕਾਂ ਬੜੇ
ਚਾਅ ਨਾਲ ਪੜ੍ਹਦਾ ਹੁੰਦਾ ਸਾਂ।"[12]

ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਚੇਰੀ ਵਿੱਦਿਆ ਲਈ ਡੀ. ਐੱਮ. ਕਾਲਜ ਮੋਗਾ ਵਿਖੇ ਦਾਖਲਾ ਲੈ ਲਿਆ। ਬੀ. ਏ. ਕਰਨ ਤੋਂ ਬਾਅਦ ਬੀ. ਐੱਡ. ਦੀ ਡਿਗਰੀ ਇਸੇ ਕਾਲਜ ਦੀ ਸ਼ਾਖਾ ਤੋਂ ਕੀਤੀ। ਕਾਲਜ ਦੇ ਦਿਨਾਂ ਦੌਰਾਨ ਉਹਨਾਂ ਦਾ ਮੇਲ ਮਿਲਾਪ ਪ੍ਰੋ. ਕਿਰਪਾਲ ਸਾਗਰ ਜੀ ਨਾਲ ਵਧਿਆ। ਜਿਹਨਾਂ ਨੇ ਬਲਦੇਵ ਸਿੰਘ ਵਿੱਚ ਸਾਹਿਤਕ ਰੁਚੀ ਪੈਦਾ ਕਰਦਿਆਂ ਉਹਨਾਂ ਦੀ ਪਹਿਲੀ ਕਹਾਣੀ 'ਅਧੂਰਾ ਸੁਪਨਾ' ਲਿਖਣ ਵਿੱਚ ਸਹਿਯੋਗ ਦਿੱਤਾ। ਇਹ ਕਹਾਣੀ ਕਾਲਜ ਦੇ ਮੈਗਜ਼ੀਨ ਵਿੱਚ ਵੀ ਛਪੀ। ਇਸ ਕਹਾਣੀ ਨਾਲ ਉਹਨਾਂ ਨੂੰ ਕਾਫ਼ੀ ਪ੍ਰਸ਼ੰਸਾ ਮਿਲੀ। ਜਿਸ ਦੇ ਸਿੱਟੇ ਵਜੋਂ ਇੱਕ ਲੇਖਕ ਦੇ ਤੌਰ 'ਤੇ ਉਹਨਾਂ ਵਿੱਚ ਆਤਮ ਵਿਸ਼ਵਾਸ਼ ਪੈਦਾ ਹੋਇਆ ਅਤੇ ਉਹਨਾਂ ਨੇ ਛੋਟੀਆਂ-ਛੋਟੀਆਂ ਕਹਾਣੀਆਂ ਲਿਖ ਕੇ ਆਪਣੇ ਸਾਹਿਤਕ ਜੀਵਨ ਦੀ ਸ਼ੁਰੂਆਤ ਕੀਤੀ। ਬੀ. ਐੱਡ. ਕਰਦੇ ਸਮੇਂ ਉਹਨਾਂ ਨੂੰ ਕਾਲਜ ਦੇ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਦਾ ਐਡੀਟਰ ਬਣਾਇਆ ਗਿਆ। ਇਸ ਜ਼ਿੰਮੇਵਾਰੀ ਨੇ ਉਹਨਾਂ ਨੂੰ ਸਾਹਿਤ ਪ੍ਰਤੀ ਹੋਰ ਸੁਹਿਰਦ ਬਣਾਇਆ। ਇਸੇ ਸਮੇਂ ਦੌਰਾਨ ਹੀ ਉਹਨਾਂ ਦੀ ਮੁਲਾਕਾਤ ਡਾ. ਆਤਮ ਹਮਰਾਹੀ ਜੀ ਨਾਲ ਹੋਈ। ਜਿਹਨਾਂ ਦੀ ਬਦੌਲਤ ਬਲਦੇਵ ਸਿੰਘ ਨੂੰ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਿਆ। ਬੀ. ਐੱਡ. ਦੀ ਡਿਗਰੀ ਕਰਨ ਤੋਂ ਬਾਅਦ ਘਰ ਦੀ ਆਰਥਕ ਪੱਖੋਂ ਮੱਦਦ ਕਰਨ ਲਈ ਪ੍ਰਾਈਵੇਟ ਨੌਕਰੀ ਕੀਤੀ। ਬੀ. ਐੱਡ. ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਉਹ ਮੁਕਤਸਰ ਜ਼ਿਲ੍ਹੇ ਦੇ ਪਿੰਡ ਝੁਰੜ ਵਿਖੇ ਈ. ਟੀ. ਟੀ. ਦੀ ਆਸਾਮੀ ਉੱਤੇ ਅਧਿਆਪਕ ਜਾ ਲੱਗਿਆ। ਉਸ ਨੂੰ ਇੱਥੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਹਨਾਂ ਸਮੱਸਿਆਵਾਂ ਦੇ ਝਰੋਖੇ ਵਿੱਚੋਂ ਪ੍ਰਾਪਤ ਤਜ਼ਰਬਿਆਂ ਨੂੰ ਆਪਣੀ ਜ਼ਿੰਦਗੀ ਦੇ ਅਤੁੱਟ ਅੰਗ ਵਜੋਂ ਪਰਵਾਨ ਕਰਦਾ ਇਹਨਾਂ ਤਜ਼ਰਬਿਆਂ ਬਾਰੇ ਲਿਖਦਾ ਹੈ:-

"ਨਵਾਂ ਥਾਂ, ਨਵੇਂ ਅਨੁਭਵ, ਘਰੋਂ ਇੰਨਾਂ ਸਮਾਂ ਦੂਰ ਰਹਿਣ ਦਾ

ਪਹਿਲਾ ਮੌਕਾ ਬੜਾ ਅਜੀਬ ਲਗਦਾ ਸੀ ਉਦੋਂ ਕੱਚੇ ਰਾਹ ਹੁੰਦੇ ਸਨ, ਰੇਤਲੇ। ਸਕੂਲ ਵਿੱਚ ਜ਼ਰਾ ਕੁ ਹਵਾ ਵਗਣੀ, ਰੇਤੇ ਨਾਲ ਭਰ ਜਾਣਾ। ਇੱਥੇ ਮੈਂ ਡੇਢ ਸਾਲ ਰਿਹਾ। ਕੁਝ ਨਾ ਲਿਖ ਸਕਿਆ। ਫਿਰ ਜ਼ਿੰਦਗੀ ਵਿੱਚ ਕੁਝ ਅਜਿਹੀ ਘਟਨਾ ਵਾਪਰੀ ਮੈਂ ਝੁਰੜ ਛੱਡ ਕੇ, ਘਰ ਦੱਸੇ ਬਿਨਾਂ ਹੀ ਸ਼ਿਮਲੇ ਚਲਾ ਗਿਆ। ਉਦੋਂ ਸਿੱਖਿਆ ਮਹਿਕਮੇ ਵਿੱਚ ਸ. ਪ੍ਰੇਮ ਸਿੰਘ ਹੁੰਦੇ ਸਨ। ਉਹਨਾਂ ਨੂੰ ਮਿਲਿਆ -ਕਿਹਾ ਮੈਂ ਇੱਥੇ ਨੌਕਰੀ ਕਰਨਾ ਚਾਹੁੰਦਾ ਹਾਂ। ਉਹਨਾਂ ਕਿਹਾ, ਆਉਂਦੇ ਬਹੁਤ ਨੇ , ਅਪਾਇੰਟਮੈਂਟ ਲੈਟਰ ਵੀ ਲੈ ਜਾਂਦੇ ਨੇ, ਜੁਆਇਨ ਕੋਈ ਨਹੀਂ ਕਰਦਾ।"[13]

ਝੁਰੜ ਦੀ ਨੌਕਰੀ ਛੱਡਣ ਤੋਂ ਬਾਅਦ ਬਲਦੇਵ ਸਿੰਘ 1965 ਈ. ਵਿੱਚ ਜੁਖਾਲੇ ਪਿੰਡ ਸ਼ੋਸ਼ਲ ਸਟੱਡੀਜ਼ ਦਾ ਅਧਿਆਪਕ ਜਾ ਲੱਗਿਆ। ਬਲਦੇਵ ਸਿੰਘ ਨੂੰ ਬਚਪਨ ਤੋਂ ਹੀ ਮਿਹਨਤ ਕਰਨ ਦੀ ਆਦਤ ਸੀ। ਇੱਥੇ ਵੀ ਪਹਾੜੀ ਤੰਗ ਰਸਤਿਆਂ ਵਿੱਚੋਂ ਲੰਘ ਕੇ ਸਕੂਲ ਵਿੱਚ ਜਾ ਕੇ ਮਿਹਨਤ ਨਾਲ ਪੜ੍ਹਾਉਂਦਾ। ਅਧਿਆਪਨ ਦੇ ਕਿੱਤੇ ਦੇ ਨਾਲ-ਨਾਲ ਉਹਨਾਂ ਨੇ ਆਪਣੀ ਸਾਹਿਤਕ ਚੇਟਕ ਨੂੰ ਵੀ ਜਾਰੀ ਰੱਖਿਆ। ਜੁਖਾਲੇ ਤੋਂ ਬੋਗਧਾਰ ਦਾ ਤਬਾਦਲਾ ਹੋਣ ਤੇ ਤਿੰਨ ਮਹੀਨੇ ਬਰਫ ਨਾਲ ਤ੍ਰਿਪ-ਤ੍ਰਿਪ ਕਰਦੇ ਆਰਜ਼ੀ ਤੰਬੂ ਥੱਲੇ ਰਾਤਾਂ ਗੁਜ਼ਾਰੀਆਂ। ਮਨ ਨਾ ਲੱਗਣ ਤੇ ਇਸ ਨੌਕਰੀ ਤੋਂ ਵੀ ਅਸਤੀਫਾ ਦੇ ਕੇ ਫਰਵਰੀ 1969 ਵਿੱਚ ਜ਼ਿੰਦਗੀ ਦੇ ਚੰਗੇਰੇ ਭਵਿੱਖ ਦੀਆਂ ਆਸਾਂ ਸਮੋਈ ਕਲਕੱਤੇ ਮਹਾਂਨਗਰ ਚਲਾ ਗਿਆ। ਇਸ ਮਹਾਂਨਗਰ ਵਿੱਚ ਉਸ ਨੂੰ ਜ਼ਿੰਦਗੀ ਦੇ ਸਭ ਤੋਂ ਕੌੜੇ ਤਜ਼ਰਬਿਆਂ ਵਿੱਚੋਂ ਦੀ ਗੁਜ਼ਰਨਾ ਪਿਆ। ਇੱਥੇ ਉਸ ਨੇ ਕਲੀਨਰ ਤੋਂ ਲੈ ਕੇ ਡਰਾਈਵਰ ਦੀ ਨੌਕਰੀ ਕੀਤੀ। ਰਾਤ ਵੇਲੇ ਕਿਰਾਏ ਦੇ ਮੰਜੇ ਤੇ ਬਿਨਾਂ ਛੱਤ ਵਾਲੇ ਕਮਰੇ ਹੇਠ ਰਾਤਾਂ ਗੁਜ਼ਾਰੀਆਂ। ਕਈਆਂ ਨੇ ਉਸ ਨੂੰ ਉਸ ਦੇ ਆਪਣੇ ਕਿੱਤੇ ਭਾਵ ਅਧਿਆਪਨ ਲਈ ਪ੍ਰੇਰਨਾ ਦਿੱਤੀ ਅਤੇ ਕਈਆਂ ਨੇ ਮਾਸਟਰੀ ਛੱਡ ਕੇ ਕਲੱਕਤੇ ਆ ਕੇ ਤੰਗੀਆਂ ਭਰੇ ਜੀਵਨ ਬਤੀਤ ਕਰਨ ਲਈ ਮਜ਼ਾਕ ਵੀ ਕੀਤੇ। ਜਿਵੇਂ :-

"ਮਾਸਟਰੀ ਛੱਡ ਕੇ ਆ ਗਿਆ, ਕੋਈ ਕੁੜੀ ਛੇੜ ਲਈ ਹੋਊ...... ਜਾਂ ਪੱਖੇ ਹੇਠਾਂ ਰੰਗ-ਬਰੰਗੀਆਂ ਕੁੜੀਆਂ ਵਿੱਚ ਤੈਥੋਂ ਬੈਠਿਆ ਨੀ ਗਿਆ ਮਾਸਟਰਾ! ਹੁਣ ਖਾਈ ਚੱਲ ਸਾਡੇ ਵਾਗੂੰ ਧੱਕੇ। ਅਸੀਂ ਤਾਂ ਅਨਪੜ੍ਹ, ਮੂਰਖ ਹੈਗੇ ਹੀ ਆਂ, ਆਹ ਪੜ੍ਹਿਆ ਲਿਖਿਆ ਮੂਰਖ ਬਣਿਆ ਬੈਠਾ।"[14]

ਪਰ ਉਸ ਨੇ ਇਹਨਾਂ ਗੱਲਾਂ ਦੀ ਪਰਵਾਹ ਕੀਤੇ ਬਿਨਾਂ ਆਪਣੇ ਨਵੇਂ ਅਪਣਾਏ ਕਿੱਤੇ ਪ੍ਰਤੀ ਆਪਣੀ ਮਿਹਨਤ ਅਤੇ ਲਗਨ ਜਾਰੀ ਰੱਖੀ। ਜਿਸ ਦੀ ਬਦੌਲਤ ਉਹ ਤਿੰਨ ਕੁ ਮਹੀਨੇ ਵਿੱਚ ਚੰਗਾ ਡਰਾਈਵਰ ਬਣ ਗਿਆ। ਉਸ ਨੂੰ ਪਰਿਵਾਰ ਵੱਲੋਂ ਵੀ ਸਮੇਂ-ਸਮੇਂ ਤੇ ਵਿੱਤੀ ਸਹਾਇਤਾ ਮਿਲਦੀ ਰਹਿੰਦੀ। ਪਰਿਵਾਰ ਵੱਲੋਂ ਦਿੱਤੇ ਸਾਥ ਕਾਰਨ ਉਸ ਨੇ ਜਲਦੀ ਹੀ ਇੱਕ ਨਵੀਂ

ਟੈਕਸੀ ਖਰੀਦ ਲਈ, ਜਿਸ ਕਰਕੇ ਉਸਦਾ ਹੱਥ ਆਰਥਕ ਪੱਖੋਂ ਕੁਝ ਸੌਖਾ ਹੋ ਗਿਆ। ਉਹ ਇਸ ਟੈਕਸੀ ਵਾਲੇ ਕਿੱਤੇ ਨੂੰ ਲੱਗਭਗ 3-4 ਸਾਲ ਕਰਦਾ ਰਿਹਾ। ਇਸ ਤੋਂ ਮਗਰੋਂ ਉਸ ਨੇ ਇੱਕ ਪੁਰਾਣਾ ਟਰੱਕ ਖਰੀਦ ਲਿਆ ਜਿਸ ਨੂੰ ਉਹ ਕਲਕੱਤੇ ਤੋਂ ਗੁਹਾਟੀ ਤੱਕ ਚਲਾਉਂਦਾ ਸੀ। ਕੁਝ ਚਿਰ ਬਾਅਦ ਹੀ ਉਸ ਨੇ ਇੱਕ ਹੋਰ ਟਰੱਕ ਖਰੀਦ ਕੇ ਉਸ ਵਿੱਚ ਤੇਲ ਟੈਂਕਰ ਫਿੱਟ ਕਰਵਾ ਲਿਆ। ਇਸ ਤਰ੍ਹਾਂ ਉਸ ਦਾ ਕੰਮ ਬਹੁਤ ਵਧ ਗਿਆ ਜਿਸ ਕਾਰਨ ਉਹ ਆਰਥਕ ਪੱਖੋਂ ਮਜ਼ਬੂਤ ਹੋਣ ਲੱਗਾ। ਹੁਣ ਉਹ ਆਪਣੀ ਬਚੱਤ ਵਿੱਚੋਂ ਸਮੇਂ-ਸਮੇਂ ਤੇ ਪੈਸੇ ਘਰ ਵੀ ਭੇਜਣ ਲੱਗਾ। ਇਹ ਆਰਥਕ ਖੁਸ਼ਹਾਲੀ ਵੀ ਉਸ ਦੇ ਮਨ ਦੀ ਬੇਚੈਨੀ ਨੂੰ ਰੋਕ ਨਾ ਸਕੀ। ਉਸ ਨੂੰ ਸ਼ਿਮਲੇ ਦੇ ਪਹਾੜਾਂ ਵਿੱਚ ਬਿਤਾਏ ਦਿਨਾਂ ਦੀਆਂ ਯਾਦਾਂ ਬਹੁਤ ਆਉਂਦੀਆਂ। ਉਸ ਨੂੰ ਆਪਣੇ ਵੱਲੋਂ ਲਏ ਗਏ ਫੈਸਲਿਆਂ ਉੱਤੇ ਹਾਸਾ ਵੀ ਆਉਂਦਾ ਤੇ ਹੈਰਾਨਗੀ ਵੀ। ਇਹਨਾਂ ਫੈਸਿਲਆਂ ਬਾਰੇ ਉਸ ਦੇ ਆਪਣੇ ਵਿੱਚਾਰ ਕੁਝ ਇਸ ਤਰ੍ਹਾਂ ਹਨ:-

" ਅੱਜ ਤੱਕ ਜਿੰਨੇ ਵੀ ਫੈਸਲੇ ਲਏ ਹਨ, ਜੂਆ ਖੇਡਣ ਵਾਲਿਆਂ
ਵਾਂਗ ਆਪਣੇ ਆਪ ਨੂੰ ਦਾਅ ਉੱਪਰ ਹੀ ਲਾਇਆ ਹੈ।"[15]

ਮਿਹਨਤ ਸਦਕਾ ਉਹ ਆਰਥਕ ਪੱਖੋਂ ਦਿਨੋਂ ਦਿਨ ਮਜ਼ਬੂਤ ਹੁੰਦਾ ਗਿਆ। ਇਸ ਲਈ ਕਲਕੱਤੇ ਵਿੱਚ ਆਪਣਾ ਇੱਕ ਮਕਾਨ ਖਰੀਦ ਲਿਆ। ਮਕਾਨ ਖਰੀਦਣ ਤੋਂ ਬਾਅਦ ਉਸ ਦੀ ਪਤਨੀ ਕੁਲਜੀਤ ਅਤੇ ਉਸ ਦੇ ਦੋ ਲੜਕੇ ਉਸ ਨਾਲ ਕਲਕੱਤੇ ਵਿਖੇ ਹੀ ਰਹਿਣ ਲੱਗ ਪਏ ਅਤੇ ਵੱਡਾ ਲੜਕਾ ਪੰਜਾਬ ਵਿੱਚ ਹੀ ਆਪਣੇ ਦਾਦਾ-ਦਾਦੀ ਅਤੇ ਚਾਚਾ ਗੁਰਮੇਲ ਸਿੰਘ ਜੀ ਕੋਲ ਰਿਹਾ। ਪਰ ਬਲਦੇਵ ਸਿੰਘ ਜੀ ਦਾ ਹਮੇਸ਼ਾ ਪੰਜਾਬ ਵਿੱਚ ਆਪਣੇ ਮਾਤਾ-ਪਿਤਾ ਜੀ ਕੋਲ ਆ ਕੇ ਰਹਿਣ ਨੂੰ ਜੀਅ ਕਰਦਾ। ਇਸੇ ਮਾਤਾ-ਪਿਤਾ ਜੀ ਪ੍ਰਤੀ ਦਿਲੀ ਖਿੱਚ ਸਦਕਾ ਉਸ ਨੇ ਪੰਜਾਬ ਵਿੱਚਲੇ ਮੋਗਾ ਜ਼ਿਲ੍ਹਾ ਵਿਖੇ 1982 ਈ. ਵਿੱਚ ਕਲਕੱਤਾ ਪ੍ਰਿੰਟਿੰਗ ਪ੍ਰੈਸ ਲਾ ਲਈ ਪਰ ਆਪ ਆਪਣੇ ਕਲਕੱਤਾ ਵਿੱਚਲੇ ਕੰਮ ਦੀ ਦੇਖ ਰੇਖ ਲਈ ਕਲਕੱਤਾ ਵਾਪਸ ਚਲਾ ਗਿਆ। ਕੁਝ ਸਮੇਂ ਬਾਅਦ ਪੰਜਾਬ ਦੇ ਵਿਗੜਦੇ ਹਲਾਤਾਂ ਨੇ ਉਸ ਨੂੰ ਪੰਜਾਬ ਮੁੜਨ ਲਈ ਮਜ਼ਬੂਰ ਕਰ ਦਿੱਤਾ। ਇੰਦਰਾ ਗਾਂਧੀ ਦੀ ਮੌਤ ਪਿੱਛੋਂ 1984 ਈ. ਵਿੱਚ ਭਾਰਤ ਵਿੱਚ ਸਿੱਖ ਵਿਰੋਧੀ ਦੰਗੇ ਹੋਣ ਲੱਗੇ। ਅਜਿਹੇ ਦੰਗੇ ਕਲਕੱਤੇ ਵਿਖੇ ਵੀ ਹੋਏ ਪਰ ਪੰਜਾਬ ਵਿੱਚ ਆਪਣੇ ਪਰਿਵਾਰ ਪ੍ਰਤੀ ਚਿੰਤਾ ਕਾਰਨ ਉਸਨੇ ਆਪਣੀ ਪਤਨੀ ਨੂੰ ਪੰਜਾਬ ਭੇਜ ਦਿੱਤਾ ਅਤੇ ਆਪ ਆਪਣੇ ਬੇਟੇ ਦੇ ਦੱਸਵੀਂ ਦੇ ਇਮਤਿਹਾਨਾਂ ਕਾਰਨ ਅਪ੍ਰੈਲ 1985 ਈ. ਤੱਕ ਉੱਥੇ ਹੀ ਰੁਕਿਆ ਰਿਹਾ। ਬੇਟੇ ਦੇ ਇਮਤਿਹਾਨਾਂ ਤੋਂ ਬਾਅਦ ਆਪਣੇ ਦੋ ਤੇਲ ਦੇ ਟੈਂਕਰ ਅਤੇ ਆਪਣੇ ਕਲਕੱਤੇ ਵਾਲੇ ਮਕਾਨ ਨੂੰ ਵੇਚ ਕੇ ਦੁਬਾਰਾ ਪੰਜਾਬ ਆ ਵੱਸਿਆ।

ਇੱਥੇ ਆ ਕੇ ਉਸ ਨੇ ਆਪਣੀ ਪ੍ਰਿੰਟਿੰਗ ਪ੍ਰੈੱਸ ਚਲਾਈ ਅਤੇ ਨਾਲ ਹੀ ਕੁਝ ਟੈਂਪੂ ਪਾ ਕੇ ਉਹਨਾਂ ਨੂੰ ਚਲਾਉਣ ਲਈ ਡਰਾਈਵਰ ਰੱਖ ਲਏ। ਇਸ ਦੇ ਲਈ ਉਸ ਨੇ ਜੀਅ ਤੋੜ ਮਿਹਨਤ ਕੀਤੀ। ਪਰ ਬਹੁਤ ਮਿਹਨਤ ਕਰਨ ਦੇ ਬਾਵਜੂਦ ਵੀ ਉਸ ਨੂੰ ਆਸ ਅਨੁਸਾਰ ਇਸ ਕਿੱਤੇ ਵਿੱਚ ਸਫਲਤਾ ਨਾ ਪ੍ਰਾਪਤ ਹੋਈ। ਇਹ ਕਿੱਤਾ ਉਸ ਲਈ ਘਾਟੇ ਵਾਲਾ ਸਾਬਤ ਹੋਇਆ। ਇਸ ਲਈ ਉਸ ਨੇ ਇਸ ਕੰਮ ਨੂੰ ਛੱਡ ਕੇ 1991 ਈ. ਵਿੱਚ ਮਿੰਨੀ ਬੱਸ ਦਾ ਪਰਮਿਟ ਲੈ ਲਿਆ। ਇਸ ਕੰਮ ਵਿੱਚ ਰੁੱਝਣ ਤੋਂ ਬਾਅਦ ਬਲਦੇਵ ਸਿੰਘ ਨੇ ਪ੍ਰਿੰਟਿੰਗ ਪ੍ਰੈੱਸ ਵੀ ਵੇਚ ਦਿੱਤੀ। 1997-98 ਵਿੱਚ ਉਸ ਨੂੰ ਟਰਾਂਸਪੋਰਟ

ਵਿਭਾਗ ਵੱਲੋਂ ਦੋ ਹੋਰ ਪਰਮਿਟ ਮਿਲ ਗਏ। ਵਰਤਮਾਨ ਸਮੇਂ ਬਲਦੇਵ ਸਿੰਘ ਮੋਗੇ ਵਿਖੇ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹੈ ਅਤੇ ਟਰਾਂਸਪੋਰਟ ਦਾ ਕੰਮ ਚਲਾ ਰਿਹਾ ਹੈ ਪਰ ਅੱਜ ਦੇ ਸਮੇਂ ਵਿੱਚ ਉਹ ਇਸ ਕਿੱਤੇ ਵਿੱਚ ਵੀ ਘਾਟਾ ਖਾ ਰਿਹਾ ਹੈ ਜਿਸ ਦੀ ਬਦੌਲਤ ਉਹ ਕਦੇ-ਕਦੇ ਇਸ ਕੰਮ ਤੋਂ ਵੀ ਤੌਬਾ ਕਰਨੀ ਚਾਹੁੰਦਾ ਹੈ।

ਬਲਦੇਵ ਸਿੰਘ ਨੇ ਆਪਣੇ ਕਾਲਜ ਦੇ ਦਿਨਾਂ ਤੋਂ ਹੀ ਸਾਹਿਤ ਵਿੱਚ ਰੁਚੀ ਅਧੀਨ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ ਪਰ ਉਹ ਇੱਕ ਵਧੀਆ ਕਹਾਣੀ ਲੇਖਕ ਕਲਕੱਤੇ ਜਾ ਕੇ ਹੀ ਬਣਿਆ। 1977 ਤੱਕ ਉਸ ਦੀ ਕਹਾਣੀ ਰਚਨ ਦੀ ਕਲਾ ਵਿੱਚ ਨਿਖਾਰ ਆ ਚੁੱਕਾ ਸੀ। ਇਹ ਉਸ ਦੀ ਸਾਹਿਤਕ ਜ਼ਿੰਦਗੀ ਦੇ ਅਹਿਮ ਸਾਲ ਸਨ। ਇਸੇ ਦੌਰਾਨ ਹੀ ਉਸ ਨੇ ਆਪਣੀ ਕਹਾਣੀ 'ਗਿੱਲੀਆਂ ਛਿਟੀਆਂ ਦੀ ਅੱਗ' ਸਾਹਿਤ ਸਭਾ, ਕਲਕੱਤਾ ਵਿਖੇ ਪੜ੍ਹੀ। ਇਸ ਕਹਾਣੀ ਵਿੱਚ ਸੁਧਾਰ ਕਰਨ ਲਈ, ਉਸ ਨੂੰ ਸਾਹਿਤ ਸਭਾ ਕਲਕੱਤਾ ਦੇ ਪ੍ਰਧਾਨ ਹਰਦੇਵ ਸਿੰਘ ਗਰੇਵਾਲ, ਡਾ. ਸੁਖਵੰਤ ਅਤੇ ਇਸ ਸਭਾ ਦੇ ਮੈਂਬਰ ਬਲਦੇਵ ਸੰਗਰੂਰੀ ਨੇ ਹੌਂਸਲਾ ਦਿੱਤਾ। ਜਿਸ ਤੋਂ ਉਤਸ਼ਾਹਿਤ ਹੋ ਕਿ ਇਸ ਕਹਾਣੀ ਵਿੱਚ ਸੁਧਾਰ ਕਰਨ ਤੋਂ ਬਾਅਦ 'ਨਾਗਮਣੀ' ਨੂੰ ਭੇਜ ਦਿੱਤੀ। ਇਹ ਕਹਾਣੀ ਛਪਦਿਆਂ ਹੀ ਚਰਚਾ ਦੇ ਵਿੱਚ ਆ ਗਈ। ਕਲਕੱਤੇ ਰਹਿੰਦਿਆਂ ਉਸ ਨੇ ਪੰਜਾਬੀ ਵਿੱਚ ਅਨੁਵਾਦ ਕੀਤਾ ਹੋਇਆ ਬਹੁਤ ਸਾਰਾ ਬੰਗਾਲੀ ਸਾਹਿਤ ਪੜ੍ਹਿਆ ਜਿਸ ਨੇ ਉਸ ਦੀ ਲਿਖਣ ਸ਼ੈਲੀ ਨੂੰ ਨਵੀਨਤਾ ਪ੍ਰਦਾਨ ਕੀਤੀ। ਇਸੇ ਨਵੀਨਤਾ ਸਦਕਾ ਉਸ ਨੇ ਪੰਜਾਬੀ ਸਾਹਿਤ ਨੂੰ ਕਈ ਮਹੱਤਵਪੂਨ ਕਹਾਣੀ ਸੰਗ੍ਰਹਿ, ਨਾਵਲ, ਨਾਟਕ ਦਿੱਤੇ। ਉਸ ਨੇ ਆਪਣੀਆਂ ਸਾਹਿਤਕ ਰਚਨਾਵਾਂ ਵਿੱਚ ਪਰਿਵਾਰਾਂ ਦੇ ਆਪਸੀ ਤਣਾਵਾਂ ਅਤੇ ਦਵੰਦਾਂ ਕਾਰਨ ਉਪਜੇ ਦੁਖਾਂਤ, ਔਰਤਾਂ ਦੀਆਂ ਭਾਵਨਾਵਾਂ ਅਤੇ ਉਹਨਾਂ ਨਾਲ ਸਮਾਜ ਵਿੱਚ ਹੋਰ ਰਹੀਆਂ ਵਧੀਕੀਆਂ, ਡਰਾਈਵਰਾਂ ਦੀ ਦੁਖਾਂਤ ਭਰੀ ਜ਼ਿੰਦਗੀ, ਸ਼ਹਿਰਾਂ ਦੀ ਜ਼ਿੰਦਗੀ ਦੀ ਸੱਚਾਈ ਰੋਜ਼ੀ ਰੋਟੀ ਲਈ ਆਪਣਾ ਜਿਸਮ ਵੇਚਦੀਆਂ ਔਰਤਾਂ ਦੀ ਦੁਖਦਾਈ ਜ਼ਿੰਦਗੀ, ਜਾਗੀਰਦਾਰੀ ਪ੍ਰਥਾ ਹੇਠ ਦਮ ਘੁੱਟ ਰਹੀ ਕਿਰਸਾਨੀ ਅਤੇ ਦੇਸ਼ ਦੇ ਲਈ ਆਪਣੀ ਜਾਨ ਵਾਰ ਗਏ ਯੋਧਿਆਂ ਦੀ ਜ਼ਿੰਦਗੀ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਹੈ। ਉਸ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-

| ਲੜੀ ਨੰ: | ਕਹਾਣੀ ਸੰਗ੍ਰਹਿ | ਸ਼ਾਲ |
|---|---|---|
| 1 | ਗਿੱਲੀਆਂ ਛਿਟੀਆਂ ਦੀ ਅੱਗ | 1977 |
| 2 | ਚਿੜੀਆ ਖ਼ਾਨਾ | 1979 |
| 3 | ਹਵੇਲੀ ਛਾਵੇਂ ਖੜ੍ਹਾ ਰੱਬ | 1982 |
| 4 | ਝੱਖੜ ਤੇ ਪਰਿੰਦੇ | 1983 |
| 5 | ਸਵੇਰ ਦੀ ਲੋਅ | 1989 |
| 6 | ਸ਼੍ਰੇਸ਼ਟ ਕਹਾਣੀਆਂ (ਟੀ. ਆਰ. ਵਿਨੋਦ) | 1995 |

| | | |
|---|---|---|
| 7 | ਪਲੇਟ ਫਾਰਮ ਨੰ: 11 (ਹਿੰਦੀ) | 1996 |
| 8 | ਮਿੱਟੀ ਰੁਦਨ ਕਰੇ | 1998 |
| 9 | ਨਾਗਵਾਲ (ਸੰਪ. ਵਿਰਸਾ ਸਿੰਘ) | 1998 |
| 10 | ਹਨੇਰੇ ਸਵੇਰੇ | 2001 |
| 11 | ਦਿਸਹੱਦਿਆਂ ਤੋਂ ਪਾਰ | 2005 |
| 12 | ਜ਼ਿੰਦਗੀ ਦੇ ਰੰਗ (ਮੇਰੀਆਂ ਚੋਣਵੀਆਂ ਕਹਾਣੀਆਂ) | 2006 |
| ਨਾਟਕ | | |
| 1 | ਸੋਨੇ ਦਾ ਹਿਰਨ | 1991 |
| 2 | ਧੀਆਂ ਵਾਲੇ ਪੁੱਤਾਂ ਵਾਲੇ | 1992 |
| 3 | ਮਿੱਟੀ ਰੁਦਨ ਕਰੇ | 1999 |
| 4 | ਇਹ ਸਿਲਸਲਾ ਚਲਦਾ ਰਹੇਗਾ | 2003 |
| 5 | ਬਿਨਸੈ ਉਪਜੈ ਤੇਰਾ ਭਾਣਾ | 2003 |
| 6 | ਕੀ ਕੀ ਰੰਗ ਵਿਖਾਵੇ ਮਿੱਟੀ | 2003 |
| 7 | ਕੱਠਪੁਤਲੀਆਂ | |
| 8 | ਸਾਵਧਾਨ! ਅੱਗੇ ਖਤਰਾ ਹੈ | 2006 |
| 9 | ਪਰਖ ਦੀ ਘੜੀ | |
| ਨਾਵਲ | | |
| 1 | ਦੂਸਰਾ ਹੀਰੋਸ਼ੀਮਾ | 1977,87,93,96 |
| 2 | ਕੱਲਰੀ ਧਰਤੀ | 1980,90 |
| 3 | ਸੂਲੀ ਟੰਗੇ ਪਹਿਰ | 1986 |
| 4 | ਕੱਚੀਆਂ ਕੰਧਾਂ | 1991 |
| 5 | ਜੀ.ਟੀ.ਰੋਡ | 1992 |
| 6 | ਲਾਲ ਬੱਤੀ | 1998,98,99 |
| 7 | ਲਾਲ ਬੱਤੀ (ਹਿੰਦੀ) | 2006 |
| 8 | ਲਾਲ ਬੱਤੀ (ਸ਼ਾਹਮੁਖੀ) | 2007 |
| 9 | ਅੰਨਦਾਤਾ | 2002 |
| 10 | ਪੰਜਵਾਂ ਸਾਹਿਬਜ਼ਾਦਾ | 05,10 |
| 11 | ਤੇ ਸਤਲੁਜ ਵਹਿੰਦਾ ਰਿਹਾ | 2007 |

| | | |
|---|---|---|
| 12 | ਢਾਹਵਾਂ ਦਿੱਲੀ ਦੇ ਕਿੰਗਰੇ | 2009 |
| 13 | ਮਹਾਂਬਲੀ ਸੂਰਾ | 2011 |
| 14 | ਮੈਂ ਪਾਕਿਸਤਾਨ ਨਹੀਂ ਜਾਣਾ | 2012 |
| 15 | ਖਾਕੂ ਜੇਡੁ ਨ ਕੋਇ | 2013 |
| ਕਥਾ ਲੇਖ | | |
| 1 | ਸੜਕਨਾਮਾ-1 | 1986,90 |
| 2 | ਸੜਕਨਾਮਾ ਦੇ ਜਾਏ (ਸੜਕਨਾਮਾ-2) | 1991 |
| 3 | ਸੜਕਾਂ ਤੇ ਸਲੀਬਾਂ (ਸੜਕਨਾਮਾ-3) | 1999 |
| ਰਚਨਾ | | |
| 1 | ਇਹ ਸੜਕਾਂ ਨਹੀਂ | |
| 2 | ਮੋਗਾ ਸਿੰਗਾਪੁਰ ਵਾਇਆ ਚੀਨ | 2005 |
| 3 | ਮੈਂ ਏਵੇਂ ਵੇਖਿਆ ਪਾਕਿਸਤਾਨ | 2007 |
| ਸਵੈ-ਜੀਵਨੀ | | |
| 1 | ਹਮ ਹੈਂ ਗਿਆਨਹੀਨ ਅਗਿਆਨੀ | 2001 |
| ਬਾਲ ਸਾਹਿਤ | | |
| 1 | ਕਲਕੱਤਾ ਦੀ ਸੈਰ | 1980 |
| 2 | ਇੱਕ ਸੀ ਪਰੀ | 1990 |
| 3 | ਰੇਲ ਗੱਡੀ | 1991 |
| 4 | ਤਾਏ ਦੀਆਂ ਭੁਤਾਂ | 2004 |
| 5 | ਮੋਠੂ ਦੇ ਘੁੰਗਰੂ (ਨਾਵਲ) | |

# ਹਵਾਲੇ ਤੇ ਟਿੱਪਣੀਆਂ:

1. ਜੋਗਿੰਦਰ ਸਿੰਘ ਰਾਹੀਂ, ਪੰਜਾਬੀ ਨਾਵਲ, ਪੰਨਾ-23
2. ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 39

3. ਉਹੀ, ਪੰਨਾ 39
4. ਡਾ. ਸੁਰਿੰਦਰ ਸਿੰਘ, ਪੰਜਾਬੀ ਇਤਿਹਾਸਕ ਨਾਵਲ, ਪੰਨਾ-9
5. ਟੀ.ਆਰ.ਵਿਨੋਦ ਵਲੋਂ ਉਧਰਿਤ,ਪੰਜ ਨਾਵਲ: ਇਕ ਮੁਲਾਂਕਣ, ਪੰਨਾ 10-11
6. ਪ੍ਰੋ.ਪਿਆਰਾ ਸਿੰਘ, ਪੰਜਾਬੀ ਗਲਪ:ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 40
7. ਪ੍ਰੋ.ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-41
8. ਪੰਜਾਬੀ ਨਾਵਲ: ਵਿਧੀ ਤੇ ਵਿੱਚਾਰ, ਪੰਨਾ 34
9. ਡਾ: ਸਵਿੰਦਰ ਸਿੰਘ ਉੱਪਲ, ਪੰਜਾਬੀ ਨਾਵਲ ਵਿਧੀ ਤੇ ਵਿੱਚਾਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਨਵੀਂ ਦਿੱਲੀ, 1982,ਪੰਨਾ 30
10. ਡਾ: ਜੋਗਿੰਦਰ ਸਿੰਘ 'ਰਾਹੀ' ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕ ਮਾਲਾ ਅੰਮ੍ਰਿਤਸਰ, 1978, ਪੰਨਾ 14
11. ਬਲਦੇਵ ਸਿੰਘ, ਹਮ ਹੈ ਗਿਆਨਹੀਨ ਅਗਿਆਨੀ, ਪੰਨਾ 13
12. ਉਹੀ, ਪੰਨਾ ਨੰ. 14-15.
13. ਅਸ਼ਵਨੀ ਸ਼ਰਮਾ (ਡਾ.), ਬਲਦੇਵ ਸਿੰਘ ਦਾ ਗਲਪ-ਸੰਸਾਰ, ਪੰਨਾ ਨੰ. 14.
14. ਜਸਬੀਰ ਸਿੰਘ, ਗੁਫ਼ਤਗੂ, ਪੰਨਾ ਨੰ. 246.
15. ਬਲਦੇਵ ਸਿੰਘ, ਹਮ ਹੈ ਗਿਆਨਹੀਨ ਅਗਿਆਨੀ, ਪੰਨਾ ਨੰ. 24.

# ਅਧਿਆਇ ਦੂਜਾ

# ਪੰਜਾਬੀ ਕਿਸਾਨੀ ਸਮਾਜ ਅਤੇ ਕਿਸਾਨੀ ਸੰਕਟ

ਕਿਸਾਨ ਲੋਕਾਂ ਦਾ ਅੰਨਦਾਤਾ ਹੈ ਪ੍ਰੰਤੂ ਉਸ ਦੀ ਜੀਵਨ ਸਖ਼ਤ ਮਿਹਨਤ ਭਰਿਆ ਹੁੰਦਾ ਹੈ। ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਉਸ ਨੂੰ ਪਤਾ ਨਹੀ ਹੁੰਦਾ ਕਿ ਉਸ ਨੂੰ ਆਪਣੀ ਮਿਹਨਤ ਦਾ ਪੂਰਾ ਫ਼ਲ ਮਿਲ ਸਕੇਗਾ ਕਿ ਨਹੀਂ। ਕਿਸਾਨ ਦੀ ਸਫ਼ਲਤ ਕੁਦਰਤ ਦੇ ਹੱਥ ਹੈ। ਫ਼ਸਲ ਦੀ ਬਿਜਾਈ ਤੋਂ ਲੈਕੇ ਫ਼ਸਲ ਦੇ ਘਰ ਆਉਣ ਤੀਕ ਖ਼ਤਰਾ ਹੀ ਖ਼ਤਰਾ ਹੈ। ਜੇਕਰ ਮੀਂਹ ਨਾ ਪਿਆ ਤਾਂ ਫ਼ਸਲ ਸੁੱਕ ਗਈ। ਜੇਕਰ ਮੀਂਹ ਬਹੁਤ ਪੈ ਗਿਆ ਤਾਂ ਫ਼ਸਲ ਡੁੱਬ ਗਈ। ਪੱਕੀ ਫ਼ਸਲ ਸਮੇਂ ਮੀਹ ਜਾ ਗੜੇ ਪੈ ਗਏ ਤਾਂ ਸਾਰੀ ਫ਼ਸਲ ਤਬਾਹ ਹੋ ਗਈ। ਜੇਕਰ ਕੋਈ ਬੀਮਾਰੀ ਲੱਗ ਗਈ ਫਿਰ ਵੀ ਸਾਰੀ ਮਿਹਨਤ ਬੇਕਾਰ ਹੋ ਜਾਂਦੀ ਹੈ। ਇਸਲਈ ਕਿਸਾਨ ਦਾ ਜੀਵਨ ਕਿਤਨਾ ਕੁ ਔਖਾ ਹੈ ਅਤੇ ਉਸ ਨੂੰ ਮਿਹਨਤ ਕਿਤਨੀ ਕਰਨੀ ਪੈਦੀ ਹੈ ਇਸ ਦੀ ਝਲਕ ਵੇਖਣ ਲਈ ਇਕ ਪੰਜਾਬੀ ਕਿਸਾਨ ਦੇ ਜੀਵਨ ਵੱਲ ਝਾਤ ਮਾਰਦੇ ਹਾਂ। ਇਕ ਆਮ ਪੰਜਾਬੀ ਕਿਸਾਨ ਦਾ ਤਾਰਿਆਂ ਦੀ ਛਾਵੇਂ ਸ਼ੁਰੂ ਹੋ ਜਾਂਦਾ ਹੈ।ਪਹਿਰ ਰਾਤ ਰਹਿੰਦਿਆਂ ਹੀ ਉਹ ਆਪਣੀ ਹਲਨਾਲੀ ਜੋੜ ਹਵੇਲੀਓ ਖੇਤਾਂ ਵੱਲ ਤੁਰ ਪੈਦਾ ਹੈ। ਮੌਸਮ ਭਾਵੇਂ ਸਿਆਲ ਦਾ ਹੋਵੇ ਜਾਂ ਗਰਮੀਆਂ ਦਾ ਉਸ ਦੇ ਪ੍ਰੋਗਰਾਮ ਉੱਤੇ ਇਸਦਾ ਕੋਈ ਅਸਰ ਨਹੀਂ ਹੁੰਦਾ। ਛਾਹ-ਵੇਲੇ ਤੀਕ ਉਹ ਇਕ ਭਰਵਾਂ ਜੋਤਾ ਲਾ ਲੈਂਦਾ ਹੈ ਜਦੋਂਕਿ ਉਸ ਦੇ ਘਰੋਂ ਉਸ ਲਈ ਛਾਲ-ਵੇਲੇ ਪੁੱਜਦਾ ਹੈ। ਦੁਪਹਿਰ ਹੋਣ ਤੀਕ ਉਹ ਆਪ ਤਾਂ ਭਾਵੇਂ ਨਾ ਥੱਕਿਆ ਹੋਵੇ ਪਰ ਉਸਦੇ ਢੱਗੇ ਜ਼ਰੂਰ ਥੱਕ ਜਾਂਦੇ ਹਨ। ਆਪਣੇ ਢੱਗਿਆਂ ਨੂੰ ਸਾਹ ਦੁਆਉਣ ਲਈ ਉਹ ਕੰਮ ਬੰਦ ਕਰ ਦਿੰਦਾ ਹੈ ਪਰ ਉਸ ਨੂੰ ਆਪਣੇ ਆਪ ਨੂੰ ਆਰਾਮ ਨਹੀਂ ਕਿਉ ਜੋ ਉਸ ਦੇ ਬਲਦਾਂ ਲਈ ਪੱਠਿਆਂ ਦਾ ਪ੍ਰਬੰਧ ਵੀ ਕਰਨਾ ਹੁੰਦਾ ਹੈ। ਤਾਂਹੀਓ ਤਾਂ ਕਿਸੇ ਦੁਖੀ ਕਿਸਾਨ ਨੇ ਆਖਿਆ ਸੀ:-

"ਜੱਟਾ ਤੇਰੀ ਜੂਨ ਬੁਰੀ, ਹਲ ਛੱਡ ਕੇ ਚਰ੍ਹੀ ਨੂੰ ਜਾਣਾ"

ਡੰਗਰਾਂ ਲਈ ਪੱਠਿਆਂ ਦਾ ਪ੍ਰਬੰਧ ਕਰਕੇ ਉਹ ਜਦੋਂ ਵਿਹਲਾ ਹੁੰਦਾ ਹੈ ਓਦੋਂ ਤੀਕ ਦੁਪਹਿਰ ਦੀ ਰੋਟੀ ਦਾ ਸਮਾਂ ਹੋ ਜਾਂਦਾ ਹੈ ਜਦੋਂ ਕੰਮ ਦਾ ਜ਼ੋਰ ਹੋਵੇ ਤਾਂ ਦੁਪਹਿਰ ਦੀ ਰੋਟੀ ਵੀ ਖੇਤ ਵਿੱਚ ਖੂਹ ਉੱਤੇ ਹੀ ਪੁੱਜਦੀ ਹੈ। ਰੋਟੀ ਖਾਣ ਪਿਛੋ ਘੰਟਾ ਕੁ ਪਿੱਠ ਸਿੱਧੀ ਕਰਕੇ ਫਿਰ ਉਸ ਦਾ ਕੰਮ ਸ਼ੁਰੂ ਹੋ ਜਾਂਦਾ ਹੈ ਜਿਹੜਾ ਕਿ ਸੂਰਜ ਛਿਪਣ ਤੀਕ ਜਾਰੀ ਰਹਿੰਦਾ ਹੈ। ਬਲਦਾਂ ਨੂੰ ਹਵੇਲੀ ਬੰਨ੍ਹ ਉਹ ਡੰਗਰਾਂ ਦੇ ਚਾਰੇ ਦਾ ਪ੍ਰਬੰਧ ਕਰਦਾ ਹੈ। ਸਾਰੇ ਦਿਨ ਦਾ ਕੰਮ ਮੁਕਾ ਕੇ ਇਸ਼ਨਾਨ ਕਰਨ ਪਿਛੋਂ ਉਹ ਘਰ ਪਹੁੰਚਦਾ ਹੈ। ਰਾਤ ਦੀ ਰੋਟੀ ਖਾਦਿਆਂ ਚੋਖੀ ਰਾਤ ਹੋ ਜਾਂਦੀ ਹੈ। ਦੂਜੇ ਦਿਨ ਫਿਰ ਤੜਕੇ ਉਠਣਾ ਹੈ ਇਹ ਸੋਚ

ਉਹ ਨੀਂਦ ਦੀ ਗੋਦੀ ਵਿੱਚ ਚਲਾ ਜਾਂਦਾ ਹੈ। ਇੰਨੀ ਹੱਡ ਤੋੜਵੀਂ ਮਿਹਨਤ ਸ਼ਾਇਦ ਹੋਰ ਕਿਸੇ ਕੰਮ ਵਿੱਚ ਨਹੀ ਕਰਨੀ ਪੈਦੀ। ਅੱਜ ਤੋਂ ਕੁਝ ਵਰ੍ਹੇ ਪਹਿਲਾ ਤਾਂ ਕਿਸਾਨ ਦੀ ਜੂਨ ਹੋਰ ਵੀ ਬੁਰੀ ਸੀ ਜਦੋਂ ਖੂਹਾਂ ਉੱਤੇ ਪਾਣੀ ਕੱਢਣ ਲਈ ਇੰਜਨ ਜਾਂ ਬੰਬੀਆਂ ਨਹੀਂ ਸਨ ਲੱਗੀਆਂ ਤੇ ਕਣਕ ਦੀ ਗਹਾਈ ਬਲਦਾਂ ਪਿਛੇ ਫਲ੍ਹੇ ਬੰਨ੍ਹ ਕੇ ਕੀਤੀ ਜਾਂਦੀ ਸੀ। ਉਦੋ ਤਾਂ ਕਿਸਾਨ ਦਾ ਜੀਵਨ ਡਾਢਾ ਹੀ ਕਰੜਾਈ ਭਰਿਆ ਸੀ ਉਦੋ ਸਿੰਚਾਈ ਹਲਟ ਨਾਲ ਹੁੰਦੀ ਸੀ। ਹੁਣ ਪੰਜਾਬ ਵਿੱਚ ਕੋਈ ਵਿਰਲਾ ਹਲਟ ਹੀ ਨਜ਼ਰ ਆਉਦਾ ਹੈ। ਕਿਸਾਨ ਨੂੰ ਹਲਟ ਚਲਾਉਣ ਲਈ ਸਾਰਾ ਦਿਨ ਫਲ੍ਹਿਆਂ ਪਿੱਛੇ ਫਿਰਕੇ ਕਣਕ ਦੀ ਗਹਾਈ ਕਰਨੀ ਪੈਂਦੀ ਸੀ ਜਦੋਂ ਪੋਹ ਮਾਘ ਦੀ ਕੜਾਕੇ ਦੀ ਸਰਦੀ ਵਿੱਚ ਲੋਕ ਰਜ਼ਾਈਆਂ ਵਿੱਚ ਪਏ ਹੁੰਦੇ ਹਨ ਤਾਂ ਕਿਸਾਨ ਵਿੱਚਾਰਾ ਤੜਕੇ ਉੱਠਕੇ ਖੇਤਾਂ ਨੂੰ ਪਾਣੀ ਲਾਉਣ ਜਾਂਦਾ ਹੈ। ਇਸ ਦਾ ਭਾਵ ਇਹ ਨਹੀ ਕਿ ਕਿਸਾਨ ਕੇਵਲ ਬਿਜਾਈ ਜਾਂ ਗਹਾਈ ਦੇ ਦਿਨੀਂ ਹੀ ਮਿਹਨਤ ਕਰਦਾ ਹੈ ਉਸ ਦਾ ਤਾਂ ਸਾਰਾ ਸਾਲ ਇਹੋ ਹਾਲ ਰਹਿੰਦਾ ਹੈ। ਉਸ ਦੇ ਕੰਮ ਦੀ ਇਕ ਝਲਕ ਲੈਣ ਲਈ ਮਹੀਨੇਵਾਰ ਉਸ ਦੇ ਕੰਮਾਂ ਵੱਲ ਇਕ ਝਾਤ ਮਾਰਦੇ ਹਾਂ।

ਪੰਜਾਬ ਦੇ ਪਿੰਡਾਂ ਵਿੱਚ ਦੇਸੀ ਮਹੀਨਿਆਂ ਨੂੰ ਹੀ ਮਹਾਨਤਾ ਦਿੱਤੀ ਜਾਂਦੀ ਹੈ। ਸਾਲ ਦਾ ਪਹਿਲਾਂ ਮਹੀਨਾ ਚੇਤਰ ਹੁੰਦਾ ਹੈ। ਮਹੀਨੇ ਦੇ ਪਹਿਲੇ ਦਿਨ ਨੂੰ ਸੰਗਰਾਂਦ ਆਖਦੇ ਹਨ। ਬਹੁਤ ਸਾਰੇ ਇਲਾਕਿਆਂ ਵਿੱਚ ਸੰਗਰਾਂਦ ਵਾਲੇ ਦਿਨ ਬਲਦਾਂ ਨੂੰ ਨਹੀਂ ਜੋੜਿਆਂ ਜਾਂਦਾ ਕਿਉਂਕਿ ਇਕਤਰ੍ਹਾਂ ਨਾਲ ਮਹੀਨੇ ਵਿੱਚ ਇਕ ਦਿਨ ਕੰਮ ਤੋਂ ਰਤਾ ਕੁ ਰਾਹਤ ਮਿਲ ਜਾਂਦੀ ਹੈ। ਦੂਜੇ ਇਸ ਮਹੀਨੇ ਕਣਕਾਂ ਨੂੰ ਆਖਰੀ ਪਾਣੀ ਲਾਇਆ ਜਾਂਦਾ ਹੈ। ਕਣਕ ਆਪਣੇ ਪੂਰੇ ਜੋਬਨ ਤੇ ਹੁੰਦੀ ਹੈ। ਕਿਸਾਨ ਆਪਣੀ ਫ਼ਸਲ ਵੱਲ ਵੇਖ ਕੇ ਖੁਸ਼ ਹੁੰਦਾ ਹੈ ਪਰ ਨਾਲ ਹੀ ਉਸ ਦੇ ਮਨ ਵਿੱਚ ਡਰ ਹੁੰਦਾ ਹੈ ਕਿ ਕਿਤੋਂ ਮੀਂਹ ਹਨੇਰੀ ਨਾ ਆ ਜਾਵੇ ਜਿਸ ਨਾਲ ਉਸ ਦੀ ਸਾਰੀ ਫ਼ਸਲ ਖ਼ਰਾਬ ਨਾ ਹੋ ਜਾਵੇਂ। ਚੇਤਰ ਵਿੱਚ ਪਿਛਲੇ ਸਾਲ ਦੀ ਫ਼ਸਲ ਤਾਂ ਖਾਧੀ ਜਾ ਚੁੱਕੀ ਹੈ ਤੇ ਜ਼ਿਆਦਾ ਮੀਂਹ ਪੈ ਜਾਣ ਨਾਲ ਨਵੀਂ ਫ਼ਸਲ ਖ਼ਰਾਬ ਹੋ ਜਾਂਦੀ ਹੈ। ਇਸਲਈ ਪੰਜਾਬ ਵਿੱਚ ਚੇਤਰ ਦਾ ਮੀਂਹ 'ਕਾਲ' ਦੀ ਨਿਸ਼ਾਨੀ ਮੰਨਿਆ ਜਾਂਦਾ ਹੈ।ਇਹ ਆਮ ਅਖਾਣ ਹੈ:-

"ਵੱਸੇ ਚੇਤ,ਨਾ ਘਰ ਨਾ ਖੇਤ"

ਇਸ ਮਹੀਨੇ ਫ਼ਸਲ ਨੂੰ ਪਾਣੀ ਬਹੁਤ ਹੀ ਅਹਿਮ ਹੈ। ਕਿਸਾਨ ਨੂੰ ਸਾਰੀ-ਸਾਰੀ ਰਾਤ ਜਾਗਣਾ ਪੈਂਦਾ ਹੈ ਕਿਉਕਿ ਬਿਜਲੀ ਆਮ ਕਰਕੇ ਰਾਤ ਨੂੰ ਹੀ ਮਿਲਦੀ ਹੈ। ਜਿਹੜੇ ਕਿਸਾਨ ਗੰਨਾ ਬੀਜਦੇ ਹਨ ਉਨ੍ਹਾਂ ਲਈ ਇਹ ਮਹੀਨਾ ਹੋਰ ਵੀ ਰੁਝੇਵਿਆਂ ਦਾ ਹੁੰਦਾ ਹੈ। ਕਿਸਾਨ ਦੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੀ ਫ਼ਸਲ ਨੂੰ ਕਿਸੇ ਕੰਢੇ ਲਾ ਲਵੇ ਤਾਂ ਜੋ ਅਗਲੇ ਮਹੀਨੇ ਵਾਢੀ ਲਈ ਵਿਹਲਾ ਹੋ ਸਕੇ।

ਵਿਸਾਖ ਮਹੀਨੇ ਦੇ ਚੜ੍ਹਦਿਆਂ ਹੀ ਗਰਮੀ ਸ਼ੁਰੂ ਹੋ ਜਾਂਦੀ ਹੈ।ਅੰਬਾਂ ਦਾ ਬੂਰ ਪੱਕ ਜਾਂਦਾ ਹੈ ਤੇ ਉਸ ਉੱਤੇ ਅੰਬੀਆਂ ਲੱਗ ਜਾਂਦੀਆਂ ਹਨ। ਵਿਸਾਖ ਦਾ ਮਹੀਨਾ ਕਿਸਾਨ ਦੇ ਜੀਵਨ ਵਿੱਚ ਬਹੁਤ ਹੀ ਮਹੱਤਵਪੂਰਨ ਹੈ। ਇਸ ਮਹੀਨੇ ਕਿਸਾਨ ਦੀ ਮੁੱਖ ਫ਼ਸਲ ਕਟਾਈ ਲਈ ਤਿਆਰ ਹੋ ਜਾਂਦੀ ਹੈ। ਗਰਮੀ ਵੀ ਆਪਣੇ ਪੂਰੇ ਜੋਬਨ ਉੱਤੇ ਆ ਜਾਂਦੀ ਹੈ। ਵਿਸਾਖ ਮਹੀਨੇ

ਦਾ ਆਰੰਭ ਪੰਜਾਬ ਦੇ ਸਭ ਤੋਂ ਹਰਮਨ ਪਿਆਰ ਤਿਉਹਾਰ ਵਿਸਾਖੀ ਨਾਲ ਹੁੰਦਾ ਹੈ। ਵਿਸਾਖੀ ਵਾਲੇ ਦਿਨ ਲੋਕੀ ਨਵੇਂ ਕਪੜੇ ਪਾਕੇ ਖ਼ੁਸ਼ੀਆਂ ਵਿੱਚ ਝੂੰਮਦੇ ਮੇਲਾ ਵੇਖਣ ਜਾਂਦੇ ਹਨ। ਪੱਕੀ ਫ਼ਸਲ ਦੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਕਿਸਾਨ ਨੂੰ ਖੇਤਾਂ ਵਿੱਚ ਬਿਖਰੇ ਸੋਨੇ ਨੂੰ ਸਮੇਟਣ ਦੀ ਕਾਹਲ ਹੁੰਦੀ ਹੈ। ਹਾਲੇ ਵੀ ਕੀ ਪਤਾ ਮੌਸਮ ਦੇਵਤਾ ਕਦੋਂ ਨਾਰਾਜ਼ ਹੋ ਜਾਵੇ। ਜੇਕਰ ਮੀਂਹ ਹਨੇਰੀ ਜਾਂ ਝੱਖੜ ਆ ਜਾਵੇ ਫਿਰ ਤਾਂ ਉਸ ਦੀਆਂ ਸਾਰੀਆਂ ਆਸਾਂ ਉੱਤੇ ਪਾਣੀ ਫਿਰ ਜਾਣਾ ਹੈ। ਦਿਨ ਰਾਤ ਖੇਤ ਖਲਿਆਣ ਵਿੱਚ ਪਈਆਂ ਭਰੀਆਂ ਦੀ ਰਾਖੀ ਕੀਤੀ ਜਾਂਦੀ ਹੈ। ਜਿਹੜੇ ਕਿਸਾਨ ਆਪਣੀ ਫ਼ਸਲ ਆਪ ਸੰਭਾਲਣ ਦੀ ਹਿੰਮਤ ਨਹੀ ਰੱਖਦੇ ਉਹ ਆਪਣੇ ਰਿਸ਼ਤੇਦਾਰਾ ਕੋਲ ਮੰਗ ਪਾਉਂਦੇ ਹਨ। ਇਸ ਨੂੰ 'ਆਹਵਤ' ਵੀ ਆਖਦੇ ਹਨ। ਰਿਸ਼ਤੇਦਾਰ ਆਪਣੇ ਪਿੰਡੋਂ 20-30 ਜਵਾਨ ਲੈਕੇ ਕਣਕ ਵਢਣ ਆਉਦੇ ਹਨ। ਆਏ ਮਹਿਮਾਨਾਂ ਦੀਆਂ ਖੂਬ ਖਾਤਰਾਂ ਹੁੰਦੀਆਂ ਹਨ। ਕਣਕ ਦੀ ਕਟਾਈ ਦੇ ਦਿਨ ਸਾਰੇ ਪਿੰਡ ਲਈ ਰੁਝੇਵਿਆਂ ਭਰੇ ਹੁੰਦੇ ਹਨ। ਪਿੰਡ ਦੇ ਗਰੀਬ ਮਜ਼ਦੂਰ ਇਹਨੀਂ ਦਿਨੀਂ ਸਾਰੇ ਸਾਲ ਦੇ ਦਾਣੇ ਬਣਾਉਦੇ ਹਨ। ਪਿੰਡ ਦੇ ਕਮੀ ਤੇ ਲਾਗੀ ਜਿਨ੍ਹਾਂ ਵਿੱਚ ਲੁਹਾਰ, ਤਰਖਾਣ, ਨਾਈ ਸਭ ਆਉਂਦੇ ਹਨ ਆਪਣੀ ਸੇਪੀ ਦੀਆਂ ਭਰੀਆਂ ਇੱਕਠੀਆਂ ਕਰਦੇ ਹਨ। ਕਣਕ ਦੀ ਕਟਾਈ ਅਤੇ ਗਹਾਈ ਦਾ ਕੰਮ ਸਭ ਤੋਂ ਸਖ਼ਤ ਹੈ ਕਿਉਂਕਿ ਇਹ ਕੜਕਦੀ ਧੁੱਪ ਵਿੱਚ ਕਰਨਾ ਪੈਦਾ ਹੈ ਪਰ ਹੁਣ ਕਣਕ ਦੀ ਗਹਾਈ ਦੀਆਂ ਮਸ਼ੀਨਾਂ ਆਉਣ ਨਾਲ ਗਹਾਈ ਦਾ ਕੰਮ ਤਾਂ ਕਿਸਾਨ ਲਈ ਕੁਝ ਸੌਖਾ ਹੋ ਗਿਆ ਹੈ ਨਹੀਂ ਤਾਂ ਸਿਖ਼ਰ ਦੁਪਹਿਰੇ ਕੜਕਦੀ ਧੁੱਪ ਵਿੱਚ ਫਲੇ ਜੋੜ ਕੇ ਬਲਦਾਂ ਦੇ ਪਿੱਛੇ ਫਿਰਨਾ ਪੈਦਾ ਸੀ। ਧੜ ਲਾ ਕੇ ਹਵਾ ਦੀ ਉਡੀਕ ਵਿੱਚ ਦਾਣੇ ਅੱਡ ਕਰਨ ਲਈ ਖਵੇ ਰਹਿਣਾ ਪੈਦਾ ਸੀ। ਹਰ ਕਿਸਾਨ ਨੂੰ ਕਾਹਲੀ ਹੁੰਦੀ ਹੈ ਦਾਣੇ ਘਰ ਲੈ ਜਾਣ ਦੀ ਕਿਉਂਕਿ ਮੌਸਮ ਦਾ ਭਰੋਸਾ ਕੋਈ ਨਹੀਂ ਹੈ। ਕਪਾਹ ਬੀਜਣ ਵਾਲਿਆਂ ਨੂੰ ਖੇਤੀ ਦੀ ਤਿਆਰੀ ਇਸ ਮਹੀਨੇ ਕਰਨੀ ਪੈਂਦੀ ਹੈ। ਪੰਜਾਬ ਖੇਤੀ ਪ੍ਰਧਾਨ ਪ੍ਰਦੇਸ਼ ਹੈ ਇਸ ਕਰਕੇ ਇੱਥੋਂ ਦਾ ਵਿਉਪਾਰ ਵੀ ਖੇਤੀ ਦੀ ਉਪਜ ਖ਼ਾਸ ਕਰਕੇ ਕਣਕ ਉੱਤੇ ਨਿਰਭਰ ਹੈ। ਇਸਲਈ ਬਹੁਤ ਸਾਰੇ ਦੁਕਾਨਦਾਰ ਵਿਸਾਖ ਵਿੱਚ ਆਉਣ ਵਾਲੀ ਨਵੀਂ ਫ਼ਸਲ ਦੇ ਨਾਲ ਹੀ ਆਪਣੇ ਨਵੇਂ ਸਾਲ ਦਾ ਲੇਖਾ ਸ਼ੁਰੂ ਕਰਦੇ ਹਨ। ਭਾਰਤ ਦਾ ਸਰਕਾਰੀ ਆਰਥਕ ਸਾਲ ਵੀ ਇਸੇ ਮਹੀਨੇ ਸ਼ੁਰੂ ਹੁੰਦਾ ਹੈ। ਵਿਸਾਖੀ ਸਾਡੇ ਆਰਥਕ ਜੀਵਨ ਦਾ ਆਧਾਰ ਹੈ। ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਮਹੀਨੇ ਖ਼ਾਲਸਾ ਸਾਜ ਕੇ ਸਾਡੇ ਆਰਥਕ ਤੇ ਸਮਾਜਕ ਜੀਵਨ ਨੂੰ ਜੋੜ ਦਿੱਤਾ ਸੀ।

ਜੇਠ ਦਾ ਮਹੀਨਾ ਪੰਜਾਬ ਵਿੱਚ ਸਭ ਤੋਂ ਵੱਧ ਗਰਮੀ ਵਾਲਾ ਹੁੰਦਾ ਹੈ। ਇਸ ਮਹੀਨੇ ਵੀ ਕਿਸਾਨ ਨੂੰ ਆਰਾਮ ਨਹੀਂ ਹੈ। ਇਸ ਮਹੀਨੇ ਕੜਾਕੇ ਦੀ ਗਰਮੀ ਪੈਂਦੀ ਹੈ ਅਤੇ ਗਰਮ ਲੂੰਆਂ ਚਲਦੀਆਂ ਹਨ। ਜੇਠ ਦੀ ਗਰਮੀ ਦੇ ਜ਼ੋਰ ਅੱਗੇ ਬਨਸਪਤੀ ਦੌੜ ਨਹੀਂ ਸਕਦੀ ਤਾਂ ਸੁੱਕ ਸੜ ਜਾਂਦੀ ਹੈ। ਸੂਰਜ ਦੇ ਉੱਤੇ ਹੁੰਦਿਆਂ ਹੀ ਗਰਮੀ ਦਾ ਤੇਜ ਏਨਾ ਵਧ ਜਾਂਦਾ ਹੈ ਕਿ

"ਆਪੇ ਹੀ ਮਰ ਜਾਣਗੇ,ਜਿਹੜੇ ਜੇਠ ਪੈਣਗੇ ਰਾਹੇ"

ਠੰਡਾ ਪਾਣੀ ਤੇ ਕੱਚੀ ਲੱਸੀ ਪੰਜਾਬ ਵਿੱਚ ਗਰਮੀਆਂ ਦੇ ਤੋਹਫੇ ਮੰਨੇ ਜਾਂਦੇ ਹਨ। ਗਰਮ ਲੂੰ ਚਲਦੀ ਹੈ ਜਿਹੜੀ ਕਈ ਵੇਰ ਹਨੇਰੀ ਦਾ ਰੂਪ ਵੀ ਧਾਰਨ ਕਰ ਲੈਦੀ ਹੈ। ਰੇਤ ਦੇ ਬਰੀਕ ਕਣਾਂ ਨਾਲ ਲੱਦੀ ਹੋਈ ਹਵਾ, ਪੰਜਾਬ ਦੀ ਹਵਾ ਦੀਆਂ ਉਪਰਲੀਆਂ ਪਰਤਾਂ ਵਿੱਚ ਇਕ ਚਾਦਰ ਦੇ ਰੂਪ ਵਿੱਚ ਬੈਠ ਜਾਂਦੀ ਹੈ ਤੇ ਗਹਿਰ ਜਿਹੀ ਬਣ ਜਾਂਦੀ ਹੈ ਇਜ ਗਹਿਰ ਬੜਾ ਔਖਿਆਂ ਕਰਦੀ ਹੈ। ਕਈ ਵਾਰ ਇਹ ਗਹਿਰ ਕਈ ਕਈ ਦਿਨ ਲਗਾਤਾਰ ਰਹਿੰਦੀ ਹੈ ਅਤੇ ਧੁੱਪ ਨਾਲ ਪੱਕਣ ਵਾਲੇ ਖਰਬੂਜ਼ਿਆਂ, ਟਮਾਟਰਾਂ ਤੇ ਹੋਰ ਸਬਜ਼ੀਆਂ ਦੀ ਫ਼ਸਲ ਦਾ ਚੌਖਾ ਨੁਕਸਾਨ ਕਰਦੀ ਹੈ। ਇਸ ਮਹੀਨੇ ਪੰਜਾਬ ਦੀਆਂ ਮੰਡੀਆਂ ਵਿੱਚ ਖੂਬ ਰੌਣਕ ਹੁੰਦੀ ਹੈ। ਮੂੰਹ ਹਨੇਰੇ ਹੀ ਕਣਕ ਨਾਲ ਲੱਦੇ ਹੋਏ ਗੱਡੇ ਤੇ ਟਰੈਕਟਰ-ਟਰਾਲੀਆਂ ਵਹੀਰਾਂ ਦੇ ਰੂਪ ਵਿੱਚ ਮੰਡੀਆਂ ਵਿੱਚ ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਇਹ ਦਿਨ ਕਿਸਾਨ ਲਈ ਹੀ ਨਹੀਂ ਸਗੋਂ ਸਾਰੇ ਪੰਜਾਬੀਆਂ ਲਈ ਸਭ ਤੋਂ ਵਧ ਰੁਝੇਵੇਂ ਭਰੇ ਹੁੰਦੇ ਹਨ। ਮੰਡੀਆਂ ਵਿੱਚ ਅਨੇਕਾਂ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਇਸ ਮਹੀਨੇ ਵੀ ਕਿਸਾਨ ਨੂੰ ਆਰਾਮ ਨਹੀਂ ਹੈ। ਜਦੋਂ ਤੋਂ ਪੰਜਾਬ ਵਿੱਚ ਝੋਨਾ ਸਾਉਣੀ ਦੀ ਮੁੱਖ ਫ਼ਸਲ ਬਣ ਗਿਆ ਹੈ ਓਦੋਂ ਤੋਂ ਤਾਂ ਕੰਮ ਹੋਰ ਵੀ ਵਧ ਗਿਆ ਹੈ। ਮਹੀਨੇ ਦੇ ਸ਼ੁਰੂ ਵਿੱਚ ਹੀ ਝੋਨੇ ਦੀ ਪਨੀਰੀ ਤੇ ਸਬਜ਼ ਖਾਦ ਬੀਜਣੀ ਪੈਂਦੀ ਹੈ। ਕਈ ਕਿਸਾਨ ਤਾਂ ਅਗੇਤੀ ਮੱਕੀ ਵੀ ਬੀਜ ਦਿੰਦੇ ਹਨ। ਸਿੰਚਾਈ ਸਾਧਨਾਂ ਦੇ ਹੋਣ ਕਾਰਨ ਵਿਹਲ ਤਾਂ ਖਤਮ ਹੀ ਹੋ ਗਈ ਹੈ। ਜਦੋਂ ਅਮੀਰ ਲੋਕ ਠੰਡੇ ਕਮਰਿਆਂ ਵਿੱਚ ਤੇ ਆਮ ਲੋਕ ਪੱਖਿਆਂ ਹੇਠ ਬੈਠੇ ਹੁੰਦੇ ਹਨ ਓਦੋਂ ਕਿਸਾਨ ਵਿੱਚਾਰਾ ਆਪਣੇ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਰਿਹਾ ਹੁੰਦਾ ਹੈ। ਖ਼ਰਬੂਜ਼ਾ ਪੰਜਾਬ ਦਾ ਮਸ਼ਹੂਰ ਫ਼ਲ ਹੈ। ਇਸ ਮਹੀਨੇ ਹੀ ਨਿਰਜਲਾ ਇਕਾਦਸ਼ੀ ਦੇ ਦਿਨ ਥਾਂ-ਥਾਂ ਮੇਲੇ ਲੱਗਦੇ ਹਨ, ਸ਼ਰਬਤ ਦੀਆਂ ਛਬੀਲਾਂ ਲਾਈਆਂ ਜਾਦੀਆਂ ਹਨ ਤੇ ਖ਼ਰਬੂਜ਼ੇ ਖਾਧੇ ਜਾਂਦੇ ਹਨ। ਘਰ ਦਾਣੇ ਆ ਜਾਂਦੇ ਹਨ ਅਤੇ ਜੇਬ ਵਿੱਚ ਪੈਸੇ ਵੀ ਹੋ ਜਾਂਦੇ ਹਨ। ਇਸੇ ਕਰਕੇ ਵਿਆਹ ਸ਼ਾਦੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਦੁਕਾਨਦਾਰਾਂ ਲਈ ਤਾਂ ਚਾਂਦੀ ਹੋ ਜਾਂਦੀ ਹੈ। ਕਿਸਾਨ ਦੀ ਸਾਰੀ ਕਮਾਈ ਸ਼ਹਿਰ ਦੇ ਦੁਕਾਨਦਾਰਾਂ ਦੀ ਜੇਬ ਵਿੱਚ ਚਲੀ ਜਾਂਦੀ ਹੈ। ਇਸ ਕਰਕੇ ਪੰਜਾਬ ਦੀ ਆਰਥਕਤਾ ਦਾ ਆਧਾਰ ਖੇਤੀ ਹੈ। ਜੇਕਰ ਫ਼ਸਲ ਖ਼ਰਾਬ ਹੋ ਜਾਵੇ ਤਾਂ ਨਿਰਾ ਕਿਸਾਨ ਦਾ ਹੀ ਹਾਲ ਮਾੜਾ ਨਹੀਂ ਹੁੰਦਾ ਸਗੋਂ ਹਰ ਪਾਸੇ ਮੰਦਾ ਛਾਂ ਜਾਂਦਾ ਹੈ।

ਹਾੜ ਦਾ ਮਹੀਨਾ ਵੀ ਸਖ਼ਤ ਗਰਮੀ ਦਾ ਹੁੰਦਾ ਹੈ। ਇਸੇ ਮਹੀਨੇ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਵੀ ਸ਼ੁਰੂ ਹੋ ਜਾਂਦੀ ਹੈ। ਝੋਨੇ ਦੀ ਲੁਆਈ ਸਭ ਤੋਂ ਸਖ਼ਤ ਕੰਮ ਹੈ। ਕੜਕਦੀ ਧੁੱਪ ਵਿੱਚ ਖੇਤਾਂ ਵਿੱਚ ਪਾਣੀ ਪਾ ਕੇ ਕੱਦੂ ਕਰਨਾ ਪੈਂਦਾ ਹੈ। ਝੋਨੇ ਦੀ ਲੁਆਈ ਬਹੁਤ ਹੀ ਔਖਾ ਕੰਮ ਹੈ। ਚਿੱਕੜ ਬਣੇ ਪਾਣੀ ਵਿੱਚ ਮੂਥੇ-ਮੂਥੇ ਝੋਨੇ ਦੀ ਲੁਆਈ ਹੁੰਦਾ ਹੈ। ਕਈ-ਕਈ ਦਿਨ ਗੰਦੇ ਪਾਣੀ ਵਿੱਚ ਰਹਿਣ ਨਾਲ ਪੈਰ ਗਲ ਜਾਂਦੇ ਹਨ। ਜੇ ਖੇਤ ਵਿੱਚ ਜੋਕਾਂ ਹੋਣ ਤਾਂ ਫਿਰ ਪੈਰਾਂ ਵਿੱਚੋ ਲਹੂ ਵੀ ਪੀਤਾ ਜਾਂਦਾ ਹੈ। ਮੱਕੀ ਤੇ ਹੋਰ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਵੀ ਇਸ ਮਹੀਨੇ ਹੁੰਦੀ ਹੈ। ਝੋਨੇ ਲਈ ਪਾਣੀ ਦੀ ਲੋੜ ਹੈ ਬਿਜਲੀ ਦਾ ਕੋਈ ਭਰੋਸਾ ਨਹੀਂ ਕਦੇ ਇਹ ਰਾਤ ਨੂੰ ਆਉਂਦੀ ਹੈ ਤੇ ਕਦੇ ਇਹ ਦਿਨ ਨੂੰ। ਸਾਰਾ ਦਿਨ ਧੁੱਪ ਵਿੱਚ ਕੰਮ ਵਿੱਚ ਕੰਮ ਕਰੋ ਅਤੇ ਸਾਰੀ ਰਾਤ ਸੱਪਾਂ ਦੀਆ ਸਿਰੀਆਂ ਮਿੱਧਦੇ ਹੋਏ ਪਾਣੀ ਲਾਵੋ। ਜਦੋਂ ਗਰਮੀ ਦੀ ਅੱਤ ਹੋ ਜਾਂਦੀ ਹੈ ਤਾਂ ਕਿਸਾਨ ਮੀਂਹ ਦੀ ਉਡੀਕ ਕਰਦਾ ਹੈ ਜੇਕਰ ਬਾਰਸ਼ਾ ਥੋੜ੍ਹੀਆਂ ਪਛੜ ਜਾਣ ਤਾਂ ਕਿਸਾਨ ਨੂੰ ਫਿਕ ਲੱਗ

ਜਾਂਦਾ ਹੈ। ਪਿੰਡ ਪਿੰਡ ਵਿੱਚ ਜੱਗ ਹੁੰਦੇ ਹਨ ਤੇ ਕੰਜ਼ਕਾਂ ਬਿਠਾਈਆਂ ਜਾਂਦੀਆਂ ਹਨ ਤਾਂ ਕਿ ਮੀਂਹ ਪੈ ਸਕੇ। ਬੱਚੇ ਵੀ ਗਾਉਂਦੇ ਹਨ,

"ਰੱਬਾ ਰੱਬਾ ਮੀਂਹ ਵਸਾ,ਸਾਡੀ ਕੋਠੀ ਦਾਣੇ ਪਾ"

ਸਾਉਣ ਦਾ ਮਹੀਨਾ ਇਕ ਖ਼ੁਸ਼ੀਆਂ ਭਰੀ ਤਬਦੀਲੀ ਲੈਕੇ ਆਉਦਾ ਹੈ। ਬਰਸਾਤ ਸ਼ੁਰੂ ਹੋ ਜਾਂਦੀ ਹੈ। ਹਰ ਪਾਸੇ ਹਰਿਆਵਲ ਛਾਂ ਜਾਂਦੀ ਹੈ। ਕਹਿਰਾ ਦੀ ਗਰਮੀ ਤੋਂ ਛੁਟਕਾਰਾ ਮਿਲਦਾ ਹੈ। ਜਿਥੇ ਬਰਸਾਤ ਦੇ ਸ਼ੁਰੂ ਹੋਣ ਦੀ ਖ਼ੁਸ਼ੀ ਹੁੰਦੀ ਹੈ ਉੱਥੇ ਵੱਧ ਬਾਰਸ਼ ਨਾਲ ਮੱਕੀ ਤੇ ਦਾਲਾਂ ਦੀ ਫ਼ਸਲ ਖ਼ਰਾਬ ਹੋ ਜਾਂਦੀ ਹੈ। ਇਸ ਮਹੀਨੇ ਫ਼ਸਲ ਦੀ ਬਿਜਾਈ ਤੋਂ ਪਿੱਛੋ ਕਿਸਾਨ ਨੂੰ ਥੋੜਾ ਸੁਖ ਦਾ ਸਾਹ ਆਉਦਾ ਹੈ। ਜੇਕਰ ਮੀਂਹ ਠੀਕ ਪੈਂਦੇ ਰਹਿਣ ਤਾਂ ਸਿੰਜਾਈ ਦਾ ਵੀ ਕੰਮ ਘੱਟ ਜਾਂਦਾ ਹੈ। ਅੰਬ ਚੂਪਣੇ ਤੇ ਕੱਚੀ ਲੱਸੀ ਪੀਣੀ ਜਾਂ ਫਿਰ ਲੰਮੀ ਝੜੀ ਵਿੱਚ ਪੂੜੇ ਬਣਾਕੇ ਖਾਣੇ ਇਸ ਮਹੀਨੇ ਦੀ ਮਸਤੀ ਹੈ। ਇਸ ਥੋੜ੍ਹੀ ਵਿਹਲ ਵਾਲੇ ਮਹੀਨੇ ਨੂੰ ਕਿਸਾਨ ਵਿਹਲਾ ਅੰਵਾਈਂ ਨਹੀਂ ਗੁਆ ਦਿੰਦਾ ਸਗੋਂ ਆਪਣੀ ਸਿਹਤ ਦਾ ਖ਼ਿਆਲ ਕਰਦਾ ਹੈ। ਇਨ੍ਹਾਂ ਦਿਨਾਂ'ਚ ਪਿੰਡ ਪਿੰਡ ਛਿੰਝਾਂ ਪੈਦੀਆਂ ਹਨ ਜਿਸ ਵਿੱਚ ਕੁਸ਼ਤੀਆਂ ਹੁੰਦੀਆਂ ਹਨ। ਮਰਦਾਂ ਦਾ ਕੰਮ ਘਟਣ ਨਾਲ ਔਰਤਾਂ ਦਾ ਕੰਮ ਵੀ ਘੱਟ ਜਾਂਦਾ ਹੈ। ਉਹ ਵੀ ਦੁਪਹਿਰਾਂ ਨੂੰ ਪੀਘਾਂ ਝੂਟਦੀਆਂ ਹਨ ਤੇ ਤੀਆਂ ਦੇ ਮੇਲੇ ਲਗਦੇ ਹਨ। ਘਰਾਂ ਵਿੱਚ ਦੁੱਧ ਘਿਉ ਦੀ ਬਹਾਰ ਹੋ ਜਾਂਦੀ ਹੈ।ਮੀਂਹ ਪੈਦਿਆਂ ਹੀ ਹਰੇ ਪੱਠੇ ਆਮ ਹੋ ਜਾਂਦੇ ਹਨ ਅਤੇ ਗਰਮੀ ਘਟ ਜਾਂਦੀ ਹੈ। ਇਸੇ ਨਾਲ ਲਵੇਰੀਆਂ ਦਾ ਦੁੱਧ ਵਧ ਜਾਂਦਾ ਹੈ। ਦੁੱਧ, ਘਿਉ, ਮੱਖਣ ਤੇ ਲੱਸੀਆਂ ਪੀ ਪਿੰਡ ਵਾਲੇ ਆਪਣੀ ਸਿਹਤ ਦਾ ਧਿਆਨ ਰੱਖਦੇ ਹਨ। ਖੀਰਾਂ ਤੇ ਪੂੜੇ ਇਸ ਦੀ ਨਿਸ਼ਾਨੀ ਹਨ। ਸਾਉਣ ਦਾ ਮਹੀਨਾ ਖ਼ਤਮ ਹੁੰਦਿਆਂ ਹੀ ਫਿਰ ਕੰਮ ਦਾ ਜ਼ੋਰ ਹੋ ਜਾਂਦਾ ਹੈ। ਫ਼ਸਲਾਂ ਦੀ ਗੁਡਾਈ ਅਤੇ ਨਦੀਨਾਂ ਦੀ ਕਢਾਈ ਦਾ ਕੰਮ ਸ਼ੁਰੂ ਹੋ ਜਾਂਦਾ ਹੈ।

ਭਾਦਰੋਂ ਦਾ ਮੌਸਮ ਵੀ ਬਹੁਤ ਖ਼ਰਾਬ ਹੁੰਦਾ ਹੈ। ਹਵਾ ਵਿੱਚ ਨਮੀ ਹੁੰਦੀ ਹੈ। ਉੱਪਰੋਂ ਧੁੱਪ ਪੈਂਦੀ ਹੈ। ਪਸੀਨਾ ਆਉਂਦਾ ਹੈ ਪਰ ਸੁੱਕਦਾ ਨਹੀਂ ਹਰ ਪਾਸੇ ਹੁੰਮਸ ਹੁੰਦੀ ਹੈ। ਜਦੋਂ ਹਵਾ ਬੰਦ ਹੋਵੇ ਤਾਂ ਸਾਹ ਲੈਣਾ ਔਖਾ ਹੋ ਜਾਂਦਾ ਹੈ। ਅਜਿਹੇ ਭੈੜੇ ਮੌਸਮ ਵਿੱਚ ਖੇਤਾਂ ਅੰਦਰ ਕੰਮ ਕਰਨਾ ਬਹੁਤ ਹੀ ਕਠਿਨ ਹੈ। ਇਸ ਦੀ ਵਿਸਾਖਿਆ ਇਹ ਅਖਾਣ ਕਰਦਾ ਹੈ ਕਿ,

"ਭਾਦਰੋਂ ਦੇ ਚੁਮਾਸੇ ਤੋਂ ਡਰਦਾ ਜੱਟ ਵੀ ਸਾਧ ਹੋ ਜਾਂਦਾ ਹੈ"

ਅੱਸੂ ਮਹੀਨੇ ਗਰਮੀ ਦਾ ਪ੍ਰਕੋਪ ਕੁਝ ਘਟ ਜਾਂਦਾ ਹੈ। ਸਾਉਣੀ ਦੀ ਫ਼ਸਲ ਕਟਾਈ ਲਈ ਤਿਆਰ ਹੋ ਜਾਂਦੀ ਹੈ।ਮੱਕੀ, ਝੋਨਾ, ਮੂੰਗਫ਼ਲੀ, ਦਾਲਾਂ ਆਦਿ ਦੀ ਕਟਾਈ ਦਾ ਪੂਰਾ ਜ਼ੋਰ ਹੁੰਦਾ ਹੈ। ਹਰ ਕਿਸਾਨ ਨੂੰ ਸਮੇਂ ਸਿਰ ਆਪਣੀ ਫ਼ਸਲ ਨੂੰ ਸਾਂਭਣ ਦੀ ਕਾਹਲ ਹੁੰਦੀ ਹੈ ਇਕ ਤਾਂ ਮੌਸਮ ਖ਼ਰਾਬ ਹੋਣ ਦਾ ਡਰ, ਦੂਜੇ ਹਾੜੀ ਦੀ ਬਿਜਾਈ ਦੀ ਕਾਹਲ।ਕਿਸਾਨ ਦਾ ਦਿਨ ਰਾਤ ਇਕ ਹੋ ਜਾਂਦਾ ਹੈ। ਉਸ ਦਾ ਸਾਰਾ ਦਿਨ ਕੰਮ ਕਰਦਿਆਂ ਅਤੇ ਰਾਤ ਫ਼ਸਲ ਦੀ ਰਾਖੀ ਕਰਦਿਆਂ ਖੇਤਾਂ

ਵਿੱਚ ਹੀ ਗੁਜ਼ਰਦੀ ਹੈ। ਕਟਾਈ ਦੇ ਦਿਨਾਂ ਵਿੱਚ ਬਹੁਤ ਸਾਰੇ ਕਾਮਿਆਂ ਦੀ ਲੋੜ ਹੁੰਦੀ ਹੈ। ਜੇਕਰ ਲੋੜ ਅਨੁਸਾਰ ਕਾਮੇ ਨਾ ਮਿਲਣ ਤਾਂ ਉਹ ਆਪਣੇ ਟੱਬਰ ਦੇ ਜੀਆਂ ਨੂੰ ਨਾਲ ਲਾ ਕੇ ਕੰਮ ਕਰਦਾ ਹੈ ਤਾਂ ਜੋ ਫ਼ਸਲ ਸਾਂਭੀ ਜਾ ਸਕੇ।

ਕੱਤਕ ਦਾ ਮਹੀਨਾ ਤਾਂ ਹੋਰ ਵੀ ਰੁਝੇਵਿਆਂ ਭਰਿਆਂ ਹੁੰਦਾ ਹੈ। ਕਣਕ ਪੰਜਾਬ ਦੀ ਮੁੱਖ ਫ਼ਸਲ ਹੈ। ਇਥੋਂ ਦੀ ਧਰਤੀ ਕਣਕ ਦੇ ਰੂਪ ਵਿੱਚ ਸੋਨਾ ਪੈਦਾ ਕਰਦੀ ਹੈ। ਕਣਕ ਦਾ ਰੰਗ ਵੀ ਤਾਂ ਸੋਨੇ ਵਰਗਾ ਹੀ ਹੁੰਦਾ ਹੈ। ਇਹ ਸੋਨਾ ਨਾ ਕੇਵਲ ਨਿੱਤ ਦੀ ਖੁਰਾਕ ਹੀ ਹੈ, ਸਗੋਂ ਕਿਸਾਨ ਦੀ ਕਮਾਈ ਹੈ ਕਿਉਂਕਿ ਉਸ ਦੀ ਗ੍ਰਹਿਸਥੀ ਦਾ ਆਧਾ ਕਣਕ ਤੋਂ ਵੱਟੀ ਰਕਮ ਹੀ ਹੈ। ਮਿੱਟੀ ਤੇ ਮੀਂਹ ਇਸ ਦੌਲਤ ਦੇ ਮਾਪੇ ਹਨ। ਚੋਖੇ ਝਾੜ ਵਾਲੀ ਵਧੀਆਂ ਕਣਕ ਤਗੜੀ ਤੇ ਤਾਕਤਵਰ ਮਿੱਟੀ ਵਾਲੀ ਉਪਜਾਊ ਜ਼ਮੀਨ ਵਿੱਚ ਹੀ ਹੋ ਸਕਦੀ ਹੈ। ਲੋੜੀਦਾ ਪਾਣੀ ਤੇ ਖਾਦ ਇਸ ਦੀ ਸਫ਼ਲਤਾ ਲਈ ਜ਼ਰੂਰੀ ਹੈ। ਇਸ ਦੀ ਬਿਜਾਈ ਕੱਤਕ ਵਿੱਚ ਹੀ ਹੁੰਦੀ ਹੈ। ਜਲਦੀ-ਜਲਦੀ ਸਾਉਣੀ ਸਮੇਟੀ ਜਾਂਦੀ ਹੈ ਤਾਂ ਜੋ ਖੇਤ ਵਿਰਲੇ ਹੋ ਸਕਣਾ। ਇਸ ਕਰਕੇ ਦੂਹਰਾ ਕੰਮ ਹੋ ਜਾਂਦਾ ਹੈ। ਇਸ ਮਹੀਨੇ ਤਾਂ ਕਿਸਾਨ ਨੂੰ ਮਰਨ ਦੀ ਵੀ ਵਿਹਲ ਨਹੀਂ ਹੁੰਦੀ। ਖੇਤੀ ਹੁਣ ਪਹਿਲਾਂ ਵਰਗੀ ਸਿੱਧੀ ਸਾਦੀ ਨਹੀਂ ਰਹੀ ਸਗੋਂ ਇਕ ਗੁੰਝਲਦਾਰ ਧੰਧਾ ਬਣ ਗਈ ਹੈ। ਕਣਕ ਦੀ ਬਿਜਾਈ ਪਹਿਲਾਂ ਵਾਂਗ ਛੱਟੇ ਵਲੀ ਨਹੀਂ ਰਹੀਂ ਸਗੋਂ ਬੀਜ ਅਤੇ ਖਾਦ ਦੀ ਪੂਰੀ ਮਿਕਦਾਰ ਅਤੇ ਸਹੀ ਡੂੰਘਾਈ ਉੱਤੇ ਪਾਉਣ ਵਧ ਮਹੱਤਵਪੂਰਨ ਹੈ।

ਕੱਤਕ ਤੋਂ ਪਿੱਛੋਂ ਮੱਘਰ ਆਉਂਦਾ ਹੈ। ਇਸ ਮਹੀਨੇ ਜਦੋਂ ਮੌਸਮ ਠੰਡਾ ਹੋਣ ਲੱਗਦਾ ਹੈ ਕਿਸਾਨ ਨੂੰ ਆਪਣੀ ਹਾੜੀ ਦੀ ਬਿਜਾਈ ਪੂਰੀ ਕਰਨ ਦੀ ਕਾਹਲ਼ ਹੁੰਦੀ ਹੈ ਕਿਉਂਕਿ ਪਿਛੇਤੀ ਬਿਜਾਈ ਤਾਂ ਬੀਜ ਖ਼ਰਾਬ ਕਰਨ ਵਾਲੀ ਹੀ ਗੱਲ ਹੈ। ਮੱਘਰ ਵਿੱਚ ਕੂਲੇ ਘਾਹ ਵਰਗੇ ਛੋਟੇ-ਛੋਟੇ ਕਣਕ ਦੇ ਬੂਟੇ ਠੰਡੀਆਂ ਰਾਤਾਂ ਦੀ ਤਰੇਲ ਨਾਲ ਨਾਤ੍ਹੇ ਧੋਤੇ ਜਾਂਦੇ ਹਨ ਪ੍ਰੰਤੂ ਕਣਕ ਦੀ ਭਰਪੂਰ ਫ਼ਸਲ ਲਈ ਬਾਰਸ਼ ਦੀ ਬਹੁਤ ਲੋੜ ਹੈ। ਮੱਘਰ ਤੇ ਪੋਹ ਦੇ ਦਿਨਾਂ ਵਿੱਚ ਪੰਜਾਬੀ ਕਿਸਾਨ ਹਰ ਰੋਜ਼ ਅੱਡੀਆਂ ਚੁੱਕ-ਚੁੱਕ ਕੇ ਮੀਂਹ ਦੀ ਉਡੀਕ ਕਰਦਾ ਹੈ। ਹਰ ਖੁਸ਼ਕ ਦਿਹਾੜਾ ਉਸ ਨੂੰ ਉਦਾਸ ਕਰ ਦਿੰਦਾ ਹੈ। ਮੀਂਹ ਪੈਣ ਨਾਲ ਉਸ ਨੂੰ ਸੁਖ ਤੇ ਸ਼ਾਤੀ ਮਿਲਦੀ ਹੈ। ਕਪਾਹ ਅਤੇ ਨਰਮੇ ਦੀ ਚੁਗਾਈ ਵੀ ਅਖੀਰ ਤੇ ਹੀ ਹੁੰਦੀ ਹੈ। ਹਾੜੀ ਦੀ ਬਿਜਾਈ ਤੋਂ ਵਿਹਲੇ ਹੁੰਦਿਆਂ ਹੀ ਕਮਾਦ ਦੀ ਪਿੜਾਈ ਸ਼ੁਰੂ ਹੋ ਜਾਂਦੀ ਹੈ। ਗੰਨੇ ਭਾਵੇਂ ਫ਼ੈਕਟਰੀ ਭੇਜਣਾ ਹੋਵੇ ਜਾਂ ਘਰ ਪਿੜਾਈ ਕਰਨੀ ਹੋਵੇ, ਮਿਹਨਤ ਤਾਂ ਉਹਨੀ ਹੀ ਹੁੰਦੀ ਹੈ। ਜੇਕਰ ਗੰਨਾ ਫ਼ੈਕਟਰੀ ਲਿਜਾਣਾ ਹੋਵੇ ਫਿਰ ਵੀ ਕੱਟ, ਛਿੱਲ ਕੇ ਟਰੈਕਟਰ ਜਾਂ ਗੱਡੇ ਉੱਤੇ ਲੱਦ ਕੇ ਫ਼ੈਕਟਰੀ ਤੀਕ ਲਿਜਾਣਾ ਪੈਂਦਾ ਹੈ ਜਿੱਥੇ ਤੁਲਾਈ ਲਈ ਕਈ ਦਿਨ ਖੜ੍ਹੇ ਰਹਿਣਾ ਪੈਂਦਾ ਹੈ। ਪੈਸੇ ਦੀ ਵਸੂਲੀ ਲਈ ਤਾਂ ਕਈ-ਕਈ ਚੱਕਰ ਮਾਰਨੇ ਪੈਂਦੇ ਹਨ।

ਪੰਜਾਬ ਵਿੱਚ ਪੋਹ ਦੇ ਮਹੀਨੇ ਅੰਤਾਂ ਦੀ ਠੰਡ ਪੈਂਦੀ ਹੈ। ਸੂਰਜ ਢਲਦਿਆਂ ਹੀ ਕੱਕਰ ਪੈਣਾ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਕਕਰੀਲੀਆਂ ਰਾਤਾਂ ਵਿੱਚ ਕਿਸਾਨ ਹੀ ਖੇਤਾਂ ਨੂੰ ਪਾਣੀ ਲਾਉਂਦਾ ਹੈ। ਹਾੜੀ ਦੀ ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਪਾਣੀ

ਦੀ ਡਾਢੀ ਲੋੜ ਪੈਂਦੀ ਹੈ ਕਣਕ ਦੀ ਗੁਡਾਈ ਵੀ ਇਸ ਮਹੀਨੇ ਹੀ ਹੁੰਦੀ ਹੈ। ਕਮਾਦ ਦੀ ਕਟਾਈ ਅਤੇ ਪਿੜਾਈ ਦਾ ਕੰਮ ਵੀ ਜਾਰੀ ਰਹਿੰਦਾ ਹੈ। ਲੋਹੜੀ ਦਾ ਤਿਉਹਾਰ ਸਿਆਲ ਦਾ ਨਿਰੋਲ ਤਿਉਹਾਰ ਹੈ। ਇਸ ਨੂੰ ਸਾਰੇ ਪੰਜਾਬੀ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਉਂਦੇ ਹਨ। ਲੋਹੜੀ ਸਰਦੀ ਦਾ ਤਿਉਹਾਰ ਹੈ ਜਦੋਕਿ ਬੰਸਤ ਸਰਦੀ ਨੂੰ ਅਲਵਿਦਾ ਕਹਿਣ ਦਾ ਤਿਉਹਾਰ ਹੈ।

ਮਾਘ ਦੇ ਮਹੀਨੇ ਸਰਦੀ ਦਾ ਜ਼ੋਰ ਜਾਰੀ ਰਹਿੰਦਾ ਹੈ। ਪਿਛਲੇ ਮਹੀਨੇ ਵਾਲੇ ਕੰਮ ਚਾਲੂ ਰਹਿੰਦੇ ਹਨ। ਫ਼ਲਦਾਰ ਬੂਟਿਆਂ ਦੀ ਲਗਾਈ ਲਈ ਵੀ ਇਹ ਬੜਾ ਢੁਕਣਾ ਮਹੀਨਾ ਹੈ। ਗਰਮੀਆਂ ਦੀਆਂ ਸਬਜ਼ੀਆਂ ਦੀ ਕਾਸ਼ਨ ਲਈ ਜ਼ਮੀਨ ਦੀ ਤਿਆਰੀ ਵੀ ਸ਼ੁਰੂ ਹੋ ਜਾਂਦੀ ਹੈ।

ਫੱਗਣ ਵਿੱਚ ਸਰਦੀ ਘਟ ਜਾਂਦੀ ਹੈ। ਖੇਤਾਂ ਵਿੱਚ ਸਰੋਂ ਦੇ ਪੀਲੇ ਫੁੱਲ ਖਿੜ ਜਾਂਦੇ ਹਨ। ਹਰ ਪਾਸੇ ਪੀਲੇ ਰੰਗ ਦੀ ਫੁਹਾਰ ਨਜ਼ਰ ਆਉਂਦੀ ਹੈ। ਸਰਦੀ ਦੇ ਸਤਾਏ ਬੂਟੇ ਅੰਗੜਾਈ ਲੈਂਦੇ ਹਨ ਅਤੇ ਉਨ੍ਹਾਂ ਉੱਤੇ ਨਵਾਂ ਪੁੰਗਾਰ ਫੁੱਟਦਾ ਹੈ। ਬੰਸਤ ਰੁੱਤ ਖ਼ੁਸ਼ੀਆਂ ਦੇ ਖੇੜੇ ਲੈਕੇ ਆਉਦੀ ਹੈ। ਬੰਸਤ ਦਾ ਤਿਉਹਾਰ ਬੜੇ ਚਾਅ ਨਾਲ ਮਨਾਇਆਂ ਜਾਂਦਾ ਹੈ। ਲੋਕਾਂ ਵਿੱਚਨਵਾਂ ਜੋਸ਼ ਤੇ ਉਮੰਗ ਛਾਂ ਜਾਂਦੀ ਹੈ। ਫੁੱਲਾ ਦੀ ਇਸ ਬਹਾਰ ਤੋਂ ਹੀ ਇਸ ਮਹੀਨੇ ਦਾ ਨੀ ਪਿਆ ਹੈ, ਫਲਗੁਣ ਜਿਸ ਨੂੰ ਕਾਹਲੇ ਸੁਭਾ ਵਾਲਾ ਪੰਜਾਬੀ ਫੱਗਣ ਆਖਦਾ ਹੈ। ਗਰਮੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਲਈ ਇਹ ਢੁਕਵਾਂ ਮੌਸਮ ਹੈ। ਫ਼ਸਲ ਨੂੰ ਪਾਣੀ ਦੇਣਾ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਦਿਨਾਂ ਵਿੱਚ ਕਣਕਾਂ ਨਿੱਸਰਦੀਆਂ ਹਨ ਤੇ ਉਨ੍ਹਾਂ ਵਿੱਚ ਦਾਣਾ ਪੈਂਦਾ ਹੈ। ਕਮਾਦ ਦਾ ਕੰਮ ਵੀ ਸਮੇਟਣ ਦੀ ਕਾਹਲ ਹੁੰਦੀ ਹੈ। ਇਸ ਮਹੀਨੇ ਕਈ ਵੇਰ ਬਾਰਸ਼ ਨਾਲ ਗੜ੍ਹੇ ਵੀ ਪੈ ਜਾਂਦੇ ਹਨ। ਗੜ੍ਹਿਆਂ ਨਾਲ ਨਵੇਂ ਪੈ ਰਹੇ ਦਾਣੇ ਖ਼ਾਸ ਕਰਕੇ ਛੋਲੇ ਮਾਰੇ ਜਾਂਦੇ ਹਨ ਤੇ ਚੋਖਾ ਨੁਕਸਾਨ ਹੁੰਦਾ ਹੈ। ਫੱਗਣ ਦੇ ਮਹੀਨੇ ਮੌਸਮ ਸੁਹਾਵਣਾ ਹੁੰਦਾ ਹੈ, ਕੰਮ ਤੋਂ ਕੁੱਝ ਵਿਹਲ ਮਿਲਦੀ ਹੈ ਤੇ ਨਵੀਂ ਫ਼ਸਲ ਦੀ ਆਮ ਹੁੰਦੀ ਹੈ। ਇਸ ਕਰਕੇ ਮਾਘ ਫੱਗਣ ਵਿਆਹ ਬਹੁਤ ਹੁੰਦੇ ਹਨ। ਕਿਸਾਨ ਬੀਬੀਆਂ ਦਾ ਜੀਵਨ ਰੁਝੇਵਿਆਂ ਭਰਿਆਂ ਤੇ ਸਖ਼ਤ ਮਿਹਨਤ ਵਾਲਾ ਹੈ। ਤਾਰਿਆਂ ਦੀ ਛਾਵੇਂ ਮਰਦਾਂ ਦੇ ਨਾਲ ਉਹ ਜਾਗ ਪੈਂਦੀਆਂ ਹਨ। ਡੰਗਰਾਂ ਨੂੰ ਪੱਠੇ ਪਾਉਣ ਵਿੱਚ ਆਪਣੇ ਮਰਦਾਂ ਦੀ ਸਹਾਇਤਾ ਕਰਦੀਆਂ ਹਨ। ਦੁੱਧ ਵਾਲੇ ਪਸ਼ੂਆਂ ਦਾ ਦੁੱਧ ਚੋਣਾ, ਦਹੀ ਰਿੜਕਣਾ ਸੂਰਜ ਨਿਕਲਣ ਤੋਂ ਪਹਿਲਾ ਹੀ ਖ਼ਤਮ ਹੋ ਜਾਂਦੇ ਹਨ। ਖੇਤਾਂ ਵਿੱਚ ਕੰਮ ਕਰ ਰਹੇ ਮਰਦਾਂ ਦਾ ਛਾਹ-ਵੇਲਾ ਤਿਆਰ ਕਰਨ ਤੇ ਉਨ੍ਹਾਂ ਲਈ ਖੇਤਾਂ ਵਿੱਚ ਲੈਕੇ ਜਾਣਾ ਔਰਤਾਂ ਦਾ ਹੀ ਕੰਮ ਹੈ। ਮੁੜ ਦੁਪਹਿਰ ਦੀ ਰੋਟੀ ਬਣਾਉਣੀ, ਸ਼ਾਮ ਨੂੰ ਚਾਹ ਤੇ ਰਾਹ ਦੀ ਰੋਟੀ ਜਿਹੜੀ ਉਸ ਨੂੰ ਖੇਤੀ ਕਾਮਿਆਂ ਲਈ ਵੀ ਬਣਾਉਣੀ ਪੈਦੀ ਹੈ। ਉਸਦੇ ਸਾਰੇ ਦਿਨ ਦੇ ਰੁਝੇਵੇ ਹਨ। ਆਮ ਘਰਾਂ ਵਿੱਚ ਤਾਂ ਡੰਗਰਾਂ ਦੀ ਸਾਂਭ ਸੰਭਾਲ ਵੀ ਔਰਤਾਂ ਦੇ ਜ਼ੁੰਮੇ ਹੀ ਹੈ। ਕਈ ਥਾਈ ਤਾਂ ਉਹ ਆਪਣੇ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੇਤਾਂ ਵਿੱਚ ਵੀ ਕੰਮ ਕਰਦੀਆਂ ਹਨ। ਖੇਤਾਂ ਵਿੱਚੋ ਕਪਾਹ ਚੁਹਾਣੀ, ਉਸਦੀ ਵਿਲਾਈ ਤੇ ਕਤਾਈ ਵੀ ਔਰਤਾਂ ਹੀ ਕਰਦੀਆਂ ਹਨ। ਇਹ ਕੰਮ ਸਿਆਲ ਦੀਆਂ ਲੰਬੀਆਂ ਰਾਤਾਂ ਨੂੰ ਗਲੀ ਗੁਆਂਢ ਦੀਆਂ ਮੁਟਿਆਰਾਂ ਇਕੱਠੀਆਂ ਬੈਠਕੇ ਕਰਦੀਆਂ ਸਨ ਜਿਸ

ਨੂੰ 'ਤ੍ਰਿੰਝਣ' ਆਖਿਆ ਜਾਂਦਾ ਹੈ। ਜੇਕਰ ਵੇਖਿਆ ਜਾਵੇ ਤਾਂ ਔਰਤਾਂ ਦਾ ਕੰਮ ਮਰਦਾਂ ਨਾਲੋਂ ਵੀ ਵੱਧ ਹੈ ਉਹ ਸਾਰੇ ਟੱਬਰ ਦੇ ਜਾਗਣ ਤੋਂ ਪਹਿਲਾਂ ਉੱਠ ਖਲੋਂਦੀਆਂ ਹਨ ਤੇ ਸਾਰਿਆਂ ਦੇ ਸੌਣ ਪਿੱਛੋ ਹੀ ਸੋਂਦੀਆਂ ਹਨ। ਖੇਤੀ ਦੇ ਕੰਮਾਂ ਵਿੱਚ ਤਾਂ ਮਰਦਾਂ ਦੀ ਸਹਾਇਤਾ ਖੇਤੀ ਕਾਮੇ ਕਰ ਦਿੰਦੇ ਹਨ ਪਰ ਘਰ ਦਾ ਸਾਰਾ ਕੰਮ ਤਾਂ ਹਾਲੀ ਵੀ ਔਰਤਾਂ ਆਪ ਹੀ ਕਰਦੀਆਂ ਹਨ।

ਕਿਸਾਨ ਦਾ ਸਾਰਾ ਸਾਲ ਹੀ ਰੁਝੇਵਿਆਂ ਭਰਿਆ ਹੁੰਦਾ ਹੈ। ਉਸ ਦਾ ਕੋਈ ਦਿਨ ਵੀ ਵਿਹਲਾ ਨਹੀਂ। ਉਸ ਲਈ ਕਦੇ ਵੀ ਛੁੱਟੀ ਨਹੀਂ। ਉਸ ਦੀ ਕਿਸਮਤ ਵਿੱਚ ਸੈਰ ਸਪਾਟਾ ਕੁਝ ਨਹੀਂ। ਬੱਸ ਤੜਕਸਾਰ ਤੋਂ ਲੈਕੇ ਢਲੀ ਦੀ ਰਾਤ ਤੀਕ ਕੰਮ ਹੀ ਕੰਮ ਹੈ। ਇਤਨੀਂ ਮਿਹਨਤ ਦੇ ਬਾਵਜੂਦ ਵੀ ਖ਼ੁਸ਼ੀ ਉਸ ਦੇ ਪੱਲੇ ਨਹੀਂ। ਡਰ ਨਾਲ ਹਰ ਵੇਲੇ ਉਸ ਦਾ ਸਾਹ ਸੁੱਕਿਆਂ ਰਹਿੰਦਾ ਹੈ। ਉਸ ਦੀ ਫ਼ਸਲ ਦੀ ਸਫ਼ਲਤਾ ਉਸ ਦੇ ਆਪਣੇ ਹੱਥ ਨਹੀਂ ਸਗੋਂ ਕੁਦਰਤ ਵੀ ਆਪਣਾ ਹਿੱਸਾ ਪਾਉਦੀ ਹੈ। ਕੁਵੇਲੇ ਦਾ ਮੀਂਹ, ਝੱਖੜ ਤੇ ਗੜ੍ਹੇ ਉਸ ਦੀ ਤਬਾਹੀ ਦਾ ਕਾਰਨ ਬਣਦੇ ਹਨ। ਲੰਬੀ ਔੜ ਉਸ ਦਾ ਸਾਹ ਸੁਕਾ ਦਿੰਦੀ ਹੈ। ਧੰਨ ਹਨ ਪੰਜਾਬੀ ਮਰਦ ਅਤੇ ਔਰਤਾਂ ਜਿਹੜੇ ਰੱਜ ਕੇ ਮਿਹਨਤ ਕਰਦੇ ਹਨ। ਇਸ ਮਿਹਨਤ ਸਦਕਾ ਆਪ ਵੀ ਰੱਜਕੇ ਖਾਦੇ ਹਨ ਤੇ ਬਾਕੀਆਂਦਾ ਵੀ ਢਿੱਡ ਭਰਦੇ ਹਨ।

ਪੰਦਰਵੀਂ ਸਦੀ ਤੋਂ ਲੈਕੇ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਤੱਕ ਪੰਜਾਬ ਵਿੱਚ ਹਿੰਦੂ ਸਾਮੰਤੀ ਵਿਵਸਥਾ, ਮੁਸਲਿਮ ਸਾਮੰਤੀ ਵਿਵਸਥਾ ਅਤੇ ਸਿੱਖ ਸਾਮੰਤੀ ਵਿਵਸਥਾ ਦੇ ਮਿਸ਼ਰਤ ਰੂਪ ਵਾਲਾ ਕਿਸਾਨੀ ਸਭਿਆਚਾਰ ਸੀ। ਇਸ ਮਿਸ਼ਰਤ ਰੂਪ ਦੀ ਸਿਰਜਣਾ ਵਿੱਚ ਉਸ ਵੇਲੇ ਦੀਆਂ ਜਾਤਾਂ-ਜਮਾਤਾਂ ਦੀ ਰਲਗੱਡਤਾ ਦੀ ਵਿਸ਼ੇਸ਼ ਸੰਸਕ੍ਰਿਤਿਕ ਸਥਿਤੀ ਦਾ ਯੋਗਦਾਨ ਵੀ ਮਹੱਤਵਪੂਰਨ ਸੀ। ਭੋਂ ਦੀ ਮਾਲਕੀ ਤੋਂ ਵਾਂਝੀਆਂ ਜਾਤਾਂ ਅਤੇ ਜਮਾਤਾਂ ਆਪਣੀ ਕਿਰਤ ਨੂੰ ਰਾਜਪੂਤ ਜ਼ਿਮੀਦਾਰਾਂ ਅਤੇ ਜਾਗੀਰਦਾਰਾਂ ਕੋਲ ਵੇਚਦੀਆਂ ਸਨ। ਛੋਟੀ ਕਿਸਾਨੀ ਆਪਣੇ ਆਰਥਕ ਹਿੱਤਾਂ ਦੀ ਪੂਰਤੀ ਲਈ ਸ਼ਾਹੂਕਾਰਾਂ ਤੇ ਵੱਡੇ-ਵੱਡੇ ਜਾਗੀਰਦਾਰਾਂ ਦੇ ਦਾਇਆ-ਕਰਮ ਉੱਤੇ ਪੂਰੀ ਤਰ੍ਹਾਂ ਨਿਰਭਰ ਹੋ ਚੁੱਕੀ ਹੈ। ਸਿੱਖ ਸਾਮੰਤੀ ਵਿਵਸਥਾ ਦਾ ਛੋਟੀ ਕਿਸਾਨੀ ਤੇ ਛੋਟੀ ਜਾਤ ਕਰਮ-ਖੇਤਰ ਵੀ ਹਿੰਦੂ/ਮੁਸਲਮਾਨ ਸਾਮੰਤੀ ਵਿਵਸਥਾ ਦੇ ਲੋਟੂ ਵਤੀਰੇ ਤੋਂ ਭਿੰਨ ਨਹੀਂ ਸੀ। ਭਾਵੇਂ ਕਿ ਪੰਜਾਬ ਦੇ ਇਸਲਾਮਿਕ ਸਾਮੰਤੀ ਤਾਨਾਸ਼ਾਹੀ ਦੇ ਆਉਣ ਨਾਲ ਪੰਜਾਬ ਨੂੰ ਹਿੰਦੂ ਸਾਮੰਤਕ ਵਿਵਸਥਾ ਵਿੱਚਲੀ ਬ੍ਰਾਹਮਣੀ ਸੋਚ ਤੋਂ ਮੁਕਤੀ ਪ੍ਰਾਪਤੀ ਹੁੰਦੀ ਹੈ ਪਰ ਇਹ ਮੁਕਤੀ ਇਕ ਨਵੇਂ ਸਾਮੰਤਵਾਦੀ ਤਾਨਸ਼ਾਹੀ ਦੀ ਸਿਰਜਣਾ ਵੀ ਕਰਦੀ ਜਾਂਦੀ ਸੀ। ਸਾਧਾਰਨ ਪੰਜਾਬੀ ਲੋਕਾਂ ਉੱਪਰ ਦੋਹਾਂ ਕਿਸਮਾਂ ਦੇ ਸਾਮੰਤੀ ਤਾਨਸ਼ਾਹੀ ਪ੍ਰਬੰਧਾਂ ਦਾ ਬੜਾ ਮਾਰੂ ਪ੍ਰਭਾਵ ਰਿਹਾ। ਇਸ ਪ੍ਰਭਾਵ ਤੋਂ ਨਿਜਾਤ ਪਾਉਣ ਲਈ ਹੀ ਜਨ-ਸਾਧਾਰਨ ਨੇ ਸਿੱਖ ਗੁਰੂਆਂ ਦੀ ਸਾਧਾਰਨੀਕਰਨ ਦੀ ਵਿੱਚਾਰਧਾਰਾ ਵਿੱਚ ਆਸਥਾ ਪ੍ਰਗਟਾ ਕੀਤੀ ਸੀ ਪਰ ਸਮੇਂ ਦੇ ਬੀਤਣ ਨਾਲ ਸਿੱਖ ਵਿੱਚਾਧਾਰਾ ਸਿੱਖ ਜਗੀਰੂ ਲੋਕਾਂ ਦਾ ਹਥਿਆਰ ਬਣਦੀ ਜਿਸਦੇ ਮਾਰੂ ਸਿੱਟੇ ਜਨ-ਸਾਧਾਰਨ ਪੰਜਾਬੀ ਕਿਸਾਨੀ ਅਤੇ ਛੋਟੀਆਂ ਜਾਤਾਂ ਨੂੰ ਭੁਗਤਣੇ ਪਏ ਜੋਕਿ ਭੁਗਤਣੇ ਹੀ ਪੈਣੇ ਸਨ। ਕਿਉਂਕਿ ਇਤਿਹਾਸਕ ਵਿਕਾਸ ਦਾ ਅਮਲ ਦਸਦਾ ਹੈ ਕਿ "ਮੁੱਨਖ ਉੱਪਰ ਮੁੱਨਖ ਜਾਂ ਹੋਰ ਸਪਸ਼ਟ ਰੂਪ ਵਿੱਚ

ਸ਼ਰੇਣੀ ਉੱਪਰ ਸ਼੍ਰੇਣੀ ਦੀ ਲੁੱਟ-ਖਸੁੱਟਦਾ ਇਕ ਰੂਪ ਧਾਰਮਿਕ ਵੀ ਹੁੰਦਾ ਹੈ ਅਤੇ ਸਾਮੰਤੀ ਸਮਾਜ ਵਿੱਚ ਇਹ ਰੂਪ ਸਪਸ਼ਟ ਵੀ ਸੀ ਅਤੇ ਕਾਰਗਰ ਵੀ।ਸ਼ਾਇਦ ਇਸੇ ਕਰਕੇ ਇਸ ਸਮੇਂ ਦੇ ਆਰਥਕ ਸਮਾਜਕ ਸੰਘਰਸ਼ ਕਈ ਵਾਰ ਧਾਰਮਿਕ ਰੂਪ ਧਾਰ ਲੈਂਦੇ ਸਨ"।[1]

ਰਣਜੀਤ ਸਿੰਘ ਕਾਲ ਵਿੱਚ ਕਿਸਾਨੀ ਸਮਾਜ ਵਿੱਚ ਭੂਮੀ ਮਾਲਕੀ ਦੇ ਆਧਾਰ ਉੱਪਰ ਸ਼ਰੇਣੀ-ਵੰਡ ਕੀਤੀ ਜਾ ਸਕਦੀ ਹੈ। ਦੋ ਸ਼੍ਰੇਣੀਆਂ ਦੀ ਮੌਜੂਦਗੀ ਕਾਇਮ ਸੀ। ਪਹਿਲੀ, ਵੱਡੇ ਜ਼ਿਮੀਦਾਰ ਜਿਹੜੇ ਆਪਣੀ ਭੂਮੀ ਦੀ ਵਾਹੀ ਮੁਜ਼ਾਰਿਆਂ ਕੋਲੋ ਕਰਵਾਉਂਦੇ ਸਨ।ਦੂਸਰੀ, ਜ਼ਿਮੀਦਾਰ ਕਾਸ਼ਤਕਾਰ ਭਾਵ ਮਾਲਕ ਮੁਜ਼ਾਰੇ, ਜੋ ਆਪਣੀ ਭੂਮੀ ਦੀ ਖੁਦ ਵਾਹੀ ਕਰਦੇ ਸਨ। ਮਾਲਕ-ਕਾਸ਼ਤਕਾਰਾਂ (ਕੋਈ ਵੀ ਆਦਮੀ ਜਿਹੜਾ ਨਵੀਂ ਜਮੀਨ ਨੂੰ ਵਾਹੀ ਹੇਠ ਲਿਆਉਦਾ, ਉਹੀ ਜ਼ਮੀਨ ਦਾ ਮਾਲਕ ਅਖਵਾਉਂਦਾ ਸੀ) ਦੀ ਗਿਣਤੀ ਦਾ ਅਠ੍ਹਾਰਵੀਂ ਸਦੀ ਦੇ ਅਖੀਰ ਅਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਵਿੱਚ ਵਾਧਾ ਹੋ ਰਿਹਾ ਸੀ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕਾਸ਼ਤਕਾਰਾਂ ਦੀ ਸਥਿਤੀ ਬਹੁਤ ਜ਼ਿਆਦਾ ਸੁਰੱਖਿਅਤ ਸੀ। ਸਰਕਾਰ ਦੁਆਰਾ ਭੂਮੀ ਦੇ ਮਾਲਕ ਅਤੇ ਗ਼ੈਰ-ਮਾਲਕ ਕਾਸ਼ਤਕਾਰ ਨਾਲ ਇੱਕੋ ਜਿਹਾ ਵਿਵਹਾਰ ਕੀਤਾ ਜਾਂਦਾ ਸੀ। ਅਸਲ ਵਿੱਚ ਸਰਕਾਰ ਦੀ ਇਹ ਨੀਤੀ ਕਿ ਵਾਹੀ ਹੇਠ ਭੂਮੀ ਨੂੰ ਬਿਲਕੁਲ ਖ਼ਾਲੀ ਨਾ ਛੱਡਿਆ ਜਾਵੇ ਗ਼ੈਰ-ਮਾਲਕ ਕਾਸ਼ਤਕਾਰਾਂ ਵਾਸਤੇ ਬਹੁਤ ਲਾਹੇਵੰਦ ਸਾਬਤ ਹੋਈ। ਕਿਸਾਨੀ ਵਰਗਾਂਤੋਂ ਸ਼ਾਹੂਕਾਰਾਂ ਕੋਲ ਜ਼ਮੀਨ ਦੀ ਹੁੰਦੀ ਤਬਦੀਲੀ ਨੂੰ ਵੇਖਦਿਆਂ ਅੰਗਰੇਜ਼ੀ ਸਮਾਰਾਜ ਨੇ 1901ਈ: ਵਿੱਚLand Alienation Act ਪਾਸ ਕੀਤਾ। ਇਸ ਐਕਟ ਨੂੰ ਪਾਸ ਕਰਨਦਾ ਰਾਜਨੀਤਕ ਕਾਰਨ ਇਹ ਸੀ ਕਿ ਪੰਜਾਬ ਅੰਦਰ ਅੰਗਰੇਜ਼ ਪੱਖੀ ਰਾਜਨੀਤਕ ਸਥਿਰਤਾ ਕਾਇਮ ਰਹੇ। ਜ਼ਮੀਨ ਦੀ ਤਲਦੀਲੀ ਇਸ ਰਾਜਨੀਤਕ ਸਥਿਰਤਾ ਨੂੰ ਅਥਿਰਤਾ ਵਿੱਚ ਬਦਲ ਸਕਦੀ ਸੀ। ਆਰਥਕ ਮੰਤਵ ਇਸ ਦਾ ਇਹ ਸੀ ਕਿ ਅੰਗਰੇਜ਼ੀ ਜ਼ਮੀਨ ਤੋਂ ਕੱਚੇ ਮਾਲ ਦੀ ਉਪਜ ਵਿੱਚੋ ਵੱਧ ਤੋਂ ਵੱਧਮਾਲ ਪ੍ਰਾਪਤ ਕਰ ਸਕੇ। ਮਾਲ ਦੀ ਪ੍ਰਾਪਤੀ ਉਸਨੂੰ ਕਾਸ਼ਤਕਾਰ ਕਬੀਲਿਆਂ ਕੋਲੋ ਹੀ ਹੋ ਸਕਦੀ ਸੀ, ਗ਼ੈਰ-ਕਾਸ਼ਤਕਾਰ ਕਬੀਲਿਆਂ ਕੋਲੋ ਨਹੀਂ।"ਸ਼ਾਹੂਕਾਰਾਂ ਦੀ ਸ਼ਹਿਰਾਂ ਵੱਲ ਹਿਜਰਤ ਅਤੇ ਸਨਅਤੀ ਤਰੱਕੀ ਵਿੱਚ ਪੈਸਾ ਲਾਉਣ ਦੀ ਲਾਲਸਾ ਨੇ ਅੰਗਰੇਜ਼ਾਂ ਨੂੰ ਸ਼ੱਕੀ ਬਣਾ ਦਿੱਤਾ। ਇਸ ਵਿੱਚੋਂ ਅੰਗਰੇਜ਼ੀ ਸਾਮਰਾਜ ਨੂੰ ਰਾਜਨੀਤਕ ਖ਼ਤਰੇ ਦਾ ਆਭਾਸ ਹੋਣ ਲੱਗਾ, ਜਿਸ ਦੇ ਨਤੀਜੇ ਵਜੋਂ, 'ਜ਼ਮੀਨ ਵਖੇਰਵਾਂ ਐਕਟ-1901' ਹੋਂਦ ਵਿੱਚ ਆਇਆ"।[2] ਅੰਗਰੇਜ਼ੀ ਸਰਕਾਰ ਦੁਆਰਾ 1871 ਤੋਂ 1901 ਈ: ਤਕ ਦੇ ਸਮੇਂ ਵਿੱਚਲੀ ਕਿਸਾਨਾਂ ਦੀ ਸਮਾਜਕ ਤੇ ਆਰਥਕ ਸਥਿਤੀ ਨੂੰ ਵੇਖਦਿਆਂ ਭੂਮੀ ਸੁਧਾਰ ਸੰਬੰਧੀ ਕਈ ਕਾਨੂੰਨ ਬਣਾਏ ਗਏ। ਇਹ ਕਾਨੂੰਨ ਭਾਵੇਂ ਅੰਗਰੇਜ਼ਾਂ ਨੇ ਆਪਣੇ ਆਰਥਕ ਹਿੱਤਾਂ ਦੀ ਪੂਰਤੀ ਲਈ ਬਣਾਏ ਸਨ ਪਰ ਇਹਨਾਂ ਦਾ ਲਾਭ ਪੰਜਾਬੀ ਕਾਸ਼ਤਕਾਰਾਂ ਨੂੰ ਹੋਣਾ ਸੁਭਾਵਕ ਹੀ ਸੀ। ਅੰਗਰੇਜ਼ੀ ਸਮਾਰਾਜ ਦੀ ਖੇਤੀ ਨੀਤੀ ਬਾਰੇ ਕੁਝ ਸਰਕਾਰੀ ਤੇ ਪ੍ਰੰਬਧਕੀ ਵੇਰਨਾ[3] ਡਾ.ਸੁਦਰਸ਼ਨ ਸਿੰਘ ਨੇ ਇਸ ਪ੍ਰਕਾਰ ਦਿੱਤਾ ਹੈ:-

1. 1871 ਈ: ਵਿੱਚ ਪੰਜਾਬ ਲੈਂਡ ਰਿਵੇਨਿਊ ਐਕਟ ਪਾਸ:- ਇਸ ਐਕਟ ਵਿੱਚ ਜ਼ਮੀਨੀ ਬੰਦੋਬਸਤ ਅਤੇ ਮਾਲੀਆ ਉਗਰਾਉਣ ਸੰਬੰਧੀ ਕਾਨੂੰਨ ਦੀ ਵਿਆਖਿਆ ਕੀਤੀ ਗਈ।

2. 1871 ਈ: ਵਿੱਚ ਲੈਂਡ ਇਮਪਰੂਵਮੈਂਟ ਐਕਟ ਪਾਸ਼ ਕੀਤਾ ਗਿਆ, ਜਿਸ ਮੁਤਾਬਕ ਕਿਸਾਨਾਂ ਨੂੰ ਕਰਜ਼ੇ ਦਿੱਤੇ ਜਾਣ ਲੱਗਾ ਪਏ ਤਾਂ ਕਿ ਉਹ ਸ਼ਾਹੂਕਾਰਾਂ ਉੱਤੇ ਪੈਸੇ ਲਈ ਨਿਰਭਰ ਨਾ ਰਹਿਣ।
3. 1833 ਦੇ ਲੈਂਡ ਐਕਟ ਤੇ 1884ਈ: ਦੇ ਐਗ੍ਰੀਕਲਚਰਲ ਲੋਨ ਐਕਟ ਦਾ ਮੰਤਵ ਵੀ ਅਜਿਹਾ ਹੀ ਸੀ।
4. 21 ਅਕਤੂਬਰ 1886 ਈ: ਨੂੰ ਪੰਜਾਬ ਟੈਨੈਂਸੀ ਐਕਟ ਪਾਸ ਹੋ ਗਿਆ ਜਿਸ ਰਾਹੀਂ ਜ਼ਿਮੀਦਾਰਾਂ ਅਤੇ ਕਾਸ਼ਤਕਾਰਾਂ ਦੇ ਅਧਿਕਾਰਾਂ ਦੀ ਵਿਸਥਾਰਪੂਰਵਕ ਵਿਆਖਿਆ ਕੀਤੀ ਗਈ।
5. 1901 ਦਾ ਲੈਂਡ ਏਲੀਨੇਸ਼ਨ ਐਕਟ।
6. 1904 ਵਿੱਚ ਕੋਆਪਰੇਟਿਵ ਕਰੈਡਿਟ ਸੁਸਾਇਟੀਜ਼ ਐਕਟ, ਜਿਸ ਮੁਤਾਬਕ ਸਹਿਕਾਰੀ ਕਰਜ਼ੀ ਸੰਮਤੀਆਂ ਹੋਂਦ ਵਿੱਚ ਆਈਆਂ। ਕੋਆਪਰੇਟਿਵ ਆਧਾਰ ਉੱਤੇ ਖੇਤੀ ਉਪਜ ਨੂੰ ਵਧਾਉਣਾ ਵੀ ਇਸ ਦਾ ਮੰਤਵ ਸੀ।
7. 1905 ਸਸਪੈਨਸ਼ਨ ਐਂਡ ਰਮਿਸ਼ਨ ਰੈਜ਼ੂਲੇਸ਼ਨ, ਇਸ ਰੈਜ਼ੂਲੇਸ਼ਨ ਅਨੁਸਾਰ ਵਿਵਸਥਾ ਕੀਤੀ ਗਈ ਕਿ ਬਿਪਤਾ ਸਮੇਂ ਜਾਂ ਕਾਲ ਪੈਣ ਸਮੇਂ ਮਾਲੀਆ ਉਗਰਾਉਣ ਵਾਸਤੇ ਨਰਮਾਈ ਵਰਤੀ ਜਾਏ ਅਤੇ ਗੰਭੀਰ ਹਾਲਾਤ ਵਿੱਚ ਮਾਲੀਆ ਮੁਆਫ਼ ਕੀਤਾ ਜਾਵੇ।

ਅੰਗਰੇਜ਼ੀ ਸਾਮਰਾਜ ਨੇ ਪੰਜਾਬ ਦੀ ਜ਼ਮੀਨ ਦੀ ਪੈਦਾਵਾਰੀ ਸ਼ਕਤੀ ਨੂੰ ਵੇਖਦਿਆਂ ਲੁੱਟ-ਖਸੁੱਟ ਵਿੱਚ ਵਾਧਾ ਕਰਨ ਵਾਸਤੇ 1907 ਵਿੱਚ ਭੌਂ-ਆਬਾਦੀ ਬਿੱਲ ਪਾਸ ਕੀਤਾ ਇਸ ਬਿੱਲ ਰਾਹੀਂ ਭੌਂ-ਆਬਾਦੀਆਂ ਦੀ ਸਾਰੀ ਜ਼ਮੀਨ ਸਰਕਾਰ ਦੀ ਮਾਲਕੀ ਬਣ ਗਈ ਅਤੇ ਸਾਰੇ ਕਿਸਾਨ ਮੁਜ਼ਾਰੇ ਬਣ ਗਏ। ਇਸ ਬਿੱਲ ਨੇ ਆਬਾਦ ਜ਼ਮੀਨਾਂ ਦੇ ਕਿਸਾਨਾਂ ਨੂੰ ਜੜ੍ਹੋਂ ਹਿਲਾ ਦਿੱਤਾ। ਇਹ ਪਹਿਲਾਂ ਹੀ ਮੱਧ ਪੰਜਾਬ ਦੇ ਜ਼ਿਲ੍ਹਿਆਂ (ਅੰਮ੍ਰਿਤਸਰ, ਗੁਰਦਾਸਪੁਰ, ਅੰਬਾਲਾ, ਫ਼ਿਰੋਜ਼ਪੁਰ, ਜੰਲਧਰ, ਹੁਸ਼ਿਆਰਪੁਰ) ਤੋਂ ਆਪਣੇ ਘਰ-ਬਾਰ ਛੱਡ ਕੇ ਆਏ ਸਨ। ਇਹਨਾਂ ਨੇ ਨਹਿਰਾਂ ਦੀ ਪੁਟਾਈ ਕੀਤੀ ਸੀ। ਵੀਰਾਨ ਜ਼ਮੀਨਾਂ ਤੇ ਜੰਗਲਾਂ ਨੂੰ ਆਬਾਦ ਕਰਨ ਵਾਸਤੇ ਦੁੱਖ, ਭੁੱਖ ਤੇ ਤਸੀਹੇ ਝੱਲੇ ਸਨ। ਇਹ ਬਿੱਲ ਵੱਡੇ ਲੈਂਡ ਲਾਰਡਾਂ ਤੇ ਜਾਗੀਰਦਾਰਾਂ ਉੱਤੇ ਕੋਈ ਅਸਰ ਨਹੀਂ ਸੀ ਪਾਉਂਦਾ ਕਿਉਂਕਿ ਉਹਨਾਂ ਨੇ ਖੁਦ ਜੰਗਲ ਸਾਫ਼ ਕਰਨ ਤੇ ਜ਼ਮੀਨ ਨੂੰ ਆਬਾਦ ਕਰਨ ਦਾ ਕੰਮ ਨਹੀਂ ਸੀ ਕੀਤਾ। ਉਹ ਤੇ ਸਾਰਾ ਕਿਸਾਨਾਂ ਅਤੇ ਮੁਜ਼ਾਰਿਆਂ ਨੇ ਹੀ ਕੀਤਾ ਸੀ ਅਤੇ ਉਹਨਾਂ ਨੂੰ ਇਹ ਬਿੱਲ ਮਾਲਕੀ ਤੋਂ ਵਾਂਝਾ ਕਰ ਰਿਹਾ ਸੀ। ਭੌਂ-ਆਬਾਦੀ ਬਿੱਲ ਨੂੰ ਲੈ ਕੇ ਸ.ਅਜੀਤ ਸਿੰਘ, ਲਾਲਾ ਲਾਜਪਤ ਰਾਏ ਤੇ ਉਹਨਾਂ ਦੇ ਸਾਥੀਆਂ ਨੇ 21,22 ਮਾਰਚ 1907 ਨੂੰ ਪਹਿਲੀ ਕਾਨਫ਼ਰੰਸ ਲਾਇਲਪੁਰ ਵਿੱਚ ਰੱਖੀ। ਇਸ ਕਾਨਫ਼ਰੰਸ ਵਿੱਚ ਹਜ਼ਾਰਾਂ ਆਬਾਦਕਾਰਾਂ ਨੇ ਭਾਗ ਲਿਆ। ਕੋਲੋਨਾਈਜ਼ੇਸ਼ਨ ਬਿੱਲ ਦੇ ਖਿਲਾਫ਼ ਭਾਸ਼ਨ ਦਿੱਤੇ ਗਏ। ਇਸ ਕਾਨਫ਼ਰੰਸ ਵਿੱਚ ਸ੍ਰੀ ਬਾਂਕੇ ਦਿਆਲ ਦੀ ਲਿਖੀ ਗਈ ਕਵਿਤਾ 'ਪੱਗੜੀ ਸੰਭਾਲ ਜੱਟਾ' ਪੜ੍ਹੀ ਗਈ। ਇਸ ਕਵਿਤਾ ਦੇ ਕਾਰਨ ਹੀ ਲਹਿਰ (1907-1909) ਦਾ ਨਾਂ 'ਪੱਗੜੀ ਸੰਭਾਲ ਜੱਟਾ' ਪੈ ਗਿਆ ਸੀ। ਕਿਸਾਨਾਂ ਦੀ ਮਾੜੀ ਆਰਥਕ ਦਸ਼ਾ ਨੂੰ ਦੇਖਦਿਆਂ

ਅਤੇ ਸ.ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਦੇ ਯਤਨਾਂ ਸਦਕਾ ਚੱਲੀ ਪੱਗੜੀ ਸੰਭਾਲ ਜੱਟਾ ਲਹਿਰ ਦੇ ਦਬਾਉ ਕਾਰਨ ਕੋਲੋਨਾਈਜ਼ੇਸ਼ਨ ਬਿੱਲ ਨੂੰ ਲਾਰਡ ਮਿੰਟੋ ਨੇ ਵੀਟੋ ਕਰਕੇ ਕਾਨੂੰਨ ਬਣਨ ਤੋਂ ਰੋਕ ਦਿੱਤਾ। ਜ਼ਮੀਨ ਦਾ ਮਾਲੀਆ ਤੇ ਆਬਿਆਨਾ (ਪਾਣੀ ਦਾ ਮਾਮਲਾ) ਵੀ ਘੱਟ ਕਰ ਦਿੱਤਾ।[4]ਅੰਗਰੇਜ਼ੀ ਸਰਕਾਰ ਦੀਆਂ ਖੇਤੀਬਾੜੀ ਸੰਬੰਧੀ ਨੀਤੀ ਦਾ ਸਿੱਟਾ ਇਹ ਨਿਕਲਿਆ ਕਿ ਅਠਾਰ੍ਹਵੀਂ ਸਦੀ ਦੇ ਅੰਤ ਅਤੇ ਉਨ੍ਹੀਂਵੀ ਸਦੀ ਦੇ ਪਹਿਲੇ ਦਹਾਕੇ ਵਿੱਚ ਜ਼ਮੀਨ ਦੀ ਪੱਟੇਦਾਰੀ ਦੇ ਅਧਿਕਾਰ ਨੂੰ ਖੋਰਾ ਲੱਗਾ। ਇਸ ਨਵੇਂ ਬੰਦੋਬਸਤ ਵਿੱਚ "ਮੁਜ਼ਾਰਿਆਂ ਦੇ ਅਧਿਕਾਰਾਂ ਨੂੰ ਕਾਨੂੰਨੀ ਰੂਪ ਦਿੰਦੇ ਹੋਏ ਬਰਤਾਨਵੀ ਪ੍ਰਸ਼ਾਸਕਾਂ ਨੇ ਜੱਦੀ ਕਾਸ਼ਤਕਾਰ ਸ਼ਬਦ ਦੀ ਵਰਤੋਂ ਉਹਨਾਂ ਮੁਜ਼ਾਰਿਆਂ ਵਾਸਤੇ ਕੀਤੀ ਜਿਹੜੇ ਜ਼ਮੀਨਾਂ'ਤੇ ਬਹੁਤ ਲੰਬੇ ਸਮੇਂ ਤੋਂ ਵਾਹੀ ਕਰਦੇ ਆ ਰਹੇ ਸਨ ਅਤੇ ਦੂਸਰਾ ਵਰਤਿਆ ਗਿਆ ਸ਼ਬਦ 'ਉਤਰਾਧਿਕਾਰ ਦੇ ਹੱਕ ਤੋਂ ਬਿਨਾਂ' ਉਹਨਾਂ ਮੁਜ਼ਾਰਿਆਂ ਵਾਸਤੇ ਵਰਤਿਆ ਗਿਆ ਜਿਹੜੇ ਥੋੜ੍ਹੇ ਸਮੇਂ ਤੋਂ ਜ਼ਮੀਨ ਦੇ ਕਿਸੇ ਹਿੱਸੇ ਦੀ ਵਾਹੀ ਕਰਦੇ ਆ ਰਹੇ ਸਨ। ਬਰਤਾਨਵੀ ਪ੍ਰਸ਼ਾਸਕ ਇਹ ਦਾਅਵਾ ਕਰਦੇ ਸਨ ਕਿ ਕਿਸੇ ਵੀ ਕਾਸ਼ਤਕਾਰੀ ਸ਼੍ਰੇਣੀ ਵਾਸਤੇ ਉਹਨਾਂ ਨੇ ਨਵੇਂ ਅਧਿਕਾਰ ਪੈਦਾ ਨਹੀਂ ਕੀਤੇ ਬਲਕਿ ਪੁਰਾਣੇ ਅਧਿਕਾਰ ਜੋ ਉਹਨਾਂ ਦੇ ਆਉਣ ਤੋਂ ਪਹਿਲਾਂ ਹੋਂਦ ਵਿੱਚ ਸਨ, ਦੀ ਨਿਆਂਪੂਰਵਕ ਤਰਜਮਾਨੀ ਕੀਤੀ ਹੈ"।[5] ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਪੰਜਾਬ ਦੀ ਕਿਸਾਨੀ ਆਰਥਕ ਥੁੜਾਂ ਦੀ ਹੀ ਸ਼ਿਕਾਰ ਰਹੀ। ਅੰਗਰੇਜ਼ੀ ਸਾਮਰਾਜ ਨੇ ਕਿਸਾਨੀ ਨੂੰ ਖੁਸ਼ ਰੱਖਣ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ, ਪਰ ਫਿਰ ਵੀ ਪੰਜਾਬੀ ਕਿਸਾਨੀ ਵਿੱਚ ਅੰਗਰੇਜ਼ਾਂ ਦੀਆਂ ਗਲਤ ਤੇ ਸ਼ੋਸ਼ਣੀ ਨੀਤੀਆਂ ਪ੍ਰਤੀ ਜਾਗ੍ਰਤੀ ਆਉਣੀ ਸ਼ੁਰੂ ਹੋ ਗਈ ਸੀ। ਪੰਜਾਬ ਦੇ ਲੋਕਾਂ ਨੂੰ ਜਾਗ੍ਰਿਤ ਕਰਨ ਵਿੱਚ ਗਦਰ ਲਹਿਰ, ਪਰਹਾ ਮੰਡਲ ਲਹਿਰ, ਜਲ੍ਹਿਆਂ ਵਾਲੇ ਬਾਗ਼ ਦਾ ਦੁਖਾਂਤਕ ਸਾਕਾ, ਕਾਂਗਰਸ ਲਹਿਰ, ਭਾਰ ਨੌਜਵਾਨ ਸਭਾ ਤੇ ਕਿਰਤੀ ਕਿਸਾਨ ਪਾਰਟੀਆਂ ਨੇ ਆਪਣੇ-ਆਪਣੇ ਤਰੀਕਿਆਂ ਨਾਲ ਅੰਗਰੇਜ਼ੀ ਸਾਮਰਾਜ ਖਿਲਾਫ਼ ਆਪਣੀ ਆਪਣੀ ਆਵਾਜ਼ ਨੂੰ ਬੁਲੰਦ ਕੀਤਾ। 1953 ਵਿੱਚ ਪੈਪਸੂ ਦੇ ਹਾਲਾਤ ਵਿਗੜ ਗਏ ਜਿਸ ਕਰਕੇ ਉਸ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਪਿਆ। ਰਾਸ਼ਟਰਪਤੀ ਰਾਜ ਦੌਰਾਨ ਪੈਪਸੂ ਵਿੱਚ ਤਿੰਨ ਮਹੱਤਵਪੂਰਨ ਟੈਨੈਂਸੀ ਐਕਟ ਪਾਸ ਕੀਤੇ ਗਏ

(1) ਪੈਪਸੂ ਐਬੋਲੀਸ਼ਨ ਆਫ਼ ਆਲ੍ਹਾ ਮਲਕੀਅਤ ਰਾਈਟਸ ਐਕਟ

(2) ਪੈਪਸੂ ਆਕੂਪੈਂਸੀ ਟੈਨੈਂਟਸ ਐਕਟ

(3) ਪੈਪਸੂ ਟੈਨੈਂਸੀ ਐਂਡ ਐਗਰੀਕਲਚਰਲ ਲੈਂਡਜ਼ ਐਕਟ।

ਪਹਿਲੇ ਦੋਵੇਂ ਐਕਟ ਤਾਂ ਰਾਸ਼ਟਰਪਤੀ ਸ਼ਾਸਨ ਦੌਰਾਨ ਹੀ ਲਾਗੂ ਹੋ ਗਏ ਸਨ ਪਰ ਤੀਸਰਾ ਐਕਟ ਬਹੁਤ ਸਾਰੇ ਵਾਦ ਵਿਵਾਦ ਤੋਂ ਬਾਅਦ ਅਕਤੂਬਰ, 1956 ਨੂੰ ਲਾਗੂ ਕਰ ਦਿੱਤਾ ਗਿਆ।"ਇਸ ਐਕਟ ਦੀਆਂ ਸ਼ਰਤਾਂ ਅਨੁਸਾਰ ਕਾਬਜ਼ ਮੁਜ਼ਾਰਿਆਂ ਨੂੰ 12 ਗੁਣਾਂ ਅਤੇ ਮਰਜ਼ੀ ਦੇ ਮੁਜ਼ਾਰਿਆਂ ਨੂੰ 90 ਗੁਣਾਂ ਸਾਲਾਨਾ ਲਗਾਨ ਦੇ ਬਰਾਬਰ ਮੁਆਵਜ਼ਾ ਦੇਣਾ ਪਿਆ। ਪੈਪਸੂ ਭਾਰਤ ਦੀ ਪਹਿਲੀ ਸਟੇਟ ਸੀ ਜਿੱਥੇ ਜ਼ਮੀਨ ਦੀ ਹੱਦ ਨਿਸ਼ਚਿਤ ਕੀਤੀ ਗਈ ਸੀ।ਮੁਜ਼ਾਰਾ ਲਹਿਰ ਤੋਂ ਖੇਤੀ ਕਾਮਿਆਂ ਨੂੰ ਕੁਝ ਵੀ ਨਾ ਮਿਲਿਆ ਤੇ ਉਨ੍ਹਾਂ ਦੀ ਦਸ਼ਾ ਮੱਧ-ਸ਼੍ਰੇਣੀ ਦੇ ਜ਼ਿਮੀਦਾਰਾਂ ਦੇ ਹੱਥਾਂ ਵਿੱਚ ਪਹਿਲਾਂ ਵਰਗੀ ਮਾੜੀ ਹੀ ਰਹੀ"।[6] ਭਾਰਤ ਵਿੱਚ ਪਬਲਿਕ ਲਾਅ-480 ਦੀਆਂ ਸ਼ਰਤਾਂ ਨੂੰ ਅਮਲੀ ਰੂਪ ਦੇਣ ਉਪਰੰਤ ਅਜਿਹਾ

ਆਰਥਕ ਵਾਤਾਵਰਨ ਹੋਂਦ ਵਿੱਚ ਆਇਆ ਜਿਸ ਨੇ ਅਮਰੀਕਨ ਪੂੰਜੀਕਾਰੀ ਨੂੰ ਉਤਸ਼ਾਹਤ ਕੀਤਾ ਅਤੇ ਨਾਲ ਹੀ ਹਰੇ ਇਨਕਲਾਬ ਦੀ ਆਰੰਭਤਾ ਵੀ ਕੀਤੀ। ਨਵੇਂ-ਨਵੇਂ ਬੀਜਾਂ ਦੀ ਵਰਤੋਂ, ਰਸਾਇਨਿਕ ਖਾਦਾਂ ਦੀ ਵਰਤੋਂ, ਸਿੰਜਾਈ ਅਤੇ ਜ਼ਮੀਨ ਵਹਾਈ ਲਈ ਨਵੇਂ ਨਵੇਂ ਸੰਦਾਂ ਦੀ ਵਰਤੋਂ ਆਦਿ ਦੇ ਸਿੱਟੇ ਵਜੋਂ ਖੇਤੀ ਪੈਦਾਵਾਰ ਵਿੱਚ ਵਾਧਾ ਹੋਇਆ ਉਹ 'ਹਰਾ ਇਨਕਲਾਬ' ਸੀ। ਕਈ ਵਿਦਵਾਨਾਂ ਨੇ ਇਸਨੂੰ ਖੇਤੀਬਾੜੀ ਦੇ ਪੂੰਜੀਵਾਦੀ ਵਿਕਾਸ, ਮਸ਼ੀਨੀਕਰਨ, ਰਸਾਇਣੀਕਰਨ ਅਤੇ ਵਪਾਰੀਕਰਨ ਨਾਲ ਵੀ ਜੋੜਿਆ ਹੈ। ਪੰਜਾਬ ਵਿੱਚ ਹਰਾ ਇਨਕਲਾਬ ਮੁੱਖ ਤੌਰ ਉੱਤੇ ਦੋ ਫਸਲਾਂ (ਕਣਕ ਅਤੇ ਝੋਨਾ) ਤਕ ਹੀ ਸੀਮਤ ਰਿਹਾ। ਹਰੇ ਇਨਕਲਾਬ ਦੇ ਨਤੀਜੇ ਵਜੋਂ ਪੰਜਾਬ ਦਾ ਪ੍ਰੰਪਰਕ ਖੇਤੀ ਅਰਥਚਾਰਾ ਸਰਮਾਏਦਾਰੀ ਖੇਤੀ ਦਾ ਸਰੂਪ ਗ੍ਰਹਿਣ ਕਰਨ ਲੱਗਾ। ਸਿੱਟੇ ਵਜੋਂ, ਜ਼ਮੀਨੀ ਸੰਬੰਧਾਂ ਦਾ ਪੂੰਜੀਵਾਦੀ ਸੰਬੰਧਾਂ ਵਿੱਚ ਰੂਪਾਂਤਰਨ ਹੋਣਾ ਨਿਸ਼ਚਿਤ ਹੋ ਗਿਆ। ਖੇਤੀ ਦੀ ਪੈਦਾਵਾਰ ਮੰਡੀ ਦਾ ਜ਼ਰੂਰੀ ਹਿੱਸਾ ਬਣ ਗਈ। ਖੇਤੀ ਵਿਕਾਸ ਕਾਰਜਾਂ ਲਈ ਪੂੰਜੀ ਦੀ ਵਰਤੋਂ ਅਤੇ ਇਸਦੇ ਇਕੱਤਰੀਕਰਨ ਲਈ ਪੰਜਾਬੀ ਕਿਸਾਨੀ ਵਿੱਚ ਦੌੜ ਲੱਗ ਗਈ ਜਿਸਨੇ ਛੋਟੀ ਕਿਸਾਨੀ ਨੂੰ ਪੇਂਡੂ ਪ੍ਰੋਲੋਤਾਰੀ ਵਰਗ ਵਿੱਚ ਤਬਦੀਲ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਕ ਨਵੇਂ ਪੇਂਡੂ ਪ੍ਰੋਲੋਤਾਰੀ ਵਰਗ ਦਾ ਜਨਮ ਅਤੇ ਵਿਕਾਸ ਹੋ ਗਿਆ। ਖੇਤੀ ਵਿੱਚ ਪੈਦਾਵਾਰ ਦੇ ਸਰਮਾਏਦਾਰੀ ਰਿਸ਼ਤਿਆਂ ਦੇ ਵਿਕਾਸ ਨਾਲ ਕਿਸਾਨੀ ਦੀ ਸਮੁੱਚੀ ਹੋਂਦ ਟੁੱਟਦੀ ਹੈ, ਇਸ ਦੀ ਜਮਾਤੀ ਭੰਨ-ਤੋੜ ਹੁੰਦੀ ਹੈ, ਕਿਸਾਨੀ ਵਿੱਚ ਵੱਖ-ਵੱਖ ਜਮਾਤੀ ਮੁਫ਼ਾਦ ਰਖਦੀਆਂ ਜਮਾਤ (ਵੱਡੀ/ਸਰਮਾਏਦਾਰ ਕਿਸਾਨੀ, ਦਰਮਿਆਨੀ ਕਿਸਾਨੀ ਅਤੇ ਛੋਟੀ/ਗਰੀਬ ਕਿਸਨੀ) ਉਭਰਦੀਆਂ ਹਨ। ਇਵੇਂ ਕਿਸਾਨੀ ਵਿੱਚ ਪਹਿਲਾਂ ਤੋਂ ਲੁਕੇ-ਛੁਪੇ ਅਤੇ ਨਵੇਂ ਜਮਾਤੀ ਵਿਰੋਧ ਨਿੱਖਰ ਕੇ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਜਾਂਦੇ ਹਨ। ਕਿਸਾਨੀ ਵਿੱਚ ਆਪਸੀ ਜਮਾਤੀ ਸੰਘਰਸ਼ ਦਾ ਰਾਹ ਖੁਲ੍ਹਦਾ ਹੈ।

ਹਰੇ ਇਨਕਲਾਬ ਨੇ ਜਿੱਥੇ ਸਮੁੱਚੇ ਪੰਜਾਬ ਦੀ ਖੇਤੀ ਪੈਦਾਵਰ ਵਿੱਚ ਵਾਧਾ ਕੀਤਾ, ਉਥੇ ਖੇਤੀ ਆਧਾਰਤ ਜਮਾਤੀ ਵੰਡ ਨੂੰ ਹੋਰ ਪੱਕਿਆਂ ਕਰ ਦਿੱਤਾ। ਇਸ ਦੇ ਦੋ ਕਾਰਨ ਜਾਪਦੇ ਹਨ। ਪਹਿਲਾ, ਹਰੇ ਇਨਕਲਾਬ ਤੋਂ ਪਹਿਲਾਂ ਹੀ ਕਿਸਾਨੀ ਸਮਾਜ ਦਾ ਢਾਂਚਾ ਜਮਾਤੀ ਸਰੂਪ ਦਾ ਸੀ ਅਤੇ ਇਸ ਜਮਾਤੀ ਵੰਡ ਦੀਆਂ ਲਕੀਰਾਂ ਹਰੇ ਇਨਕਲਾਬ ਦੀ ਸਰਮਾਏਦਾਰੀ ਖੇਤੀ ਦੀ ਪੈਦਾਵਾਰ ਨੇ ਹੋਰ ਗੂੜ੍ਹੀਆਂ ਕਰ ਦਿੱਤੀਆਂ। ਦੂਸਰਾ, ਜ਼ਮੀਨ ਦੀ ਮਾਲਕੀ ਨੇ ਵੀ ਪੰਜਾਬ ਦੇ ਕਿਸਾਨੀ ਢਾਂਚੇ ਨੂੰ ਜਮਾਤੀ ਲੀਹਾਂ ਉੱਤੇ ਵੰਡਣ ਵਿੱਚ ਅਹਿਮ ਭੂਮਿਕਾ ਨਿਭਾਈ ਕਿਉਂਕਿ, "ਪੰਜਾਬ ਵਿੱਚ ਜ਼ਮੀਨ ਦੀ ਉਪਰਲੀ ਸੀਮਾ ਸੱਤ ਹੈਕਟੇਅਰ (ਸਾਢੇ ਸਤਾਰਾਂ ਏਕੜ) ਮਿਥੀ ਹੋਈ ਹੈ ਪਰ ਇਥੇ ਅਜੇ ਵੀ ਦਸ ਹੈਕਟੇਅਰ ਤੋਂ ਲੈ ਕੇ ਦੋ ਹਜ਼ਾਰ ਹੈਕਟੇਅਰ ਦੀ ਮਾਲਕੀ ਵਾਲੇ ਹਜ਼ਾਰਾਂ ਕਿਸਾਨ ਹਨ। ਇਨ੍ਹਾਂ ਦੀ ਪ੍ਰਤੀਸ਼ਤ ਸਮੁੱਚੀ ਕਿਸਾਨੀ ਦਾ ਸਿਰਫ 6.76 ਫ਼ੀਸਦੀ ਹੈ ਪਰ ਇਨ੍ਹਾਂ ਕੋਲ ਜ਼ਮੀਨ ਮਾਲਕੀ ਦਾ 26.7 ਫ਼ੀਸਦੀ ਭਾਗ ਹੈ। ਗ਼ਰੀਬ, ਛੋਟੀ ਅਤੇ ਸੀਮਾਂਤੀ ਕਿਸਾਨੀ ਦੀ ਕੰਗਾਲੀ ਕਰਕੇ ਖੇਤ ਅਤੇ ਸੱਨਅਤੀ ਮਜ਼ਦੂਰਾਂ ਦੀ ਗਿਣਤੀ ਵਧ ਰਹੀ ਹੈ ਪਰ ਸੀਮਤ ਸੱਨਅਤੀਕਰਨ ਹੋਣ ਕਰਕੇ ਇਨ੍ਹਾਂ ਵਿੱਚੋਂ ਸਿਰਫ਼ 10 ਫ਼ੀਸਦੀ ਸੱਨਅਤਾਂ ਵਿੱਚ ਕਰ ਰਹੇ ਹਨ ਜਦੋਂ ਕਿ 60 ਫਸਿਦੀ ਖੇਤ ਮਜ਼ਦੂਰ ਬਣ ਗਏ ਹਨ"।[7] ਜ਼ਮੀਨ ਉੱਤੇ ਵਸੋਂ ਦਾ ਨਿੱਤ ਵਧਦਾ ਦਬਾਉ, ਜ਼ਮੀਨ ਦੀ ਪੀੜ੍ਹੀ ਦਰ ਪੀੜ੍ਹੀ ਵੰਡ, ਖੇਤੀ ਲਾਗਤ ਵਿੱਚ ਲਗਾਤਾਰ ਵਾਧਾ, ਜੀਵਨ-ਮਿਆਰ

ਉੱਚਾ ਕਰਨ ਦੀ ਅਕਾਂਖਿਆ, ਪੈਦਾਵਾਰ ਦੇ ਸਾਧਨਾਂ ਉੱਤੇ ਵਧ ਰਿਹਾ ਖਰਚ ਆਦਿ ਕੁਝ ਅਜਿਹੇ ਕਾਰਨ ਹਨ ਜਿਨ੍ਹਾਂ ਨੇ ਥੋੜ੍ਹੀ ਜ਼ਮੀਨ ਵਾਲੀ ਕਿਸਾਨੀ ਦੀ ਕੰਗਾਲੀਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਹੈ।[8]ਹਰੇ ਇਨਕਲਾਬ ਦੀਆਂ ਜੜ੍ਹਾਂ ਪੰਜਾਬ ਦੀ ਧਰਤੀ ਵਿੱਚੋਂ ਪੈਦਾ ਨਹੀਂ ਸਨ ਹੋਈਆਂ। ਇਹ ਤਾਂ ਸਾਮਰਾਜੀਆਂ ਦੀਆਂ ਸੰਸਾਰ ਮੰਡੀ ਦੀਆਂ ਲੋੜਾਂ ਵਿੱਚੋਂ ਉਪਜੀਆਂ ਸਨ ਅਤੇ ਉਸੇ ਦੀ ਉਪਜ ਹੋਣ ਕਰਕੇ ਇਸ ਦਾ ਰੂਪ ਵੀ ਸਰਮਾਏਦਾਰੀ ਕਿਸਮ ਦਾ ਸੀ ਅਤੇ ਇਨ੍ਹਾਂ ਜੜ੍ਹਾਂ ਨੂੰ ਭਾਰਤ ਸਰਕਾਰ ਨੇ ਆਪਣੀਆਂ ਲੋੜਾਂ ਲਈ ਇਸ ਧਰਤੀ ਉੱਪਰ ਲਗਾਇਆ ਸੀ ਪਰ ਇਸ ਨੇ ਸੰਬੰਧਤ ਖਿੱਤੇ ਦੀ ਖੇਤੀ ਆਧਾਰਤ ਸਭਿਆਚਾਰਕ ਚੇਤਨਾ ਵਿੱਚ ਸਰਮਾਏਦਾਰੀ ਕਿਸਮ ਦਾ ਵਰਤਾਉ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸਰਮਾਏਦਾਰੀ ਢੰਗ ਦਾ ਖੇਤੀ ਵਿਕਾਸ ਪੇਂਡੂ ਸਮਾਜ ਵਿੱਚ ਚਾਰ ਵਰਗਾਂ ਨੂੰ ਜਨਮ ਦਿੰਦਾ ਹੈ:- ਹੇਠਲਾ ਮਜ਼ਦੂਰ ਵਰਗ, ਹੇਠਲਾ ਕਿਸਾਨ ਵਰਗ, ਦਰਮਿਆਨਾ ਕਿਸਾਨ ਵਰਗ, ਉਪਰਲਾ ਕਿਸਾਨ ਵਰਗ।ਵਿਦਵਾਨ ਲੇਖਕ ਸਭ ਤੋਂ ਹੇਠਲੇ ਵਰਗ ਵਿੱਚ ਬੇਜ਼ਮੀਨੇ, ਬੇਜਾਇਦਾਦ ਅਤੇ ਹੇਠਲੀਆਂ ਤੇ ਕਮਜ਼ੋਰ ਜਾਤਾਂ ਦੇ ਲੋਕਾਂ ਨੂੰ ਰਖਦਾ ਹੈ ਜਿਸਨੂੰ ਉਹ 'ਖੇਤ ਮਜ਼ਦੂਰ ਜਮਾਤ' ਆਖਦਾ ਹੈ। ਪੰਜਾਬ ਅਮਦਰ ਸਰਮਾਇਦਾਰੀ ਖੇਤੀ ਦੇ ਪੂਰੇ ਵਿਕਸਤ ਹੋਣ 'ਤੇ ਛੋਟੀ ਕਿਸਾਨੀ ਦਾ ਜਮਾਤੀ ਖਾਸਾ ਹੀ ਬਦਲ ਜਾਂਦਾ ਹੈ। ਇਸਦਾ ਬਹੁਤ ਵੱਡਾ ਹਿੱਸਾ ਅਜਿਹੇ ਸਮੇਂ ਖੇਤ-ਪ੍ਰੋਲੋਤਰੀ ਵਿੱਚ ਬਦਲ ਰਿਹਾ ਹੁੰਦਾ ਹੈ। ਇੱਕ ਅਨੁਮਾਨ ਮੁਤਾਬਕ, "ਪੰਜਾਬ ਵਿੱਚ 7% ਵੱਡੇ ਕਿਸਾਨ ਹਨ।73% ਕਿਸਾਨਾਂ ਪਾਸ ਇਕ ਤੋਂ ਲੈ ਕੇ ਦਸ ਹੈਕਟੇਅਰ ਤਕ ਜ਼ਮੀਨ ਹੈ ਜਦੋਂ ਕਿ ਬਾਕੀ ਬਚਦੇ 20% ਗ਼ਰੀਬ ਕਿਸਾਨ ਹਨ ਜਿਨ੍ਹਾਂ ਪਾਸ ਇਕ ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ"।[9] 7% ਸਰਮਾਇਦਾਰ ਕਿਸਾਨਾਂ ਦ ਪਿੰਡਾਂ ਵਿੱਚਲੀਆਂ ਸਰਕਾਰੀ ਬੈਂਕਾਂ ਅਤੇ ਪੰਚਾਇਤਾਂ ਉੱਪਰ ਕਬਜ਼ਾ ਹੈ। ਸਰਕਾਰੀ ਅਫ਼ਸਰ ਨਾਲ ਮਿਲ-ਮਿਲਾ ਕੇ ਉਹ ਗ਼ਰੀਬ ਅਤੇ ਦਰਮਿਆਨੇ ਵਰਗ ਦੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਹਰ ਰਾਹਤ ਨੂੰ ਹੱੜਪ ਕਰੀ ਜਾਂਦੇ ਹਨ। ਸਰਕਾਰੀ, ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਉੱਪਰ ਆਪਣੀ ਜਮਾਤੀ ਸਥਿਤੀ ਨੂੰ ਵਰਤ ਕੇ ਉਹ ਪਿੰਡਾਂ ਵਿੱਚ ਆਪਣੀ ਸਰਦਾਰੀ ਮਜ਼ਬੂਤ ਕਰਦੇ ਹਨ। ਉਹ ਆਪਣੇ ਸਰਕਾਰੀ ਅਸਰ ਰਸੂਖ ਨੂੰ ਖੇਤ-ਮਜ਼ਦੂਰਾਂ, ਗ਼ਰੀਬ ਤੇ ਦਰਮਿਆਨੇ ਕਿਸਾਨਾਂ ਨੂੰ ਦਬਾ ਕੇ ਰੱਖਣ ਲਈ ਵਰਤਦੇ ਹਨ। ਹਰੇ ਇਨਕਲਾਬ ਪਿੱਛੋਂ ਛੋਟੀ ਅਤੇ ਦਰਮਿਆਨੀ ਕਿਸਾਨੀ ਕਰਜ਼ੇ ਦੇ ਭਾਰ ਥੱਲੇ ਦੱਬੀ ਗਈ, ਕਿਉਂਕਿ ਸਰਕਾਰ ਵੱਲੋਂ ਅਤੇ ਖੇਤੀ ਏਜੰਸੀਆਂ ਵੱਲੋਂ ਅਪਣਾਈ ਖੇਤੀ ਨੀਤੀ, ਜਿਸ ਅਧੀਨ ਟੈਰਕਟਰ, ਥਰੈਸ਼ਰ, ਟਿਊਬਵੈੱਲ, ਇਥੋਂ ਤਕ ਕਿ ਖਾਦਾਂ ਤੇ ਬੀਜਾਂ ਲਈ ਕਰਜ਼ੇ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੰਜਾਬ ਦੀ ਛੋਟੀ ਤੇ ਦਰਮਿਆਨੀ ਕਿਸਾਨੀ ਇਸ ਸਿਲਸਿਲੇ ਦਾ ਵੱਧ ਸ਼ਿਕਾਰ ਹੋਈ। ਕਿਉਂਕਿ, ਖੇਤੀ ਪੈਦਾਵਾਰ ਵਧਾਉਣ ਲਈ ਕਿਸਾਨੀ ਦੇ ਇਨ੍ਹਾਂ ਦੋਹਾਂ ਵਰਗਾਂ ਨੇ ਕਰਜ਼ੇ ਲੈਣੇ ਸ਼ੁਰੂ ਕਰ ਦਿੱਤੇ। ਸਿੱਟੇਂ ਵਜੋਂ, ਪੰਜਾਬ ਦੀ ਸਾਰੀ ਜ਼ਮੀਨ ਉੱਤੇ ਨਵੀਂ ਖੇਤੀ ਤਕਨੀਕ ਭਾਵ ਹਰੇ ਇਨਕਲਾਬ ਦਾ ਅਸਰ ਸ਼ੁਰੂ ਹੋ ਗਿਆ ਜਿਸ ਨਾਲ ਖੇਤੀ ਦਾ ਪੂਰੀ ਤਰ੍ਹਾਂ ਨਾਲ ਮਸ਼ੀਨੀਕਰਨ, ਰਸਾਇਣੀਕਰਨ ਅਤੇ ਵਪਾਰੀਕਰਨ ਹੋ ਗਿਆ ਅਤੇ ਖੇਤੀ ਪੈਦਾਵਾਰ ਵਿੱਚ ਕਾਫ਼ੀ ਵਾਧਾ ਹੋਇਆ। ਹਰੇ ਇਨਕਲਾਬ ਦੇ ਵਰਤਾਰੇ ਵਿੱਚੋਂ ਨਵੀਂ ਉਸਰ ਰਹੀ ਅਰਥ-ਵਿਵਸਥਾ ਨੇ ਜੋ ਸਭਿਆਚਾਰ ਉਸਾਰਿਆ ਹੈ, ਉਸਨੇ ਸਮਾਜ ਵਿੱਚਵਿੱਚਰ ਰਹੇ ਹਰੇਕ ਵਿਅਕਤੀ ਨੂੰ ਇਤਨਾ ਖਰਚੀਲਾ ਬਣਾ ਦਿੱਤਾ ਹੈ ਕਿ ਹਰ ਮਹਿੰਗੀ ਅਤੇ ਫਜ਼ੂਲ ਵਸਤੂ ਵੀ ਉਸਨੂੰ ਆਪਣੀ ਲੋੜ ਜਾਪਣ ਲੱਗ ਪਈ ਹੈ। ਪੰਜਾਬੀ ਕਿਸਾਨੀ ਸਮਾਜ ਵੀ

ਇਸ ਖਪਤ ਕਲਚਰ, ਉਪਭੋਗੀ ਕਲਚਰ ਤੇ ਵਸਤੂ ਕਲਚਰ ਦੀ ਗ਼ੁਲਾਮੀ ਤੋਂ ਬਚ ਨਾ ਸਕਿਆ। ਧਨੀ ਕਿਸਾਨੀ ਲਈ ਤਾਂ ਇਹ ਕਲਚਰ ਢੁੱਕਵਾਂ ਹੋ ਸਕਦਾ ਸੀ ਪਰ ਛੋਟੀ ਕਿਸਾਨੀ ਵੀ ਇਸ ਦੀ ਲਪੇਟ ਵਿੱਚ ਆ ਗਈ ਸਿੱਟੇ ਵਜੋਂ, ਕਰਜ਼ੇ ਦਾ ਫੰਧਾ ਉਸਦੇ ਗਲ 'ਚ ਆ ਪਿਆ। ਕਰਜ਼ਾ ਨਾ ਮੋੜਨ ਦੀ ਸੂਰਤ ਵਿੱਚ ਛੋਟੀ ਕਿਸਾਨੀ ਨੂੰ ਮਜਬੂਰਨ ਆਤਮਘਾਤੀ ਰਸਤਾ ਅਪਣਾਉਣਾ ਪਿਆ।

ਪੰਜਾਬ ਵਿੱਚ ਕਿਸਾਨੀ ਦੇ ਸਾਰੇ ਵਰਗਾਂ ਉੱਤੇ ਕਰਜ਼ੇ ਦਾ ਬੋਝ ਇਕਸਾਰ ਨਹੀਂ ਹੈ। 5 ਏਕੜ ਦੀ ਮਾਲਕੀ ਜਾਂ ਇਸ ਤੋਂ ਘੱਟ ਢੇਰੀ ਵਾਲੇ ਕਿਸਾਨਾਂ ਸਿਰ ਕਰਜ਼ੇ ਦਾ ਔਸਤਨ ਭਾਰ 10105 ਰੁਪਏ ਫ਼ੀ ਏਕੜ ਹੈ ਜਦਕਿ 15 ਏਕੜ ਤੋਂ ਵੱਧ ਦੀ ਜ਼ਮੀਨੀ ਮਾਲਕੀ ਵਾਲੇ ਉਤਲੇ ਵਰਗ ਸਿਰ ਇਹ ਕਰਜ਼ਾ ਔਸਤਨ 4230 ਰੁਪਏ ਫ਼ੀ ਏਕੜ ਹੈ। ਦਰਮਿਆਨੀ ਕਿਸਾਨੀ ਦੇ ਹੇਠਲੇ ਤੇ ਉਪਰਲੇ ਹਿੱਸੇ 7941 ਅਤੇ 4228 ਰੁਪਏ ਫ਼ੀ ਏਕੜ ਹੈ।ਅੰਕੜਿਆਂ ਤੋਂ ਜ਼ਾਹਿਰ ਹੈ ਕਿ ਛੋਟੀ ਕਿਸਾਨੀ, ਧਨੀ ਕਿਸਾਨੀ ਅਤੇ ਜਾਗੀਰਦਾਰਾਂ ਦੇ ਮੁਕਾਬਲੇ ਢਾਈ ਗੁਣਾਂ ਵਧੇਰੇ ਕਰਜ਼ਾਈ ਹੈ ਅਤੇ ਇਸ ਅਸਹਿ ਕਰਜ਼ੇ ਹੇਠ ਟੁੱਟ ਖਿੰਡ ਰਹੀ ਹੈ।[10]ਹਰੇ ਇਨਕਲਾਬ ਨੇ ਛੋਟੀ ਕਿਸਾਨੀ ਸਾਹਮਣੇ ਰੁਜ਼ਗਾਰ ਦੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਇਹਨਾਂ ਦਾ ਹੱਲ ਉਹ ਖੇਤੀ ਦੇ ਸਹਾਇਕ ਧਮਦੇ ਜਿਵੇਂ ਡੇਅਰੀ, ਸ਼ਹਿਦ-ਮੱਖੀ ਪਾਲਣ, ਪੋਲਟਰੀ, ਖਮੁਭਾਂ ਦੀ ਖੇਤੀ, ਸਬਜ਼ੀ ਦੀ ਖੇਤੀ, ਮੱਛੀ ਪਾਲਣ, ਸੂਰ ਪਾਲਣ, ਭੇਡਾਂ ਬੱਕਰੀਆਂ ਪਾਲਣ ਆਦਿ ਅਪਣਾ ਕੇ ਕਰ ਸਕਦੇ ਹਨ ਪਰ ਅਜਿਹਾ ਕਰਨ ਤੋਂ ਉਹ ਕੰਨੀਂ ਕਤਰਾਉਂਦੇ ਹਨ ਕਿਉਂਕਿ ਪੇਂਡੂ ਛੋਟੀ ਕਿਸਾਨੀ ਵਿੱਚ ਜੱਟਵਾਦ ਦੀ ਭਾਵਨਾ ਭਾਰੂ ਹੈ। ਇਸ ਕਰਕੇ ਉਹ ਸਹਾਇਕ ਖੇਤੀ ਧੰਦਿਆਂ ਨੂੰ ਮਲੀਨ ਧੰਦੇ ਹੀ ਸਮਝਦੇ ਹਨ। ਕਿਸਾਨੀ ਵਰਗ ਨੂੰ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਲਈ ਆਪਣੇ ਗਲੇ ਵਿੱਚੋਂ ਜੱਟਵਾਦ ਦਾ ਪਟਾ ਲਾਹ ਕੇ ਸਹਾਇਕ ਧੰਦੇ ਅਪਣਾਉਣੇ ਹੀ ਪੈਣਗੇ। ਹਰੇ ਇਨਕਲਾਬ ਦੇ ਦੌਰ ਅੰਦਰਲੀ ਪੰਜਾਬ ਦੀ ਸਰਮਾਇਦਾਰੀ ਖੇਤੀ ਵਿੱਚ ਖੇਤ-ਮਜ਼ਦੂਰਾਂ ਦੀ ਆਪਣੀ ਅਲੱਗ ਵਰਗ-ਸਥਿਤੀ ਬਣਦੀ ਹੈ। ਹਰੇ ਇਨਕਲਾਬ ਨੇ ਖੇਤੀ ਖੇਤਰ ਵਿੱਚ ਜਦੋਂ ਸਥਾਨਕ ਮਜ਼ਦੂਰਾਂ ਦੀ ਥੋੜ੍ਹ ਪੈਦਾ ਕਰ ਦਿੱਤੀ ਤਾਂ ਪੰਜਾਬ ਵਿੱਚ ਭਾਰਤ ਦੇ ਦੂਜਿਆਂ ਸੂਬਿਆਂ ਤੋਂ ਦੋ ਕਿਸਮ ਦੇ ਮਜ਼ਦੂਰ ਆਉਣੇ ਸ਼ੁਰੂ ਹੋ ਗਏ। ਇਕ ਉਹ ਜੋ ਕਣਕ ਦੀ ਵਾਢੀ ਅਤੇ ਝੋਨਾ ਦੀ ਲਵਾਈ ਵੇਲੇ ਆਉਂਦੇ ਸਨ ਅਤੇ ਚਾਰ ਤੋਂ ਛੇ ਮਹੀਨੇ ਤਕ ਪੰਜਾਬ ਵਿੱਚ ਕੰਮ ਕਰਕੇ ਵਾਪਸ ਚਲੇ ਜਾਂਦੇ ਸਨ। ਦੂਜੇ ਉਹ ਮਜ਼ਦੂਰ ਸਨ ਜਿਹੜੇ ਬਿਹਾਰ ਦੇ ਛੋਟਾ ਨਾਗਪੁਰ ਇਲਾਕੇ ਦੇ ਆਦਿਵਾਸੀਆਂ ਵਿੱਚੋਂ ਭਰਤੀ ਕਰਕੇ ਏਜੰਟਾਂ ਰਾਹੀਂ ਲਿਆਂਦੇ ਜਾਂਦੇ ਸਨ। ਪਹਿਲੀ ਕਿਸਮ ਦੇ ਮਜ਼ਦੂਰਾਂ ਦੀ ਗਿਣਤੀ ਕੁਝ ਹਜ਼ਾਰਾਂ ਤੋਂ ਸ਼ੁਰੂ ਹੋ ਕੇ ਸੱਤ ਤੋਂ ਅੱਠ ਲੱਖ ਤਕ ਪਹੁੰਚ ਗਈ ਹੈ।ਦੂਸਰੀ ਕਿਸਮ ਦੇ ਮਜ਼ਦੂਰਾਂ ਨੇ ਪੰਜਾਬ ਵਿੱਚੋਂ ਸੀਰੀ ਦੀ ਪ੍ਰਥਾ ਨੂੰ ਤੋੜਿਆ ਜਦ ਭਈਆ ਮਜ਼ਦੂਰਾਂ ਨੇ ਪੰਜਾਬੀ ਮਜ਼ਦੂਰਾਂ ਨਾਲੋਂ ਕੋਈ 1000 ਰੁਪਏ ਘੱਟ ਉਜਰਤ ਉੱਤੇ ਕੰਮ ਕਰਨ ਦੀ ਦਿਲਚਸਪੀ ਵਿਖਾਈ ਤਾਂ ਸਿੱਟੇ ਵਜੋਂ ਜ਼ਿਮੀਂਦਾਰਾਂ ਨੇ ਪੰਜਾਬੀ ਮਜ਼ਦੂਰਾਂ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ।

ਸੁਤੰਤਰ ਭਾਰਤ ਦੇ ਪੰਜਾਬ ਉੱਪਰ ਰਾਜਸੀ ਦਬ-ਦਬਾ ਸਰਮਾਇਦਾਰੀ ਕਿਸਾਨੀ ਦਾ ਹੀ ਰਿਹਾ ਹੈ। ਸਾਸ਼ਕ ਰਾਜਨੀਤਕ ਪਾਰਟੀ ਚਾਹੇ ਕੋਈ ਵੀ ਹੋਵੇ, ਮੁੱਖ ਮੰਤਰੀ ਵਧੇਰੇ ਕਰਕੇ 'ਜੱਟ ਸਿੱਖ' ਹੀ ਰਿਹਾ ਹੈ। ਜਦੋਂ ਦਾ ਪੰਜਾਬ ਹੋਂਦ ਵਿੱਚ ਆਇਆ ਹੈ, ਤਕਰੀਬਨ ਮੁੱਖ ਮੰਤਰੀ ਮਾਲਵਾ ਖੇਤਰ ਵਿੱਚ ਰਹਿਣ ਵਾਲੇ ਜੱਟ ਪਰਿਵਾਰਾਂ ਵਿੱਚੋਂ ਸਨ, ਭਾਵੇਂ ਇਹ ਅਕਾਲੀ ਸਨ ਤੇ ਭਾਵੇਂ ਕਾਂਗਰਸੀ। ਉਦਾਹਰਨ ਵਜੋਂ, ਜਸਟਿਸ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ, ਰਾਜਿੰਦਰ ਕੌਰ ਭੱਠਲ।ਇੰਝ, ਸੁਤੰਤਰਤਾ ਉਪਰੰਤ ਪੰਜਾਬ ਦੀ ਰਾਜਸੀ ਡੋਰ ਹਮੇਸ਼ਾਂ ਹੀ ਸਰਮਾਇਦਾਰ ਧਨੀ ਕਿਸਾਨੀ ਦੇ ਹੱਥਾਂ ਵਿੱਚ ਰਹੀ ਹੈ।ਇਸ ਵਰਗ ਨੇ ਆਪਣੇ ਆਰਥਕ ਹਿੱਤਾਂ ਦੀ ਖੁਸ਼ਹਾਲੀ ਲਈ ਖੇਤੀ ਆਧਾਰਤ ਨੀਤੀਆਂ ਬਣਾਈਆਂ। ਖੇਤੀ ਅਤੇ ਆਰਥਕਤਾ ਦੇ ਅਨੇਕੀਕਰਨ ਵਾਸਤੇ ਨਵੀਆਂ ਫਸਲਾਂ ਦੀ ਖੇਤੀ ਅਤੇ ਖੇਤੀ ਪੈਦਾਵਾਰ ਲਈ ਨਵੀਆਂ ਮੰਡੀਆਂ ਦਾ ਪ੍ਰਬੰਧ ਅਤੇ ਖੇਤੀ ਕੱਚੇ ਮਾਲ ਉੱਤੇ ਆਧਾਰਤ ਨਵੀਆਂ ਉਦਯੋਗਿਕ ਇਕਾਈਆਂ ਦਾ ਲਾਉਣਾ ਇਸ ਦੀਆਂ ਜ਼ਰੂਰੀ ਸ਼ਰਤਾਂ ਮੰਨੀਆਂ ਗਈਆਂ। ਇਹਨਾਂ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਸਰਕਾਰ ਨੂੰ ਆਗੂ ਰੋਲ ਨਿਭਾਉਣਾ ਪੈਣਾ ਹੈ। ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੇ ਅੰਤਿਮ ਸਾਲਾਂ ਵਿੱਚ ਅੰਤਰਰਾਸ਼ਟਰੀ ਰਾਜਨੀਤਕ ਖੇਤਰ ਵਿੱਚ ਸੋਵੀਅਤ ਸੰਘ ਦੇ ਟੁੱਟਣ ਦੀ ਮਹੱਤਵਪੂਰਨ ਘਟਨਾ ਘਟੀ। ਸਿੱਟੇ ਵਜੋਂ, ਸਮਾਜਵਾਦੀ ਦੇਸ਼ਾਂ ਦੀ ਟੁੱਟ-ਭੱਜ ਹੋ ਗਈ। ਸੋਵੀਅਤ ਸੰਘ ਦੇ ਟੁੱਟਣ ਦੀ ਘਟਨਾ ਨੇ ਅੰਤਰਰਾਸ਼ਟਰੀ ਰਾਜਨੀਤੀ ਉੱਪਰ ਅਜਿਹਾ ਪ੍ਰਭਾਵ ਪਾਇਆ ਕਿ ਵਿਸ਼ਵ ਰਾਜਨੀਤਕ ਵਰਤਾਰੇ ਵਿੱਚ ਅਮਰੀਕਾ ਦਾ ਮੁਕੰਮਲ ਬੋਲਬਾਲਾ ਹੋ ਗਿਆ। ਅਮਰੀਕਾ ਨੇ ਹੋਰਨਾਂ ਅਤਿ-ਵਿਕਸਤ ਪੱਛਮੀ ਦੇਸ਼ਾਂ ਨਾਲ ਮਿਲ ਕੇ ਇਕ ਨਵੀਂ ਵਿੱਚਾਰਧਾਰਾ-ਵਿਸ਼ਵੀਕਰਨ, ਉਦਾਰੀਕਰਨ ਅਤੇ ਮੰਡੀਕਰਨ ਨੂੰ ਵਿਸ਼ਵ ਪੱਧਰ ਉੱਪਰ ਅਪਨਾਉਣ ਦੇ ਜਤਨ ਆਰੰਭੇ। ਕਹਿਣ ਨੂੰ ਇਸ ਨਵੀਂ ਵਿੱਚਾਰਧਾਰਾ ਦਾ ਮੰਤਵ ਵਿਕਾਸਸ਼ੀਲ ਦੇਸ਼ਾਂ ਦਾ ਵਿਕਾਸ ਅਤੇ ਪ੍ਰਗਤੀ ਹੈ ਪਰ ਅਸਰ ਵਿੱਚ ਇਹ ਸਾਮਰਾਜਵਾਦੀ ਵਿੱਚਾਰਧਾਰਾ ਹੈ ਜੋ ਸਾਮਰਾਜਵਾਦੀ ਦੇਸ਼ਾਂ ਦੇ ਹਿੱਤਾਂ ਦੀ ਪੂਰਤੀ ਕਰਦੀ ਹੈ। ਭਾਰਤ ਵਿੱਚ ਨਿਰਸਿੰਮਹਾ ਰਾਓ ਦੁਆਾ 1991 ਤੋਂ ਖੁੱਲ੍ਹੇ ਰੂਪ ਵਿੱਚ ਉਦਾਰੀਕਰਨ ਦੇ ਦਰਵਾਜ਼ੇ ਖੋਹਲੇ ਗਏ,ਭਾਵੇਂ ਸ਼ੁਰੂਆਤ ਰਾਜੀਵ ਗਾਂਧੀ ਸਰਕਾਰ ਦੀ ਨਵੀਂ ਆਰਥਕ ਨੀਤੀ ਅਧੀਨ ਹੀ ਕਰ ਦਿੱਤੀ ਗਈ ਸੀ। ਡਾ. ਮਨਮੋਹਨ ਸਿੰਘ ਤੋਂ ਲੈ ਕੇ ਹੁਣ ਤਕ ਸਾਰੇ ਵਿੱਤ ਮੰਤਰੀ ਇਕ ਦੂਜੇ ਨਾਲੋਂ ਵੱਧ ਚੜ੍ਹ ਕੇ ਉਦਾਰੀਕਰਨ ਤੇ ਵਿਸ਼ਵੀਕਰਨ ਵੱਲ ਵੱਧ ਰਹੇ ਹਨ। ਭਾਰਤ ਦੀ ਅਰਥ-ਵਿਵਸਥਾ ਵਿੱਚ 1991 ਤੋਂ ਨਵੀਂ ਆਰਥਕ ਨੀਤੀ ਦਾ ਲਾਗੂ ਹੋਣਾ, 1995 ਤੋਂ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਬਣਨਾ, ਅਜਿਹੀਆਂ ਮਹੱਤਵਪੂਰਨ ਆਰਥਕ ਘਟਨਾਵਾਂ ਹਨ ਜਿਹੜੀਆਂ ਅਮਰੀਕੀ ਸਾਮਰਾਜੀ ਹਿੱਤਾਂ ਦੀਆਂ ਹੀ ਪੂਰਕ ਹਨ ਕਿਉਂਕਿ, ਵਿਸ਼ਵ ਵਪਾਰ ਸੰਸਥਾ ਤੀਸਰੀ ਦੁਨੀਆ ਦੇ ਕੁਦਰਤੀ ਵਸੀਲਿਆਂ, ਮਿਹਨਤ ਸ਼ਕਤੀ ਅਤੇ ਅਰਥਚਾਰਿਆਂ ਦਾ ਸ਼ੋਸ਼ਣ ਕਰਨ ਦੇ ਮਕਸਦ ਤਹਿਤ ਹੀ ਜੱਥੇਬੰਦ ਕੀਤੀ ਗਈ ਹੈ।

ਪੰਜਾਬ ਸਰਕਾਰ ਵੱਲੋਂ ਭਾਵੇਂ ਸਿੱਧੇ ਰੂਪ ਵਿੱਚ ਵਿਸ਼ਵੀਕਰਨ, ਉਦਾਰੀਕਰਨ ਤੇ ਮੰਡੀਕਰਨ ਦੀਆਂ ਨੀਤੀਆਂ ਨੂੰ ਨਹੀਂ ਅਪਣਾਇਆ ਗਿਆ ਪਰ ਅਸਿੱਧੇ ਰੂਪ ਵਿੱਚ ਪ੍ਰਭਾਵਤ ਜ਼ਰੂਰ ਹੋਈ ਹੈ। 1991 ਤੋਂ ਬਾਅਦ ਲਗਾਤਾਰ ਪੰਜਾਬ ਸਰਕਾਰ

ਦੀ ਆਰਥਕ ਨੀਤੀ ਕੇਂਦਰੀ ਆਰਥਕ ਨੀਤੀ ਨਾਲ ਮੇਲ ਖਾਂਦੀ ਰਹੀ। 1991 ਦੀ ਨਵੀਂ ਆਰਥਕ ਨੀਤੀ ਦੇ ਲਾਗੂ ਹੋ ਜਾਣ ਤੋਂ ਬਾਅਦ ਪੰਜਾਬ ਸਰਕਾਰ ਖੇਤੀ ਵਸਤਾਂ ਲਈ ਮੰਡੀ ਦਾ ਪ੍ਰਬੰਧ ਅਤੇ ਖੇਤੀ ਆਧਾਰਤ ਨਵੀਆਂ ਉਦਯੋਗਿਕ ਇਕਾਈਆਂ ਲਗਾਉਣ ਨੂੰ ਤਿਆਰ ਨਹੀਂ ਸੀ ਕਿਉਂਕਿ ਖੇਤੀ ਵਸਤਾਂ ਦਾ ਮੰਡੀਕਰਨ ਸਰਕਾਰ ਲਈ ਘਾਟੇ ਦਾ ਸੌਦਾ ਹੈ। ਵਿੱਤੀ ਹਾਲਤ ਪਹਿਲਾਂ ਹੀ ਕਾਫ਼ੀ ਖਰਾਬ ਹੋਣ ਕਰਕੇ ਸਰਕਾਰ ਇਸ ਕੰਮ ਵਿੱਚ ਨਹੀਂ ਪੈ ਸਕਦੀ ਅਤੇ ਨਾ ਹੀ ਘਾਟਾ ਬਰਦਾਸ਼ਤ ਕਰ ਸਕਦੀ। ਸਰਕਾਰ ਦੀ ਮੰਡੀਕਰਨ ਅਤੇ ਖੇਤੀ 'ਤੇ ਆਧਾਰਤ ਉਦਯੋਗਾਂ ਵਿੱਚੋਂ ਪਿੱਛੇ ਹਟਣ ਦੀ ਨੀਤੀ ਦਾ ਇਹ ਨਤੀਜਾ ਨਿਕਲਿਆ ਕਿ ਪੰਜਾਬ ਦੀ ਖੇਤੀ ਅਨੇਕੀਕਰਨ ਦੀ ਬਜਾਇ ਹੋਰ ਏਕੀਕਰਨ ਵੱਲ ਚਲੀ ਗਈ। ਇਸ ਨਾਲ ਖੇਤੀ ਦਾ ਆਧਾਰ ਸਿਰਫ ਕਣਕ  ਅਤੇ ਝੋਨਾ ਹੀ ਰਹਿ ਗਿਆ। ਇਸ ਨਾਲ ਛੋਟੀ ਅਤ ਹੇਠਲੀ ਮੱਧਵਰਗੀ ਕਿਸਾਨੀ ਦਾ ਆਰਥਕ ਤੌਰ 'ਤੇ ਬਹੁਤ ਭੈੜਾ ਹਾਲ ਹੋ ਗਿਆ। ਕਿਸਾਨੀ ਉੱਪਰ ਕਰਜ਼ੇ ਦਾ ਭਾਰ ਵਧ ਗਿਆ। ਛੋਟੀ ਅਤੇ ਦਰਮਿਆਨੀ ਕਿਸਾਨੀ ਨੇ ਕਰਜ਼ੇ ਦਾ ਭਾਰ ਲਾਹੁਣ ਲਈ ਜ਼ਮੀਨਾਂ ਗਹਿਣੇ ਧਰ ਦਿੱਤੀਆਂ। ਹਾਲਾਤ ਇਥੋਂ ਤਕ ਵਿਗੜ ਗਏ ਕਿ ਕਿਸਾਨਾਂ ਨੇ ਆਤਮ ਹੱਤਿਆਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਿਸਾਨਾਂ ਨੇ ਮੌਤ ਦਾ ਆਤਮਘਾਤੀ ਰਸਤਾ ਤਾਂ ਪਹਿਲਾਂ ਹੀ ਅਪਣਾ ਲਿਆ ਸੀ, ਪਰ ਇਸ ਰਸਤੇ ਉੱਪਰ ਚੱਲਣ ਵਾਲੇ ਕਿਸਾਨਾਂ ਦੀ ਗਿਣਤੀ ਵਿੱਚ 1993 ਤੋਂ ਬਾਅਦ ਤੇਜ਼ੀ ਆਈ ਅਤੇ 1995 ਅਤੇ 1996 ਵਿੱਚ ਇਹ ਭਿਆਨਕ ਹਾਦਸੇ ਆਪਣੀ ਸਿਖਰ ਤੇ ਪਹੁੰਚ ਗਏ। ਖੇਤੀ ਦੇ ਇਸ ਬੇਮਿਸਾਲ ਸੰਕਟ ਦੇ ਹੱਲ ਵਾਸਤੇ ਸਰਕਾਰ ਵੱਲੋਂ ਕੋਈ ਠੋਸ ਨੀਤੀ ਨਾ ਅਪਨਾਉਣਾ ਅਤੇ ਕਿਸੇ ਕਾਰਗਰ ਦਖਲ ਅੰਦਾਜ਼ੀ ਤੋਂ ਗੁਰੇਜ਼ ਕਰਨਾ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਆਰਥਕ ਨੀਤੀ ਦਾ ਹੀ ਨਤੀਜਾ ਹੈ।

## ਹਵਾਲੇ ਤੇ ਟਿੱਪਣੀਆਂ:


1. ਕਿਰਪਾਲ ਸਿੰਘ ਆਜ਼ਾਦ, ਸਿੱਖ ਮੂਲਵਾਦ ਬਾਰੇ, ਪੰਨਾ 61
2. ਸੁਖਦੇਵ ਸਿੰਘ ਸੋਹਲ, ਅੰਗਰੇਜ਼ੀ ਰਾਜ ਸਮੇਂ ਪੰਜਾਬ ਦੀ ਆਰਥਕਤਾ ਦੀ ਦਸ਼ਾ, ਜੰਲਧਰ, ਰੋਜ਼ਾਨਾ ਅਜੀਤ,28ਫਰਵਰੀ 1999
3. ਸੁਦਰਸ਼ਨ ਸਿੰਘ,ਪੰਜਾਬ ਦਾ ਇਤਿਹਾਸ (1849-1947),ਪੰਨਾ 86
4. ਰਾਮ ਸਿੰਘ ਮਜੀਠਾ,ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ(ਭਾਗ ਪਹਿਲਾ) (ਪੰਨਾ 87-89
5. ਰਾਧਾ ਸ਼ਰਮਾ,ਰਣਜੀਤ ਸਿੰਘ ਕਾਲ ਦੀ ਕਿਸਾਨੀ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਨਾ 40
6. ਮਹਿੰਦਰ ਸਿੰਘ, 'ਪੈਪਸੂ ਵਿੱਚ ਮੁਜ਼ਾਰਾ ਲਹਿਰ',ਪੰਜਾਬ ਦੀਆਂ ਲੋਕ ਲਹਿਰਾਂ(1849-1947) ਪੰਨਾ 233
7. ਅਨੂਪ ਸਿੰਘ, ਹਰੇ ਇਨਕਲਾਬ ਤੋਂ ਪ੍ਰਭਾਵਿਤ ਪੇਂਡੂ ਭਾਈਚਾਰਾ, ਚੰਡੀਗੜ੍ਹ, ਪੰਜਾਬੀ ਟ੍ਰਿਬਿਊਨ, ਅਗਸਰ 29,1998
8. ਟੀ.ਆਰ.ਵਿਨੋਦ, ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ,ਪੰਨਾ 75
9. ਅਨੂਪ ਸਿੰਘ, ਪੰਜਾਬ ਵਿਚ ਜ਼ਮੀਨੀ ਵੰਡ ਦਾ ਮਸਲਾ, ਚੰਡੀਗੜ੍ਹ, ਪੰਜਾਬੀ ਟ੍ਰਿਬਿਊਨ, 4 ਜੂਨ, 1998
10. ਜਸਪਾਲ ਜੱਸੀ, ਕਰਜ਼ੇ ਦੇ ਤੰਦੂਆ-ਜਾਲ 'ਚ ਫਾਹੀ ਪੰਜਾਬ ਦੀ ਕਿਸਾਨੀ, ਚੰਡੀਗੜ੍ਹ, ਪੰਜਾਬੀ ਟ੍ਰਿਬਿਊਨ, 20 ਜੂਨ, 1990

# ਅਧਿਆਇ ਤੀਜਾ

# ਪੰਜਾਬੀ ਨਾਵਲ ਦਾ ਨਿਕਾਸ ਤੇ ਵਿਕਾਸ ਅਤੇ ਪੰਜਾਬੀ ਨਾਵਲ ਵਿੱਚ ਕਿਸਾਨੀ ਸੰਕਟ

ਨਾਵਲ ਇੱਕ ਲੰਮੀ ਕਹਾਣੀ ਹੈ ਅਤੇ ਅਜਿਹੀਆਂ ਕਹਾਣੀਆਂ ਸਾਡੇ ਪਹਿਲੇ ਸਾਹਿਤ ਵਿੱਚ ਵੀ ਮਿਲਦੀਆਂ ਸਨ। ਰਮਾਇਣ ਤੇ ਮਹਾਂਭਾਰਤ ਜਿਹੇ ਮਹਾਂ-ਕਾਵਿ ਦੀਆਂ ਸੈਚੀਆਂ ਵਿੱਚ ਜੀਵਨ ਦੀਆਂ ਕਹਾਣੀਆਂ ਪੂਰੇ ਵਿਸਥਾਰ ਨਾਲ ਬਿਆਨੀਆ ਗਈਆ ਹਨ ਉਹ ਪ੍ਰੰਤੂ ਗੱਦ ਨਹੀਂ, ਸਗੋਂ ਪਦ ਵਿੱਚ ਹਨ ਅਤੇ ਅਜਿਹਾ ਹੋਣ ਕਰਕੇ ਅਸੀਂ ਉਨ੍ਹਾਂ ਨੂੰ ਮਹਾਂ-ਕਾਵਿ ਹੀ ਮੰਨਦੇ ਹਾਂ, ਇਸ ਤਰ੍ਹਾਂ ਨਾਲ ਹੋਰ ਵੀ ਕਿੱਸੇ ਅਤੇ ਕਥਾਵਾਂ ਆਦਿ ਸਾਡੇ ਕਾਵਿ ਸਾਹਿਤ ਵਿੱਚ ਢੇਰ ਪੁਰਾਣੇ ਸਮੇਂ ਤੋਂ ਮਿਲਦੇ ਹਨ ਪਰ ਤਕਨੀਕੀ ਸ਼ਬਦਾਂ ਵਿੱਚ ਅਸੀਂ ਉਨ੍ਹਾਂ ਨੂੰ ਇੱਕ ਪ੍ਰਮਾਣਿਕ ਨਾਵਲ ਦਰਸਾ ਨਹੀਂ ਦੇ ਸਕਦੇ। ਨਾਵਲ ਨੂੰ ਮਹਾਂਕਾਵਿ ਦਾ ਉਤਰਾਧਿਕਾਰੀ ਤਾਂ ਕਿਹਾ ਹੀ ਜਾਂਦਾ ਹੈ ਨਾਲ ਹੀ ਇਸਨੂੰ ਆਧੁਨਿਕ ਸਾਹਿਤ ਦਾ ਇੱਕ ਪ੍ਰਤੀਨਿਧ ਰੂਪ ਵੀ ਮੰਨਿਆ ਜਾਂਦਾ ਹੈ। ਪੱਛਮ ਵਿੱਚ ਵੀ ਨਾਵਲ ਪਿਛਲੀਆਂ ਕੁਝ ਸਦੀਆਂ ਤੋਂ ਹੀ ਪ੍ਰਚਲਿਤ ਹੋਇਆ ਹੈ। ਸਰਵਾਨਤੀਸ ਦੇ ਨਾਵਲ 'ਡਾਨ ਕਵਿਗਜ਼ੋਟ' ਨੂੰ ਯੂਰਪ ਦਾ ਪਹਿਲਾ ਨਾਵਲ ਮੰਨਿਆ ਜਾਂਦਾ ਹੈ[1], ਜਿਸਦੀ ਰਚਨਾ 1605 ਵਿੱਚ ਹੋਈ ਸੀ। ਸਰਵਾਨਤੀਸ, ਸ਼ੇਕਸਪੀਅਰ ਦਾ ਸਮਕਾਲੀ ਸੀ ਪਰ ਦੁਨੀਆਂ ਦਾ ਪਹਿਲਾ ਨਾਵਲ ਸੀ, 'ਗੇਂਜੀ ਦੀ ਕਹਾਣੀ' ਜੋ ਜਪਾਨ ਦੀ ਲੇਖਕਾ ਮੁਰਾਸਕੀ ਸ਼ਿਕਾਬੂ ਨੇ ਗਿਆਰਵੀਂ ਸਦੀ ਵਿੱਚ ਲਿਖਿਆ ਸੀ।[2]17ਵੀਂ ਸਦੀ ਵਿੱਚ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਜੌਨ ਬਨਿਯਨ ਨੇ 'ਦ ਪਿਲਗਰਿਮ'ਸ ਪਰੋਗਰੈਸ' ਦੀ ਰਚਨਾ ਕੀਤੀ ਜੋ ਧਾਰਮਿਕ ਪੁਸਤਕ ਹੁੰਦਿਆਂ ਹੋਇਆਂ ਵੀ ਨਾਵਲ ਵਿਧਾ ਦਾ ਬੇਹਤਰੀਨ ਨਮੂਨਾ ਬਣੀ। ਇਹ ਨਾਵਲ ਬਾਈਬਲ ਵਾਂਗ ਅੰਗਰੇਜ਼ਾਂ ਦੇ ਖ਼ੂਨ ਵਿੱਚ ਰਚ ਚੁੱਕਾ ਹੈ। ਇਸ ਸਦੀ ਦੀ ਦੂਜੀ ਮਹਾਨ ਰਚਨਾ ਡੇਨਿਯਨ ਡੈਫੋ ਦੀ ਪੁਸਤਕ 'ਰੌਬਿਨਸਨ ਕਰੂਸੋ (1719) ਸੀ।[3] ਇੰਗਲੈਂਡ ਵਿੱਚ ਸੈਮਯੁਲ ਰਿਚਰਡਸਨ ਦਾ ਨਾਵਲ 'ਪਾਮੇਲਾ'(1741) ਜੋ ਖਤਾਂ ਦੀ ਸ਼ੈਲੀ ਵਿੱਚ ਲਿਖਿਆ ਗਿਆ ਸੀ, ਛਪਦਿਆਂ ਹੀ ਬਹੁਤ ਪ੍ਰਸਿੱਧ ਹੋਇਆ। ਇਹ ਨਾਵਲ 18ਵੀਂ ਸਦੀ ਦੇ ਸਮਾਜ ਅਤੇ ਘਰੇਲੂ ਜ਼ਿੰਦਗੀ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ। ਹੈਨਰੀ ਫਲਿਡਿੰਗ ਇਸ ਸਦੀ ਦਾ ਸਭ ਤੋਂ ਮਹੱਤਵਪੂਰਨ ਨਾਵਲਕਾਰ ਸੀ, ਜਿਸਨੇ ਆਪਣੇ ਪ੍ਰਸਿੱਧ ਨਾਵਲ 'ਜੋਸੇਫ਼ਐਂਡਰਿਊਜ਼' ਅਤੇ 'ਟੌਮ ਜੋਨਜ਼' ਵਿੱਚ ਯਥਾਰਥਵਾਦੀ ਚਿਤਰਨਾ ਕਰਕੇ ਅੰਗਰੇਜ਼ੀ ਨਾਵਲ ਨੂੰ ਨਵਾਂ ਮੁਹਾਵਰਾ ਪ੍ਰਦਾਨ ਕੀਤਾ।[4]19ਵੀਂ ਸਦੀ ਵਿੱਚ ਅਮਰੀਕਾ ਨੇ ਤਿੰਨ ਅਜਿਹੇ ਵੱਡੇ ਨਾਵਲਕਾਰ ਪੈਦਾ ਕੀਤੇ ਜਿਨ੍ਹਾਂ ਨੇ ਨਾਵਲ ਦੇ ਪਸਾਰ ਅਤੇ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਈ। ਨੈਥੇਨਿਯਲ ਹਾਥਾਰਨ (1804-1864) ਦਾ ਬੇਮਿਸਾਲ ਨਾਵਲ 'ਸਕਾਰਲੈਟ ਲੈਟਰ' ਅੱਜ ਵੀ ਸਭ ਤੋਂ ਵਿਕਣ ਵਾਲੇ ਨਾਵਲਾਂ ਵਿੱਚ ਗਿਣਿਆ ਜਾਂਦਾ ਹੈ। ਮਾਰਕ ਟਵੇਨ (1835-1901) ਤਾਂ ਅਮਰੀਕਾ ਦਾ ਰਾਸ਼ਟਰੀ ਲੇਖਕ ਹੈ ਜਿਸਦੀ ਪਾਠਕ ਪੂਜਾ ਕਰਦੇ ਹਨ। ਉਸਦਾ ਨਾਵਲ 'ਟੌਮ ਸਵਾਇਰ' ਜੋ 1860 ਵਿੱਚ ਛਪਿਆ ਸੀ, ਨੇ ਹਰ ਵਰਗ ਅਤੇ ਹਰ ਉਮਰ ਦੇ ਪਾਠਕਾਂ ਵਿੱਚ ਬੇਹਦ ਮਕਬੂਲੀਅਤ ਹਾਸਿਲ ਕੀਤੀ।

ਹੈਰਅਿਟ ਸਟੋ ਦਾ ਕਲਾਸਿਕ ਨਾਵਲ 'ਅੰਕਲ ਟੌਮ'ਸ ਕੈਬਿਨ' ਜੋ 1852 ਵਿੱਚ ਛਪਿਆ ਸੀ ਨੇ ਆਪਣੇ ਨਾਵਲ ਵਿੱਚ ਦੱਖਣੀ ਅਮਰੀਕਾ ਦੇ ਗ਼ੁਲਾਮਾਂ ਦੀ ਦਰਦਨਾਕ ਕਹਾਣੀ ਬੜੇ ਹੀ ਜਜ਼ਬਾਤੀ ਢੰਗ ਨਾਲ ਪੇਸ਼ ਕੀਤੀ। ਇੰਗਲੈਂਡ ਦੀਆਂ ਤਿੰਨ ਅਜਿਹੀਆਂ ਲੇਖਕਾਵਾਂ ਦਾ ਜ਼ਿਕਰ ਕਰਨਾ ਹੈ, ਜਿਨ੍ਹਾਂ ਨੇ ਬੇਮਿਸਾਲ ਨਾਵਲਾਂ ਦੀ ਰਚਨਾ ਕਰਕੇ ਨਵੇਂ ਮੀਲ ਪੱਥਰ ਸਥਾਪਤ ਕੀਤੇ। ਸ਼ਾਰਲਟ ਬਰੌਂਟੇ ਦਾ ਨਾਵਲ 'ਜੇਨ ਆਇਰ' ਅਤੇ ਉਸਦੀ ਛੋਟੀ ਭੇਣ ਇਮਾਇਲ ਬਰੌਂਟੇ ਦਾ ਇਕੋ ਇਕ ਨਾਵਲ 'ਵੁਦਰਿੰਗ ਹਾਇਟਸ' ਅਤੇ ਜਾਰਜ ਇਲਿਯਟ ਦਾ ਨਾਵਲ 'ਮਿਲ ਆਨ ਦਾ ਫਲੌਸ' ਅਜਿਹੀਆਂ ਸਦੀਵੀ ਰਚਨਾਵਾਂ ਹਨ ਜਿਨ੍ਹਾਂ ਨੂੰ ਪਾਠਕ ਅੱਜ ਵੀ ਬੜੇ ਪਿਆਰ ਅਤੇ ਸਤਿਕਾਰ ਨਾਲ ਪੜ੍ਹਦੇ ਹਨ।'ਵੁਦਰਿੰਗ ਹਾਇਟਸ' ਨਾਵਲ ਨੂੰ ਤਾਂ ਨਾਵਲ ਜਗਤ ਦੇ ਪ੍ਰਸਿੱਧ ਆਲੋਚਕ ਵਾਲਟਰ ਐਲਨ ਨੇ 'ਪਰਫੈਕਟ' ਨਾਵਲ ਹੋਣ ਦਾ ਦਰਜਾ ਪ੍ਰਦਾਨ ਕੀਤਾ ਹੈ।[5]

ਪੰਜਾਬੀ ਨਾਵਲ ਦਾ ਜਨਮ ਪੱਛਮੀ ਪ੍ਰਭਾਵ ਦਾ ਫਲ ਹੈ। ਇਹ ਪ੍ਰਭਾਵ ਪੰਜਾਬੀ ਨਾਵਲ ਉੱਤੇ ਸਿੱਧਾ ਨਹੀਂ ਸਗੋਂ ਬੰਗਾਲੀ, ਉਰਦੂ ਅਤੇ ਹਿੰਦੀ ਰਾਹੀਂ ਪਿਆ ਹੈ। ਅਸਲ ਵਿੱਚ ਅੰਗ੍ਰੇਜ਼ੀ ਰਾਜ ਆਉਣ ਦੇ ਨਾਲ ਪੰਜਾਬ ਦੀ ਸੰਸਕ੍ਰਿਤੀ ਉਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੋ ਪ੍ਰਭਾਵ ਪਿਆ ਉਸਨੇ ਵੀ ਨਾਵਲ ਦੀ ਉਤਪੱਤੀ ਨੂੰ ਪੰਜਾਬੀ ਸਾਹਿਤ ਵਿੱਚ ਸੰਭਵ ਬਣਾਇਆ। ਪੰਜਾਬ ਦੀ ਇਤਿਹਾਸਕ ਸਥਿਤੀ ਵਿੱਚ ਸਦੀਆਂ ਤੋਂ ਚਲੀ ਆ ਰਹੀ ਜਾਗੀਰਦਾਰੀ ਪ੍ਰਥਾ ਅੰਗਰੇਜ਼ੀ ਸਾਮਰਾਜ ਦੇ ਪ੍ਰਭਾਵ ਅਧੀਨ ਪੂੰਜੀਵਾਦੀ ਪ੍ਰਥਾ ਵਿੱਚ ਬਦਲ ਗਈ। ਪੂੰਜੀਵਾਦੀ ਯੁੱਗ ਦੇ ਆਉਣ ਨਾਲ ਪਿੰਡਾਂ ਤੇ ਸ਼ਹਿਰਾਂ ਵਿੱਚ ਸਦੀਆਂ ਤੋਂ ਚਲੀ ਆ ਰਹੀ ਸਾਂਝੀ ਪਰਿਵਾਰਕ ਪ੍ਰਥਾ ਟੁੱਟ ਗਈ, ਸਕੂਲਾਂ ਅਤੇ ਕਾਲਜਾਂ ਵਿੱਚ ਲੱਗੇ ਪੱਛਮੀ ਕੋਰਸਾਂ ਵਿੱਚ ਪੱਛਮੀ ਸਾਹਿਤ ਰੂਪਾਂ ਦੀ ਪਛਾਣ ਹੋਣੀ ਸ਼ੁਰੂ ਹੋ ਗਈ। ਪੱਛਮੀ ਸਾਹਿਤ ਰੂਪਾਂ ਨੇ ਭਾਰਤੀ ਸਾਹਿਤ ਦੇ ਵਿਸ਼ੇ ਅਤੇ ਰੂਪਕ ਪੱਖੋਂ ਆਈ ਖੜੋਤ ਨੂੰ ਨਵੀਂ ਗਤੀ ਦੇ ਦਿੱਤੀ। ਅੰਗ੍ਰੇਜ਼ੀ ਵਿੱਦਿਆ ਦੇ ਗਿਆਨ ਥੱਲੇ ਪੜ੍ਹੀ-ਲਿਖੀ ਮੱਧ ਸ਼੍ਰੇਣੀ ਪੈਦਾ ਹੋ ਗਈ। ਅਜਿਹੀਆਂ ਇਤਿਹਾਸਕ, ਸਮਾਜਕ ਅਤੇ ਸਭਿਆਚਾਰਕ ਗਤਿਵਿਧੀਆਂ ਨੇ ਪੰਜਾਬੀ ਸਾਹਿਤ ਵਿੱਚ ਨਾਵਲ ਦੀ ਉਤਪਤੀ ਨੂੰ ਸੰਭਵ ਬਣਾਇਆ ਹੈ। ਨਾਵਲ ਦੇ ਪ੍ਰਚਲਿਤ ਹੋਣ ਵਿੱਚ ਛਾਪੇਖਾਨੇ ਦੀ ਕਾਢ ਦਾ ਵੱਡਾ ਯੋਗਦਾਨ ਰਿਹਾ ਹੈ। ਪੰਜਾਬ ਵਿੱਚ ਪਹਿਲਾ ਛਾਪਾਖਾਨਾ 1834 ਈ: ਵਿੱਚ ਲੁਧਿਆਣਾ ਵਿਖੇ ਸਥਾਪਤ ਹੋਇਆ। ਨਾਵਲ ਵਰਗੇ ਵਾਰਤਕ ਰੂਪ ਇਸ ਤੋਂ ਪਿੱਛੋਂ ਹੀ ਰਚੇ ਜਾਣੇ ਸ਼ੁਰੂ ਹੋਏ। ਪੰਜਾਬੀ ਭਾਸ਼ਾ ਵਿੱਚ ਛਪਿਆ ਪਹਿਲਾ ਨਾਵਲ ਜਾਨ ਬਨੀਅਨ ਦੀ ਰਚਨਾ 'ਪਿਲਗ੍ਰਿਮਜ਼ ਪ੍ਰਾਗ੍ਰੈੱਸ' ਦਾ ਅਨੁਵਾਦ 'ਯਿਸੂਈ ਮਨੁੱਖ ਦੀ ਯਾਤਰਾ' ਹੈ ਜੋ ਪਹਿਲੀ ਵਾਰ 1859ਈ: ਵਿੱਚ ਪ੍ਰਕਾਸ਼ਿਤ ਹੋਇਆ। ਇਸ ਉਪਰੰਤ ਦੂਜਾ ਨਾਵਲ 'ਜਯੋਤਿਰੁਦਯ' 1882 ਈ: ਵਿੱਚ ਪ੍ਰਕਾਸ਼ਿਤ ਹੋਇਆ।[6]ਇਹ ਦੋਵੇਂ ਨਾਵਲ ਈਸਾਈ ਮਿਸ਼ਨਰੀਆਂ ਵਲੋਂ ਲੁਧਿਆਣਾ ਦੇ ਮਿਸ਼ਨ ਪ੍ਰੈੱਸ ਵਲੋਂ ਛਾਪੇ ਗਏ। ਇਨ੍ਹਾਂ ਨਾਵਲਾਂ ਦਾ ਮਨੋਰਥ ਪੰਜਾਬ ਵਿੱਚ ਈਸਾਈ ਮਤ ਦਾ ਪ੍ਰਚਾਰ ਕਰਨਾ ਅਤੇ ਇਹ ਦਰਸਾਉਣਾ ਸੀ ਕਿ ਪੱਛਮੀ ਜੀਵਨ-ਸ਼ੈਲੀ ਭਾਰਤੀ ਜੀਵਨ-ਸ਼ੈਲੀ ਨਾਲੋਂ ਬਹੁਤ ਸ੍ਰੇਸ਼ਠ ਅਤੇ ਕਲਿਆਣਕਾਰੀ ਹੈ। ਭਾਰਤ ਵਿੱਚ ਮੌਲਿਕ ਨਾਵਲ ਦੀ ਰਚਨਾ ਬਾਬੂ ਬੰਕਿਮ ਚੰਦਰ ਚੈਟਰਜੀ ਦੀ ਰਚਨਾ 'ਆਨੰਦ ਮਠ' (1881) ਨਾਲ ਸ਼ੁਰੂ ਹੋਈ।[7]ਇਸ ਤੋਂ ਪਿੱਛੋਂ ਭਾਰਤ ਦੇ ਬਹੁਤ ਸਾਰੇ ਲੇਖਕ ਇਸ ਵਿਧਾ ਵੱਲ ਆਕਰਸ਼ਤ ਹੋ ਗਏ ਜਿਨ੍ਹਾਂ ਵਿੱਚੋਂ ਮੁਨਸ਼ੀ ਪ੍ਰੇਮ ਚੰਦ ਅਤੇ ਸ਼ਰਦ ਚੰਦਰ ਚੈਟਰਜੀ ਆਦਿ ਦੇ ਨਾਂ ਵਰਨਣਯੋਗ ਹਨ।

ਪੰਜਾਬੀ ਨਾਵਲ ਦੇ ਅਰੰਭ ਬਾਰੇ ਅਤੇ ਮੋਢੀ ਨਾਵਲਕਾਰ ਬਾਰੇ ਵੱਖ-ਵੱਖ ਸਾਹਿਤ ਦੇ ਇਤਿਹਾਸ ਅਤੇ ਲੇਖਕਾਂ ਦੇ ਆਪਣੇ-ਆਪਣੇ ਵਿੱਚਾਰ ਹਨ। ਪ੍ਰੋ. ਕਿਰਪਾਲ ਸਿੰਘ ਕੇਸਲ ਦਾ ਮੱਤ ਹੈ ਕਿ- 'ਪੰਜਾਬੀ ਦਾ ਸਭ ਤੋਂ ਪਹਿਲਾ ਨਾਵਲ ਡਾ. ਚਰਨ ਸਿੰਘ ਦਾ 'ਜਗ ਮੜੋਲੀ' ਹੈ। ਇਸ ਮੱਤ ਅਨੁਸਾਰ ਮੋਢੀ ਨਾਵਲਕਾਰ ਡਾ. ਚਰਨ ਸਿੰਘ ਸਿੱਧ ਹੁੰਦਾ ਹੈ। ਈਸ਼ਰ ਸਿੰਘ ਤਾਂਘ ਪੰਜਾਬੀ ਦਾ ਪ੍ਰਥਮ ਨਾਵਲਕਾਰ ਭਾਈ ਵੀਰ ਸਿੰਘ ਨੂੰ ਅਤੇ ਪ੍ਰਥਮ ਨਾਵਲ 1898 ਈ: ਵਿੱਚ ਛਪੇ ਨਾਵਲ 'ਸੁੰਦਰੀ' ਨੂੰ ਮੰਨਦਾ ਹੈ। ਡਾ. ਸੁਰਿੰਦਰ ਸਿੰਘ ਦੁਸਾਂਝ ਨੇ ਆਪਣੀ ਪੁਸਤਕ 'ਪੰਜਾਬੀ ਇਤਿਹਾਸਕ ਨਾਵਲ' ਵਿੱਚ ਇਸ ਤੱਥ ਨੂੰ ਪੇਸ਼ ਕੀਤਾ ਹੈ ਕਿ ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਹੈ ਅਤੇ 'ਸੁੰਦਰੀ' ਨੂੰ ਪੰਜਾਬੀ ਦਾ ਪ੍ਰਥਮ ਮੌਲਿਕ ਨਾਵਲ ਹੋਣ ਦਾ ਮਾਣ ਪ੍ਰਾਪਤ ਹੈ'।[8]ਉਪਰੋਕਤ ਵਿਦਵਾਨਾਂ ਤੋਂ ਇਲਾਵਾ ਪ੍ਰੋ. ਨਰਿੰਜਨ ਸਿੰਘ ਤਸਨੀਮ ਇਕ ਹੋਰ ਧਾਰਨਾ ਪੇਸ਼ ਕਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਭਾਈ ਵੀਰ ਸਿੰਘ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਨਹੀਂ ਮੰਨਿਆ ਜਾ ਸਕਦਾ। ਆਪਣੀ ਪੁਸਤਕ 'ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ' ਵਿੱਚ ਨਾਨਕ ਸਿੰਘ ਨੂੰ ਮੋਢੀ ਨਾਵਲਕਾਰ ਸਿੱਧ ਕਰਨ ਦਾ ਯਤਨ ਕਰਦੇ ਹਨ। ਆਪ ਦਾ ਵਿੱਚਾਰ ਹੈ ਕਿ ਪੰਜਾਬੀ ਨਾਵਲ ਦਾ ਇਤਿਹਾਸ ਭਾਵੇਂ ਭਾਈ ਵੀਰ ਸਿੰਘ ਨਾਲ ਸ਼ੁਰੂ ਹੁੰਦਾ ਹੈ ਪਰ ਪੰਜਾਬੀ ਨਾਵਲ ਦਾ ਮੋਢੀ ਨਾਨਕ ਸਿੰਘ ਹੀ ਹੈ। ਤਸਨੀਮ ਸਾਹਿਬ ਦੀ ਰਾਏ ਨੂੰ ਪੰਜਾਬੀ ਆਲੋਚਕਾਂ ਤੇ ਵਿਦਵਾਨਾਂ ਵਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਪੰਜਾਬੀ ਵਿਦਵਾਨਾਂ ਦੀ ਬਹੁਗਿਣਤੀ ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਨੂੰ ਹੀ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਮੰਨਦੀ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਜੀ ਸੁਤੇ-ਸਿੱਧ ਹੀ ਪੰਜਾਬੀ ਨਾਵਲ ਦੇ ਪਿਤਾਮਾ ਸਿੱਧ ਹੋ ਜਾਂਦੇ ਹਨ। ਇਸ 'ਸੁੰਦਰੀ' ਨਾਵਲ ਨੂੰ ਭਾਈ ਵੀਰ ਸਿੰਘ ਜੀ ਨੇ 1898 ਈ: ਵਿੱਚ ਪ੍ਰਕਾਸ਼ਤ ਕਰਕੇ ਪੰਜਾਬੀ ਦੇ ਮੌਲਿਕ ਨਾਵਲ ਦੀ ਨੀਂਹ ਰੱਖੀ। ਪੰਜਾਬੀ ਨਾਵਲ ਦਾ ਜਨਮ ਭਾਵੇਂ ਸਾਹਿਤਕ ਪੱਖ ਤੋਂ ਅਚਾਨਕ ਵਾਪਰੀ ਘਟਨਾ ਹੀ ਪ੍ਰਤੀਤ ਹੁੰਦਾ ਹੈ, ਪਰ ਉਪਰੋਕਤ ਕੀਤੀ ਵਿੱਚਾਰ ਤੋਂ ਸਪੱਸ਼ਟ ਹੈ ਕਿ ਸਮਾਜਕ ਪੱਖ ਤੋਂ ਪੱਛਮੀ ਪ੍ਰਭਾਵਾਂ ਸਦਕਾ ਪੰਜਾਬੀ ਨਾਵਲ ਦੇ ਪੈਦਾ ਹੋਣ ਲਈ ਭੋਂ ਤਿਆਰ ਹੋ ਚੁੱਕੀ ਸੀ। ਇਹੀ ਕਾਰਨ ਹੈ ਕਿ ਪੰਜਾਬੀ ਵਿੱਚ ਨਾਵਲ ਆਪਣੇ ਜਨਮ ਨਾਲ ਹੀ ਪ੍ਰੰਪਰਾ ਦਾ ਰੂਪ ਧਾਰਨਕਰ ਲੈਂਦਾ ਹੈ। ਪਹਿਲਾਂ ਪਹਿਲ ਧਰਮ ਸੁਧਾਰ ਦੀਆਂ ਲਹਿਰਾਂ ਨੇ ਇਸ ਨੂੰ ਆਪਣੇ ਪ੍ਰਚਾਰ ਲਈ ਵਾਹਣ ਬਣਾਇਆ। ਇਹੀ ਕਾਰਨ ਹੈ ਕਿ ਪੰਜਾਬੀ ਦੇ ਪਹਿਲੇ ਨਾਵਲ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਸੀਮਤ ਘੇਰੇ ਵਿੱਚ ਹੀ ਧਰਮ ਪ੍ਰਚਾਰ ਕਰਦੇ ਸਨ। ਇਸ ਸਮੇਂ ਤੱਕ ਸਮਾਜਕ ਹਾਲਤ ਨਾਵਲ ਰੂਪ ਦੇ ਅਨੁਕੂਲ ਹੋ ਚੁੱਕੇ ਸਨ ਇਹੀ ਕਾਰਨ ਹੈ ਕਿ ਪੰਜਾਬੀ ਨਾਵਲ ਬਹੁਤਾ ਚਿਰ ਧਰਮ ਪ੍ਰਚਾਰ ਦੇ ਵਿਸ਼ੇ ਤੱਕ ਸੀਮਤ ਨਾ ਰਹਿ ਸਕਿਆ ਅਤੇ ਇਕ ਦਹਾਕੇ ਵਿੱਚ ਹੀ ਅਮਰ ਸਿੰਘ, ਭਾਈ ਮੋਹਨ ਸਿੰਘ ਵੈਦ, ਧਨੀ ਰਾਮ ਚਾਤ੍ਰਿਕ ਆਦਿ ਦੇ ਨਾਵਲਾਂ ਨਾਲ ਭਾਈਚਾਰਕ ਅਤੇ ਸਮਾਜ ਸੁਧਾਰ ਦੇ ਵਿਸ਼ਾਲ ਵਿਸ਼ੇ ਖੇਤਰ ਵਿੱਚ ਪ੍ਰਵੇਸ਼ ਕਰ ਗਿਆ।

ਮੌਲਿਕ ਪੰਜਾਬੀ ਨਾਵਲ ਭਾਈ ਵੀਰ ਸਿੰਘ ਦੇ ਸਿੱਖ ਧਰਮ ਕੇਂਦਰਿਤ ਨਾਵਲ 'ਸੁੰਦਰੀ' ਦੇ ਪ੍ਰਕਾਸ਼ਤ ਹੋਣ ਨਾਲ ਆਰੰਭ ਹੁੰਦਾ ਹੈ। ਭਾਈ ਵੀਰ ਸਿੰਘ ਨੇ ਨਾਵਲ ਧਾਰਮਕ ਪ੍ਰਚਾਰ ਲਈ ਲਿਖੇ। 18ਵੀਂ ਸਦੀ ਦੇ ਇਤਿਹਾਸ ਨੂੰ ਵਿਸ਼ਾ-ਵਸਤੂ

ਬਣਾ ਕੇ ਭਾਈ ਵੀਰ ਸਿੰਘ ਨੇ ਪੰਜਾਬੀ ਦੇ ਪਹਿਲੇ 'ਨਾਵਲ ਸੁੰਦਰੀ', 'ਸਤਵੰਤ ਕੌਰ' ਤੇ 'ਬਿਜੈ ਸਿੰਘ'ਲਿਖੇ। ਉਨ੍ਹਾਂ ਦਾ ਇਹ ਨਾਵਲ ਲਿਖਣ ਦਾ ਮਕਸਦ ਸਿੱਖ ਧਰਮ ਵਿੱਚ ਆ ਰਹੇ ਪਤਨ ਨੂੰ ਰੋਕਣਾ ਸੀ।'ਸੁਭਾਗ ਜੀ ਸੁਧਾਰ ਹੱਥੀ ਬਾਬਾ ਨੌਧ ਸਿੰਘ' ਨਾਵਲ ਦਾ ਵਿਸ਼ਾ ਸਿੱਖੀ ਪ੍ਰਚਾਰ ਦੇ ਨਾਲ ਸਮਕਾਲੀ ਪੇਂਡੂ ਸਿੱਖ ਜੀਵਨ ਦੀ ਪੇਸ਼ਕਾਰੀ ਹੈ।

ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ ਦਾ ਸਮਕਾਲੀ ਨਾਵਲਕਾਰ ਹੈ। ਉਸਦੀ ਨਾਵਲਕਲਾ ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੈ ਪਰ ਉਹ ਲੌਕਿਕ ਜੀਵਨ ਦੇ ਵਧੇਰੇ ਨੇੜੇ ਹੈ ਅਤੇ ਉਸਨੇ ਪੰਜਾਬੀ ਸਾਹਿਤ ਨੂੰ ਮੌਲਿਕ, ਅਨੁਵਾਦਤ ਅਤੇ ਬਹੁਗਿਣਤੀ ਨਾਵਲ ਦਿੱਤੇ ਹਨ। ਉਸਨੇ 'ਸੁਖਦੇਵ ਕੌਰ' ਅਤੇ 'ਸੁਘੜ ਨੂੰਹ ਤੇ ਲੜਾਕੀ ਸੱਸ', 'ਇੱਕ ਸਿੱਖ ਘਰਾਣਾ', 'ਸੁਸ਼ੀਲ-ਵਿਧਵਾ', 'ਦੰਪਤੀ ਪਿਆਰ', 'ਸਰੇਸ਼ਟ ਕੁਲ', 'ਵਕੀਲ ਦੀ ਕਿਸਮਤ' ਆਦਿ ਲਿਖੇ। ਉਸਨੇ ਪੰਜਾਬੀ ਨਾਵਲ ਨੂੰ ਇਤਿਹਾਸਕ ਘੇਰੇ ਵਿੱਚੋਂ ਕੱਢ ਕੇ ਕੁਝ ਯਥਾਰਥ ਛੋਹ ਲਵਾਈ ਜੋ ਉਸਦੀ ਇਸ ਪਖੋਂ ਵਰਨਣ ਯੋਗ ਦੇਣ ਹੈ। ਮੋਹਨ ਸਿੰਘ ਵੈਦ ਤੋਂ ਪਿਛੋਂ ਚਰਨ ਸਿੰਘ ਸ਼ਹੀਦ ਨੇ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਤਿੰਨ ਇਤਿਹਾਸਕ ਨਾਵਲ 'ਦਲੇਰ ਕੌਰ', 'ਰਣਜੀਤ ਕੌਰ' ਅਤੇ 'ਚੰਚਲ ਮੂਰਤੀ'ਲਿਖ ਕੇ ਪ੍ਰਕਾਸ਼ਤ ਕਰਾਏ। ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿੱਚ ਭਾਈ ਵੀਰ ਸਿੰਘ ਨਾਲੋਂ ਵਖਰੇਵਾਂ ਇਸ ਗੱਲ ਵਿੱਚ ਹੈ ਕਿ ਸ਼ਹੀਦ ਨੇ ਮਾਨਵਵਾਦੀ ਅਪੀਲ ਰਾਹੀਂ ਸਿੱਖ ਧਰਮ ਵੱਲ ਪਾਠਕਾਂ ਨੂੰ ਪ੍ਰੇਰਿਆ ਹੈ। ਚਰਨ ਸਿੰਘ ਸ਼ਹੀਦ ਆਪਣੇ ਇਤਿਹਾਸਕ ਨਾਵਲਾਂ ਵਿੱਚ ਭਾਈ ਵੀਰ ਸਿੰਘ ਨਾਲੋਂ ਵਧੇਰੇ ਯਥਾਰਥਵਾਦੀ ਜਾਪਦਾ ਹੈ। ਮਾਸਟਰ ਤਾਰਾ ਸਿੰਘ ਦੇ ਲਿਖੇ ਨਾਵਲ 'ਪ੍ਰੇਮ ਲਗਨ' ਅਤੇ 'ਬਾਬਾ ਤੇਗਾ ਸਿੰਘ'ਵਰਨਨਯੋਗ ਹਨ।'ਬਾਬਾ ਤੇਗਾ ਸਿੰਘ' ਇਕ ਇਤਿਹਾਸਕ ਨਾਵਲ ਹੈ।'ਪ੍ਰੇਮ ਲਗਨ' ਨਾਵਲ ਅਕਾਲੀ ਲਹਿਰ ਦੇ ਪਿਛੋਕੜ ਵਿੱਚ ਪੇਂਡੂ ਸਿੱਖ ਜੀਵਨ ਦਾ ਚਿੱਤਰ ਪੇਸ਼ ਕਰਦਾ ਹੈ।ਇਸ ਨਾਵਲ ਵਿੱਚ ਮਾਸਟਰ ਤਾਰਾ ਸਿੰਘ ਨੇ ਭਾਈ ਵੀਰ ਸਿੰਘ ਵਾਂਗ ਪੰਜਾਬੀ ਸਿੱਖ ਭਾਈਚਾਰੇ ਦੇ ਗੁਣਾਂ ਨੂੰ ਵਡਿਆਇਆ ਹੀ ਨਹੀਂ ਸਗੋਂ ਇਸ ਦੇ ਗੁਣਾਂ ਔਗੁਣਾਂ ਦੀ ਸਹੀ ਤਸਵੀਰ ਪੇਸ਼ ਕੀਤੀ ਹੈ।

ਪੰਜਾਬੀ ਨਾਵਲ ਦੇ ਖੇਤਰ ਵਿੱਚ ਨਾਨਕ ਸਿੰਘ ਦੇ ਆਗਮਨ ਨਾਲ ਇਕ ਨਵਾਂ ਮੋੜ ਆਇਆ ਹੈ। ਪੰਜਾਬੀ ਵਿੱਚ ਸਭ ਤੋਂ ਵੱਧ ਨਾਟਕ ਨਾਨਕ ਸਿੰਘ ਨੇ ਲਿਖੇ ਹਨ। ਨਾਨਕ ਸਿੰਘ ਪੰਜਾਬੀ ਨਾਵਲ ਦਾ ਸਭ ਤੋਂ ਵੱਡਾ ਸੁਧਾਰਵਾਦੀ ਨਾਵਲਕਾਰ ਹੈ। ਉਸਦੇ ਮੁੱਢਲੇ ਨਾਵਲਾਂ ਵਿੱਚ ਸਮਾਜਕ ਕੁਰੀਤੀਆਂ, ਵਿਧਵਾ ਵਿਆਹ, ਛੂਤ-ਛਾਤ, ਬਾਲ ਵਿਆਹ ,ਭ੍ਰਿਸ਼ਟਾਚਾਰ, ਸਮਾਜ ਦੇ ਠੁਕੇਦਾਰਾਂ ਦੀਆਂ ਕਰਤੂਤਾਂ, ਨਸ਼ਿਆਂ ਦੀ ਨਿਖੇਧੀ, ਵੱਢੀ-ਖੋਰੀ ਤੇ ਮੁਕੱਦਮੇਬਾਜ਼ੀ ਆਦਿ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ। ਵੇਸਵਾ ਗਮਨ ਦੀ ਗੱਲ ਉਸਨੇ 'ਟੁੱਟੀ ਵੀਣਾ', 'ਗੰਗਾਜਲੀ ਵਿੱਚ ਸ਼ਰਾਬ', 'ਅੱਧ ਖਿੜਿਆ ਫੁੱਲ' ਵਿੱਚ ਕੀਤੀ। ਸ਼ਰਾਬ ਦੀ ਲਾਹਨਤ 'ਜੀਵਨ ਸੰਗਰਾਮ', 'ਸੰਗਮ', 'ਅੱਧ ਖਿੜਿਆ ਫੁੱਲ'ਤੇ 'ਪੁਜਾਰੀ' ਵਿੱਚ ਵੱਖ-ਵੱਖ ਧਰਮਾਂ ਨੂੰ ਧਰਮਾਂ ਨੂੰ ਮੰਨਣ ਵਾਲਿਆਂ ਵਿੱਚ ਭਰਾਤਰੀ ਭਾਵ 'ਅੱਧ ਖਿੜਿਆ ਫੁੱਲ', 'ਛਲਾਵਾ', 'ਪਿਆਰ ਦੀ ਦੁਨੀਆਂ','ਪੁਜਾਰੀ' ਆਦਿ।'ਚਿੱਟਾ ਲਹੂ' ਨਾਵਲ ਨਾਲ ਪੰਜਾਬੀ ਨਾਵਲ ਇਕ ਨਵਾਂ ਮੋੜ ਮੁੜਦਾ ਹੈ। ਸੁਤੰਤਰਾ ਤੋਂ ਪਿਛੋਂ ਨਾਨਕ ਸਿੰਘ ਨੇ 'ਖੂਨ ਦੇ ਸੋਹਲੇ' ਤੇ 'ਅੱਗ ਦੀ ਖੇਡ' ਨਾਵਲਾਂ ਤੋਂ ਇਲਾਵਾ 'ਮੰਝਧਾਰ', 'ਚਿੱਤਰਕਾਰ',

'ਆਦਮਖੋਰ', 'ਕੱਟੀ ਹੋਈ ਪਤੰਗ', 'ਪੁਜਾਰੀ', 'ਨਾਸੂਰ', 'ਕੋਈ ਹਰਿਆ ਬੂਟ ਰਹਿਓ ਰੀ', 'ਇਕ ਮਿਆਨ ਦੋ ਤਲਵਾਰਾਂ', 'ਗਗਨ ਦਮਾਮਾ ਬਾਜਿਓ' ਆਦਿ ਨਾਵਲ ਲਿਖੇ ਇਨ੍ਹਾਂ ਨਾਵਲਾਂ ਦੇ ਵਿਸ਼ੇ ਸਮਕਾਲੀ ਸਮਾਜਕ ਜੀਵਨ ਵਿੱਚੋਂ ਲੲਏ ਹਨ।

ਸੁਰਿੰਦਰ ਸਿੰਘ ਨਰੂਲਾ ਦੀ ਨਾਵਲ ਕਲਾ ਦਾ ਆਰੰਭ ਉਸ ਦੇ ਨਾਵਲ 'ਪਿਉ ਪੁੱਤਰ' ਨਾਲ ਹੁੰਦਾ ਹੈ।'ਪਿਉ ਪੁੱਤਰ' ਨਾਵਲ ਦੀ ਸਾਹਿਤਕ ਮਹਾਨਤਾ ਦੇ ਨਾਲ-ਨਾਲ ਇਤਿਹਾਸਕ ਮਹਾਨਤਾ ਵੀ ਬਹੁਤ ਹੈ। ਸੰਤ ਸਿੰਘ ਸੇਖੋਂ ਦੇ ਸ਼ਬਦਾਂ ਵਿੱਚ "ਪੰਜਾਬੀ ਪੜ੍ਹਨ ਵਾਲਿਆਂ ਲੋਕਾਂ ਦਾ ਧਿਆਨ ਮੈਂ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਹੁਣੇ ਜਹੀ ਹੋਈ ਇਕ ਘਟਨਾ ਵਲ ਖਿਚਣਾ ਚਾਹੁੰਦਾ ਹੈ। ਉਹ ਘਟਨਾ ਇਹ ਹੈ ਕਿ ਪੰਜਾਬੀ ਸਾਹਿਤ ਵਿੱਚ ਇਕ ਅਜਿਹਾ ਨਾਵਲ (ਪਿਉ ਪੁੱਤਰ) ਪ੍ਰਕਾਸ਼ਤ ਹੋਇਆ ਹੈ ਜੋ ਪੰਜਾਬੀ ਜੀਵਨ ਨੂੰ ਪਹਿਲੀ ਵਾਰੀ ਇਸ ਤਰ੍ਹਾਂ ਰੂਪਮਾਨ ਕਰਦਾ ਹੈ ਜਿਸ ਉਤੇ ਯੋਗ ਮਾਣ ਕੀਤਾ ਜਾ ਸਕਦਾ ਹੈ।" ਇਸ ਤੋਂ ਪਿਛੋਂ ਨਰੂਲਾ ਨੇ 'ਰੰਗ ਮੱਹਲ', 'ਦੀਨ ਤੇ ਦੁਨੀਆਂ', 'ਜਗਰਾਤਾ', 'ਲੋਕ ਦੁਸ਼ਮਣ', 'ਨੀਲੀ ਬਾਰ', 'ਦਿਲ ਦਰਿਆ', 'ਸਿੱਲ ਅਲੂਣੀ' ਤੇ 'ਆਪਣੇ ਪਰਾਏ' ਆਦਿ ਨਾਵਲ ਦਿੱਤੇ। ਸੁਰਿੰਦਰ ਸਿੰਘ ਨਰੂਲਾ ਇਕ ਪ੍ਰਗਤੀਵਾਦੀ ਨਾਵਲਕਾਰ ਹੈ। ਇਸ ਨੇ ਆਪਣੇ ਨਾਵਲਾਂ ਵਿੱਚ ਅਗਾਂਹ-ਵਧੂ ਰੁਚੀਆਂ ਨੂੰ ਅਪਣਾਇਆ ਹੈ। ਉਹ ਆਪ ਵੀ ਇਸ ਸੰਬੰਧੀ ਲਿਖਦਾ ਹੈ, "ਕੋਈ ਵੀ ਸਾਹਿਤਕ ਪੁਸਤਕ ਜਦੋਂ ਤਕ ਪ੍ਰਚੱਲਿਤ ਸਮਾਜਕ ਤੇ ਆਰਥਕ ਹਾਲਾਤ ਦਾ ਦਰਪਨ ਨਾ ਹੋਵੇ, ਅਗਾਂਹ-ਵਧੂ ਨਹੀਂ ਹੋ ਸਕਦੀ ਜਦੋਂ ਕੋਈ ਸਾਹਿਤਕਾਰ ਇਸ ਤਰ੍ਹਾਂ ਦੀ ਕੋਸ਼ਿਸ਼ ਕਰੇ ਤਾਂ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਉਸ ਨੂੰ ਅਮੀਰ ਲੋਕਾਂ ਦੀ ਲੁੱਟ-ਖਸੁੱਟ ਨੂੰ ਰੱਬ ਦਾ ਭਾਣਾ ਨਹੀਂ ਸਮਝਣਾ ਚਾਹੀਦਾ। ਇਸ ਲਈ ਸਮਾਜਕ ਹਾਲਾਤ ਨੂੰ ਦੱਸਣ ਲਈ ਮਾਰਕਸਵਾਦ ਨੂੰ ਮੁੱਖ ਰਖਣਾ ਚਾਹੀਦਾ ਹੈ।" 'ਪਿਉ ਪੁੱਤਰ' ਵਿੱਚ ਉਹ ਸਮਾਜਕ ਪਰਿਵਰਤਨ ਨੂੰ ਪੇਸ਼ ਕਰਦਾ ਹੈ।

ਜਸਵੰਤ ਸਿੰਘ ਕੰਵਲ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲਾ ਨਾਵਲਕਾਰ ਹੈ। ਉਸ ਨੂੰ ਕਈ ਆਲੋਚਕ ਨਾਨਕ ਸਿੰਘ ਦਾ ਉਤਰਾਧਿਕਾਰੀ ਮੰਨਦੇ ਹਨ। ਜਸਵੰਤ ਸਿੰਘ ਕੰਵਲ ਦੀ ਪੰਜਾਬੀ ਨਾਵਲ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਸ ਨੇ ਮਾਲਵੇ ਦੇ ਪੇਂਡੂ ਜੀਵਨ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਪਿੰਡਾਂ ਵਿੱਚ ਰਹਿਣ ਕਰਕੇ ਪਿੰਡਾਂ ਦੇ ਜੀਵਨ ਸੰਬੰਧੀ ਉਸ ਦੀ ਜਾਣਕਾਰੀ ਡੂੰਘੀ ਤੇ ਵਿਸ਼ਾਲ ਹੈ।'ਹਾਣੀ' ਅਤੇ 'ਪੂਰਨਮਾਸ਼ੀ'ਨਾਵਲਾਂ ਵਿੱਚ ਉਸ ਨੇ ਪੇਂਡੂ ਜੀਵਨ ਨਾਲ ਸੰਬੰਧਤ ਆਰਥਕ, ਸਮਾਜਕ, ਸਦਾਚਾਰਕ ਤੇ ਧਾਰਮਕ ਸਾਰੇ ਪਹਿਲੂ ਲਏ ਹਨ। ਨਰਿੰਦਰ ਸਿੰਘ ਦੀ ਨਾਵਲ ਰਚਨਾ ਦਾ ਆਕਾਰ ਵੀ ਚੋਖਾ ਹੈ। ਉਸ ਦਾ ਸਭ ਤੋਂ ਪਹਿਲਾ ਨਾਵਲ 'ਮਲਾਹ' ਛਪਿਆ। ਇਸ ਤੋਂ ਪਿਛੋਂ ਉਸਨੇ 'ਖਮਨਿਓਂ ਤਿੱਖੀ ਵਾਲੋਂ', 'ਏਤਿ ਮਾਰਗ ਜਾਣਾ', 'ਸ਼ਕਤੀ', 'ਤ੍ਰੀਆ ਜਾਲ', 'ਇਕ ਰਾਹ ਇਕ ਪੜਾ', 'ਅਮਨ ਦੇ ਰਾਹ', 'ਪੁੰਨਿਆ ਕਿ ਮੱਸਿਆ', 'ਟਾਪੂ', 'ਸੈਨਾਪਤੀ', 'ਉਨਤਾਲੀ ਵਰ੍ਹੇ', 'ਵਿਕੇਂਦ੍ਰਿਤ', 'ਚਾਨਣ ਖੜ੍ਹਾ ਕਿਨਾਰੇ' ਅਤੇ 'ਬਾਮੁਲਾਹਣਾ ਹੋਸ਼ਿਆਰ'ਨਾਵਲ ਸਾਹਿਤ ਨੂੰ ਦਿੱਤੇ।'ਬਾਮੁਲਾਹਜ਼ਾ ਹੋਸ਼ਿਆਰ' ਨੂੰ ਸਾਹਿਤ ਅਕਾਦਮੀ ਵਲੋਂ ਇਨਾਮ ਮਿਲ ਚੁੱਕਿਆ ਹੈ।

ਸੋਹਣ ਸਿੰਘ ਸੀਤਲ ਇਕ ਢਾਡੀ ਅਤੇ ਇਤਿਹਾਸਕਾਰ ਦੇ ਵਾਰਤਕਕਾਰ ਦੇ ਤੌਰ ਤੇ ਵਧੇਰੇ ਪ੍ਰਸਿਧ ਹੈ। ਸੁਤੰਤਰਤਾ ਤੋਂ ਪਿਛੋਂ ਉਸ ਦਾ ਝੁਕਾਅ ਨਾਵਲਕਾਰੀ ਵੱਲ ਹੋਇਆ। ਉਸ ਨੇ 'ਮੁੱਲ ਦਾ ਮਾਸ', 'ਅੰਨ੍ਹੀ ਸੁੰਦਰਤਾ', 'ਵਿਜੋਗਣ', 'ਪਤਵੰਤੇ-ਕਾਤਿਲ', 'ਦੀਵੇ ਦੀ ਲੋ', 'ਜੰਗ ਤੇ ਅਮਨ', 'ਤੂਤਾਂ ਵਾਲਾ ਖੂਹ', 'ਈਚੋਗਿਲ ਨਹਿਰ ਤਕ', 'ਜੁਗ ਬਦਲ ਗਿਆ' ਆਦਿ ਨਾਵਲ ਲਿਖੇ। ਜਿਥੇ ਨਾਨਕ ਸਿੰਘ ਸ਼ਹਿਰੀ ਮੱਧ ਵਰਗੀ ਜੀਵਨ ਨੂੰ ਆਪਣੀ ਰਚਨਾ ਦਾ ਖੇਤਰ ਬਣਾਉਂਦਾ ਹੈ। ਸੀਤਲ ਦੀ ਨਾਵਲ ਕਲਾ ਵਿੱਚ ਨਾ ਸਿਰਫ਼ ਪੇਂਡੂ ਕਿਰਸਾਣੀ ਜੀਵਨ ਦੀਆਂ ਬਹੁ-ਪੱਖੀ ਸਮੱਸਿਆਵਾਂ ਦਾ ਵਿਸ਼ਲੇਸ਼ਣ ਹੈ, ਸਗੋਂ ਇਸ ਦੇ ਨਾਲ ਸਮੁੱਚੀ ਮਨੁੱਖਤਾ ਦੀਆਂ ਮਨੋ-ਬਿਰਤੀਆਂ ਬੱਝੀਆਂ ਹਨ। ਮਨੁੱਖੀ ਰਿਸ਼ਤਿਆਂ, ਇਸਤਰੀ ਮਰਦ ਦੇ ਸੰਬੰਧਾਂ, ਵੱਖ-ਵੱਖ ਜਾਤੀਆਂ ਦੇ ਕਿਰਦਾਰਾਂ ਨੂੰ ਯਥਾਰਥ ਸੂਝ ਨਾਲ ਸੀਤਲ ਨੇ ਪੇਸ਼ ਕੀਤਾ ਹੈ। ਸੀਤਲ ਨੇ 'ਤੂਤਾਂ ਵਾਲਾ ਖੂਹ' ਤੇ 'ਜੰਗ ਜਾਂ ਅਮਨ' ਵਰਗੇ ਨਾਵਲ ਲਿਖ ਕੇ ਪੰਜਾਬੀ ਵਿੱਚ ਆਪਣੀ ਖਾਸ ਥਾਂ ਬਣਾ ਲਈ ਹੈ।

ਕਰਤਾਰ ਸਿੰਘ ਦੁੱਗਲ ਨੇ ਪੰਜਾਬੀ ਸਾਹਿਤ ਵਿੱਚ ਕਹਾਣੀਕਾਰ ਦੇ ਤੌਰ ਤੇ ਪ੍ਰਵੇਸ਼ ਕੀਤਾ। ਦੁੱਗਲ ਨੂੰ ਨਾਵਲਕਾਰ ਦੇ ਤੌਰ ਤੇ ਨਾਵਲ ਖੇਤਰ ਵਿੱਚ ਉਹ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਜੋ ਉਸ ਨੂੰ ਨਿੱਕੀ ਕਹਾਣੀ ਦੇ ਖੇਤਰ ਵਿੱਚ ਪ੍ਰਾਪਤ ਹੈ। ਦੁੱਗਲ ਨੂੰ ਨਾਵਲਕਾਰ ਦੇ ਤੌਰ ਤੇ ਨਾਵਲ ਖੇਤਰਵਿੱਚ ਉਹ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਜੋ ਉਸ ਨੂੰ ਨਿੱਕੀ ਕਹਾਣੀ ਵਿੱਚ ਪ੍ਰਾਪਤ ਹੈ। ਦੁੱਗਲ ਨੇ ਹੁਣ ਤੱਕ 'ਆਦਰਾਂ', 'ਨਹੁੰ ਤੇ ਮਾਸ', 'ਇਕ ਦਿਲ ਵਿਕਾਊ', ਦਿਲ ਦਰਿਆ', 'ਮੇਰਾ ਦਿਲ ਮੋੜ ਦੇ', 'ਤ੍ਰੈ ਲੜੀ', 'ਹਾਲ ਮੁਰੀਦਾ ਦਾ', 'ਮਨ ਪਰਦੇਸੀ', 'ਮਾਂ ਪਿਉ ਦੇ ਜਾਏ', 'ਅਮਮੀ ਨੂੰ ਕੀ ਹੋ ਗਿਆ', 'ਫੁੱਲਾਂ ਦਾ ਸਾਥ', 'ਪੈਣਗੇ ਵੈਣ ਡੂੰਘੇ' ਆਦਿ ਨਾਵਲਲਿਖੇ ਹਨ।'ਆਂਦਰਾਂ'ਨਾਵਲ ਵਿੱਚ ਦੁੱਗਲ ਨੇ ਜਾਗੀਰਦਾਰ ਤੇ ਮੁਜਾਰਿਆਂ ਦੇ ਆਪਸੀ ਸੰਘਰਸ਼ ਨੂੰ ਬਿਆਨ ਕਰਦੇ ਹੋਏ ਜਾਗੀਰਦਾਰੀ ਸਮਾਜ ਦੀਆਂ ਛੁਪੀਆਂ ਬੁਰਾਈਆਂ ਤੇ ਭ੍ਰਿਸ਼ਟਾਚਾਰ ਨੂੰ ਨੰਗਿਆਂ ਕੀਤਾ ਹੈ। 'ਇਕ ਦਿਲ ਵਿਕਾਊ ਹੈ'ਉਸ ਦਾ ਭਾਵਾਤਮਕ ਤੇ ਰੁਮਾਂਟਿਕ ਪ੍ਰਕਾਰ ਦਾ ਨਾਵਲ ਹੈ।'ਨਹੁੰ ਤੇ ਮਾਸ', 'ਮਨ ਪਰਦੇਸੀ' ਤੇ 'ਮਾਂ ਪਿਉ ਦੇ ਜਾਏ' ਵੰਡ ਨਾਲ ਸੰਬੰਧਤ ਨਾਵਲ ਹਨ। 'ਦਿਲ ਦਰਿਆ', 'ਮੇਰਾ ਦਿਲ ਮੋੜ ਦੇ', 'ਹਾਲ ਮੁਰੀਦਾਂ ਦਾ'ਵਿੱਚ ਰੁਮਾਂਸ ਦੀ ਪ੍ਰਧਾਨਤਾ ਹੈ, ਵਿਸ਼ੇ ਤੇ ਪੱਖ ਤੋਂ ਕੋਈ ਬਹੁਤਾ ਮਹੱਤਵ ਨਹੀਂ, ਮਨੋਵਿਗਿਆਨਕ ਭਾਂਤ ਦੀ ਪਾਤਰ ਉਸਾਰੀ ਜ਼ਰੁਰ ਹੈ। ਦੁੱਗਲ ਦਾ ਨਵਾਂ ਨਾਵਲ 'ਫੁੱਲਾਂ ਦਾ ਸਾਥ'ਹਿੰਦੂ, ਮੁਸਲਮ ਅਤੇ ਸਿੱਖ ਸੰਪਰਦਾਇਕਤਾ ਉਤੇ ਆਧਾਰਤ ਹੈ।

ਨਵੀਂ ਪੀੜ੍ਹੀ ਦੇ ਨਾਵਲਕਾਰਾਂ ਵਿੱਚ ਮੋਹਨ ਕਾਹਲੋਂ ਦਾ ਨਾਂ ਵਰਨਨਯੋਗ ਹੈ। ਇਸ ਦੇ ਨਾਵਲ 'ਬੇੜੀ ਤੇ ਬਰੇਤਾ' ਤੇ 'ਮਛਲੀ ਇਕ ਦਰਿਆ ਦੀ' ਵਿੱਚ ਜੱਟਾਂ ਅਤੇ ਗੁੱਜਰਾਂ ਦਾ ਚਿੱਤਰ ਪੇਸ਼ ਕਰਕੇ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।'ਪ੍ਰਦੇਸੀ ਰੁੱਖ' ਉਸ ਦਾ ਵੰਡ ਨਾਲ ਸੰਬੰਧਤ ਨਾਵਲ ਹੈ।'ਗੋਰੀ ਨਦੀ ਦਾ ਗੀਤ' ਤੇ 'ਬਰਾਦਰੀ ਦੀ ਰਾਣੀ' ਅਤੇ 'ਕਾਲੀ ਮਿੱਟੀ' ਨਾਵਲ ਪਿਛੋਂ ਛਪੇ ਹਨ। ਉਸ ਦੇ ਕਈ ਨਾਵਲ ਬੜੀ ਚਰਚਾ ਦੇ ਕੇਂਦਰ ਬਣੇ ਹਨ।

ਪੰਜਾਬੀ ਨਾਵਲ ਦੇ ਖੇਤਰ ਵਿੱਚ ਗੁਰਦਿਆਲ ਸਿੰਘ ਦੀ ਆਪਣੀ ਮੌਲਿਕ ਤੇ ਵਿਸ਼ੇਸ਼ ਥਾਂ ਹੈ। ਉਸ ਨੇ ਪੰਜਾਬੀ ਨਾਵਲ ਦੇ ਖੇਤਰ ਵਿੱਚ ਆਪਣੇ ਨਾਵਲ 'ਮੜ੍ਹੀ ਦਾ ਦੀਵਾ' ਨਾਲ ਆਪਣੀ ਥਾਂ ਬਣਾ ਲਈ। ਇਸ ਪਿਛੋਂ 'ਅਣਹੋਏ', ਕੁਵੇਲਾ', 'ਰੇਤ ਦੀ ਇਕ ਮੁੱਠੀ', 'ਅੱਧ ਚਾਨਣੀ ਰਾਤ', 'ਆਥਣ ਉਗਣ', 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਪਰਸਾ' ਨਾਵਲ ਲਿਖੇ। ਗੁਰਦਿਆਲ ਸਿੰਘ ਨੇ ਆਪਣੇ ਨਾਵਲਾਂ ਵਿੱਚ ਪੰਜਾਬ ਅਤੇ ਖਾਸ ਕਰਕੇ ਮਾਲਵੇ ਦੇ ਕਿਰਤੀ ਤੇ ਕਿਸਾਨ ਵਰਗਾ ਦੇ ਜੀਵਨ ਨੂੰ ਚਿਤਰਿਆ ਹੈ। ਉਹ ਪਾਤਰਾਂ ਦੇ ਮਨੋਭਾਵਾਂ ਦਾ ਵਿਸ਼ਲੇਸ਼ਣ ਬੜੀ ਸੋਹਣੀ ਤਰ੍ਹਾਂ ਕਰਦਾ ਹੈ। ਉਸ ਦੇ ਨਾਵਲਾਂ ਦੇ ਪਾਤਰ ਸਾਡੇ ਸਮਾਜ ਦੇ ਜੀਉਂਦੇ ਜਾਗਦੇ ਮਨੁੱਖ ਹਨ।

ਸੁਰਜੀਤ ਸਿੰਘ ਸੇਠੀ ਨੇ ਪੰਜਾਬੀ ਨਾਵਲ ਵਿੱਚ ਕਈ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ। ਉਸ ਨੇ 'ਰੇਤ ਦਾ ਪਹਾੜ', 'ਇਕ ਸ਼ਹਿਰ ਦੀ ਗੱਲ', 'ਕੰਧੀ ਉੱਤੇ ਰੁਖੜਾ', 'ਅੱਲ ਪੱਥਰ', 'ਇੱਕ ਖਾਲੀ ਪਿਆਲਾ', 'ਆਬਰਾ ਕਦਾਬਰਾ', 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਆਦਿ ਨਾਵਲ ਲਿਖੇ ਹਨ।'ਰੇਤ ਦਾ ਪਹਾੜ' ਵਿੱਚ ਪੂੰਜੀਵਾਦੀ ਸਮਾਜ ਨੂੰ ਰੇਤ ਦਾ ਪਹਾੜ ਮੰਨਿਆ ਹੈ ਅਤੇ ਉਸ ਦੇ ਖੋਖਲੇਪਨ ਤੋਂ ਪਰਦਾ ਲਾਹਿਆ ਹੈ।'ਕੰਧੀ ਉੱਤੇ ਰੁਖੜਾ' ਨਾਵਲ ਵਿੱਚ ਚਾਰ ਪੀੜ੍ਹੀਆਂ ਦਾ ਜੀਵਨ ਪੇਸ਼ ਕੀਤਾ ਗਿਆ ਹੈ। ਸੁਰਜੀਤ ਸਿੰਘ ਸੇਠੀ ਦੇ ਪਿਛਲੇ ਦੋ ਨਾਵਲ 'ਇਕ ਖਾਲੀ ਪਿਆਲਾ' ਅਤੇ 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਮਨੋਵਿਗਿਆਨਕ ਯਥਾਰਥਵਾਦ ਨੂੰ ਪੇਸ਼ ਕਰ ਰਹੇ ਹਨ। ਸੇਠੀ ਨੇ ਆਪਣੇ ਨਾਵਲ 'ਇਕ ਖਾਲੀ ਪਿਆਲਾ' ਵਿੱਚ ਚੇਤਨਾ ਪ੍ਰਵਾਨ ਸ਼ੇਲੀ ਦਾ ਬੜੀ ਸਫ਼ਲਤਾ ਨਾਲ ਨਵਾਂ ਤਜਰਬਾ ਕੀਤਾ ਹੈ।'ਬਦਨਾਮ ਸੜਕਾਂ' ਸੇਠੀ ਦਾ ਇਕ ਹੋਰ ਨਵਾਂ ਨਾਵਲ ਹੈ। ਇਹ ਨਾਵਲ ਉੱਚ ਮੱਧ ਵਰਗਾ ਦੇ ਲੋਕਾਂ ਦੀ ਮਾਨਸਿਕ ਜਟਿਲਤਾ ਨੂੰ ਚਿਤਰਦਾ ਹੈ।

ਪੰਜਾਬੀ ਨਾਵਲ ਦੇ ਖੇਤਰ ਵਿੱਚ ਅੰਮ੍ਰਿਤਾ ਪ੍ਰੀਤਮ ਇਕ ਵਰਨਣਯੋਗ ਨਾਵਲਕਾਰ ਹੈ। ਉਸ ਨੇ ਨਾਵਲਾਂ ਵਿੱਚ ਵਧੇਰੇ ਇਸਤਰੀਆਂ ਦੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਇਸਤਰੀ ਦੇ ਹਿਰਦੇ ਦੇ ਦਰਦ ਨੂੰ ਚੰਗੀ ਤਰ੍ਹਾਂ ਪੇਸ਼ ਕਰ ਸਕਦੀ ਹੈ।'ਜੈ ਸ਼ਿਰੀ' ਅੰਮ੍ਰਿਤਾ ਦਾ ਪਹਿਲਾ ਨਾਵਲ ਹੈ ਫੇਰ ਉਸ ਨੇ 'ਡਾਕਟਰ ਦੇਵ', 'ਪਿੰਜਰ' ਅਤੇ ਆਲ੍ਹਣਾ' ਲਿਖੇ।'ਪਿੰਜਰ' ਵੰਡ ਨਾਲ ਸੰਬੰਧਤ ਨਾਵਲ ਹੈ।'ਚੱਕ ਨੰਬਰ ਛੱਤੀ', 'ਇਕ ਸੀ ਅਨੀਤਾ' ਅਤੇ 'ਦਿੱਲੀ ਦੀਆਂ ਗਲੀਆਂ' ਕੁਝ ਉਸ ਦੇ ਵਿਸ਼ੇਸ਼ ਨਾਵਲ ਹਨ। ਵਿਸ਼ੇ ਅਤੇ ਸ਼ੇਲੀ ਦੇ ਪੱਖੋਂ ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਨਾਵਲ ਨੂੰ ਦੇਣ ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ। ਸਾਲ 2000 ਦਾ ਸ਼ਤਾਬਦੀ ਅਵਾਰਡ ਅੰਮ੍ਰਿਤਾ ਨੂੰ ਇਸ ਸਾਲ ਮਿਲਿਆ ਹੈ।

ਦਲੀਪ ਕੌਰ ਟਿਵਾਣਾ 'ਇਹੁ ਹਮਾਰਾ ਜੀਵਣਾ', 'ਅਗਨੀ ਪ੍ਰੀਖਿਆ' ਅਤੇ 'ਤੀਲ੍ਹੀ ਦਾ ਨਿਸ਼ਾਨ' ਮਹੱਤਵਪੂਰਨ ਰਚਨਾਵਾਂ ਹਨ।'ਇਹੁ ਹਮਾਰਾ ਜੀਵਣਾ' ਯਤਾਰਥਵਾਦੀ ਦ੍ਰਿਸ਼ਟੀਕੋਣ ਤੋਂ ਇੱਕ ਸਫ਼ਲ ਨਾਵਲ ਹੈ। ਉਸਦੇ ਨਵੇਂ ਨਾਵਲ 'ਹਸਤਾਖਰ', 'ਪੈੜ-ਚਾਲ', 'ਰਿਣ ਪਿੱਤਰਾਂ ਦਾ', 'ਲੰਘ ਗਏ ਦਰਿਆ', ਜ਼ਿਮੀ ਪੁਛੈ ਅਸਮਾਨ' ਅਤੇ 'ਕਥਾ ਕਹੋ

ਉਰਵਸ਼ੀ' ਦਲੀਪ ਕੌਰ ਟਿਵਾਣਾ ਨੂੰ ਉਸਦੀ ਵੱਡ ਆਕਾਰੀ ਗੱਦ ਰਚਨਾ 'ਕਥਾ ਕਹੋ ਉਰਵਸ਼ੀ' ਉੱਤੇ ਬਿਰਲਾ ਫਾਊਂਡੇਸ਼ਨ ਦੇ ਸਰਸਵਤੀ ਸਨਮਾਨ ਨਾਲ ਪੁਰਸਕਾਰਿਆ ਹੈ। ਪੰਜਾਬੀ ਗਲਪ ਦੇ ਖੇਤਰ ਵਿੱਚ ਇਹ ਉਸਦੀ ਮਾਣਯੋਗ ਪ੍ਰਾਪਤੀ ਹੈ।

ਅਜੀਤ ਕੌਰ ਦੇ ਨਾਵਲ 'ਪੋਸਟ ਮਾਰਟਮ' ਅਤੇ 'ਧੁੱਪ ਵਾਲਾ ਸ਼ਹਿਰ' ਆਦਿ ਦੇ ਨਾਮ ਪੰਜਾਬੀ ਖੇਤਰ ਵਿੱਚਲਏ ਜਾ ਸਕਦੇ ਹਨ ਇਹਨਾਂ ਵਿੱਚ ਉਸਨੇ ਨਵੀਆਂ ਕੀਮਤਾਂ ਨੂੰ ਪਰਿਵਰਤਨਸ਼ੀਲ ਮਨੁੱਖੀ ਸੁਭਾਅ ਦੇ ਪ੍ਰਸੰਗ ਵਿੱਚ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਸੁਰਿੰਦਰ ਸਿੰਘ ਜੌਹਰ ਦੇ ਨਾਵਲ 'ਰਾਹਾਂ ਦੀ ਧੂੜ', 'ਟੁੱਟੀਆਂ ਤੰਦਾਂ', 'ਮੋਈ ਰੁੱਤ' ਪੰਜਾਬੀ ਨਾਵਲ ਨੂੰ ਦੇ ਚੁੱਕਾ ਹੈ। ਉਸਨੇ ਉਪਰਲੀ ਮੱਧ ਸ਼੍ਰੇਣੀ ਦੇ ਜੀਵਨ ਨੂੰ ਚਿਤਰਿਆ ਹੈ। ਇਸਦੇ ਪਹਿਲੇ ਨਾਵਲਾਂ ਵਿੱਚ ਕਹਾਣੀ ਪ੍ਰਧਾਨ ਹੈ ਉਸਦੇ ਨਵੇਂ ਨਾਵਲ ਮੋਈ ਰੁੱਤ ਵਿੱਚ ਵਸਤੂ ਦੇ ਨਾਲ-ਨਾਲ ਆਕਾਰ ਵੀ ਬਦਲਿਆ ਹੈ।

ਬਲਦੇਵ ਸਿੰਘ ਨੇ ਇਕੋ ਵੇਲੇ ਕਹਾਣੀਆਂ, ਨਾਵਲ, ਨਾਟਕ, ਸਫ਼ਰਨਾਮਾ ਲਿਖੇ ਹਨ। ਉਸ ਦੇ ਨਾਵਲ ਸਮਕਾਲੀ ਪੰਜਾਬ ਨਾਵਲ ਵਿਚ ਖ਼ਾਸ ਥਾਂ ਰੱਖਦੇ ਹਨ। ਉਸਦੇ ਨਾਵਲ 'ਦੂਸਰਾ ਹੀਰੋਸ਼ੀਮਾ', 'ਕੱਲਰੀ ਧਰਤੀ', 'ਸੂਲੀ ਟੰਗੇ ਪਹਿਰ', 'ਕੱਚੀਆਂ ਕੰਧਾਂ', 'ਜੀ. ਟੀ.ਰੋਡ', 'ਲਾਲ ਬੱਤੀ', 'ਅੰਨਦਾਤਾ' ਅਤੇ 'ਪੰਜਵਾਂ ਸਾਹਿਬਜ਼ਾਦਾ'। ਬਲਦੇਵ ਸਿੰਘ ਵੰਨ ਸੁਵੰਨੇ ਵਿਸ਼ਿਆਂ ਨੂੰ ਨਾਵਲੀ ਕਥਾ ਦਾ ਆਧਾਰ ਬਣਾਉਦਾ ਹੈ। ਇਸੇ ਕਰਕੇ ਉਹ ਸਮਾਜਕ ਯਥਾਰਥ ਦੇ ਭਿੰਨ ਭਿੰਨ ਪੱਖਾਂ ਅਤੇ ਪਸਾਰਾਂ ਨੂੰ ਨਾਵਲੀ ਰਚਨਾ ਦਾ ਵਿਸ਼ਾ ਬਣਾਉਂਦਾ ਰਿਹਾ ਹੈ। ਪੰਜਾਬੀ ਦਾ ਹਰ ਬਹੁਤ ਨਾਵਲਕਾਰ ਨੇ ਨਾਵਲ ਦੇ ਸਾਹਿਤ ਦੇ ਵਿਕਾਸ ਵਿੱਚ ਆਪਣੇ ਮਹੱਤਵਪੂਰਨ ਯੋਗਦਾਨ ਦਿੱਤਾ ਹੈ।

ਮਨਮੋਹਨ ਸਾਹਿਤ ਚਿੰਤਨ ਅਤੇ ਸਿਰਜਣਾਤਮਕ ਸਾਹਿਤ ਨਾਲ ਜੁੜਿਆ ਬਹੁਪੱਖੀ ਪ੍ਰਤਿਭਾ ਵਾਲਾ ਲੇਖਕ ਹੈ। ਇਕ ਗੰਭੀਰ ਚਿੰਤਕ ਦੇ ਤੌਰ 'ਤੇ ਪੱਛਮੀ ਤੇ ਭਾਰਤੀ ਦਾਰਸ਼ਨਿਕ ਪ੍ਰੰਪਰਾਵਾਂ ਦੀ ਸਮਝ, ਇਕ ਕੋਮਲ ਚਿਤ ਕਵੀ ਦੇ ਤੌਰ 'ਤੇ ਵੱਖ-ਵੱਖ ਵਿਸ਼ਿਆਂ ਦੀ ਤਰਲਤਾ ਵਿਚ ਉਤਰਨ ਦੀ ਸਮਰੱਥਾ ਅਤੇ ਕਵਿਤਾ ਨੂੰ ਦਾਰਸ਼ਨਿਕ ਰੰਗ ਵਿਚ ਢਾਲਣ ਦੀ ਸਿਰਜਣਾਤਮਕ ਯੋਗਤਾ ਸਹਿਤ ਮਨਮੋਹਨ ਨੇ ਪੰਜਾਬੀ ਨਾਵਲ ਜਗਤ ਵਿਚ ਆਪਣੇ ਨਾਵਲ 'ਨਿਰਵਾਣ' ਰਾਹੀ ਪ੍ਰਵੇਸ਼ ਕੀਤਾ ਹੈ। ਜਿਸ ਨੂੰ 2014 ਦਾ ਸਾਹਿਤ ਅਕਾਦਮੀ ਇਨਾਮ ਹਾਸਲ ਹੈ।

ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਤੋਂ ਲੈ ਕੇ ਆਧੁਨਿਕਤਮ ਨਾਵਲਕਾਰਾਂ ਦੀਆਂ ਰਚਨਾਵਾਂ ਤੱਕ ਪੰਜਾਬੀ ਨਾਵਲ ਨੇ ਇਤਿਹਾਸਕ ਨਾਵਲ, ਰੁਮਾਂਟਿਕ ਨਾਵਲ, ਯਥਾਰਥਵਾਦੀ ਨਾਵਲ, ਸਮਾਜਕ ਨਾਵਲ, ਮਨੋਵਿਗਿਆਨਕ ਨਾਵਲ, ਚੇਤਨਾ ਪ੍ਰਵਾਹ ਦੀ ਸ਼ੈਲੀ ਦੇ ਨਾਵਲ, ਰਾਜਨੀਤਕ ਨਾਵਲ ਅਤੇ ਪੰਜਾਬ ਦੇ ਅਜੋਕੇ ਸਿਆਸੀ ਅਤੇ ਸੱਭਿਆਚਾਰਕ

ਸੰਕਟ ਨਾਲ ਸਬੰਧਤ ਨਾਵਲਾਂ ਦੇ ਰੂਪ ਵਿੱਚ ਲੰਮਾ ਤੇ ਮਹੱਤਵਪੂਰਨ ਪੈਂਡਾ ਤੈਅ ਕਰ ਲਿਆ ਹੈ। ਭੱਵਿਖ ਵਿੱਚ ਨਵੀਨ ਨਾਵਲਕਾਰਾਂ ਕੋਲੋਂ ਵੱਡੀਆਂ ਸੰਭਾਵਨਾਵਾਂ ਨੂੰ ਪ੍ਰਾਪਤ ਕਰਨ ਦੀ ਆਸ ਬੱਝਦੀ ਹੈ।

**ਪੰਜਾਬੀ ਨਾਵਲ ਵਿੱਚ ਕਿਸਾਨੀ ਸੰਕਟ:-**

ਪੰਜਾਬ ਪਿੰਡਾਂ ਦਾ ਦੇਸ਼ ਹੈ। ਪੇਂਡੂ ਲੋਕ ਜ਼ਮੀਨੀ ਰਿਸ਼ਤਿਆਂ ਨਾਲ ਬੱਝੇ ਹੋਏ ਹਨ। ਸ਼ੁਰੂ ਤੋਂ ਹੀ ਹਿੰਦੂ, ਸਿੱਖ ਅਤੇ ਮੁਸਲਿਮ ਕੌਮਾਂ ਪੰਜਾਬ ਦੀ ਕਿਸਾਨੀ ਵਿੱਚ ਕਾਰਜਸ਼ੀਲ ਹਨ। ਜ਼ਮੀਨ ਦੀ ਮਾਲਕੀ ਦੀ ਵਾਧ-ਘਾਟ ਕਾਰਨ ਕੋਈ ਅਮੀਰ ਜਾਂ ਜਾਗੀਰਦਾਰ ਬਣ ਗਿਆ ਕੋਈ ਕੰਮੀ। ਇੰਝ ਜ਼ਮੀਨ ਦੀ ਮਾਲਕੀ ਦੇ ਲਿਹਾਜ਼ ਨਾਲ ਕਿਸਾਨੀ ਖ਼ੁਦ ਇਕ ਤੋਂ ਜ਼ਿਆਦਾ ਵਰਗਾਂ ਵਿੱਚ ਵੰਡੀ ਹੋਈ ਸੀ ਅਤੇ ਇਹ ਵਰਗ ਧਰਮ, ਜਾਤ, ਗੋਤ, ਸਾਕ-ਸਕੀਰੀ, ਇਲਾਕਾ, ਭਾਸ਼ਾ ਆਦਿ ਦੇ ਆਧਾਰ ਉੱਤੇ ਬੜੇ ਗੁੰਝਲਦਾਰ ਸੰਬੰਧਾਂ ਵਿੱਚ ਬੱਝ ਕੇ ਕਾਰਜ਼ਸ਼ੀਲ ਸਨ। ਆਪਣੇ ਆਰਥਕ ਹਿੱਤਾਂ ਨੂੰ ਮੁਖ ਰਖਦੇ ਹੋਏ ਅੰਗਰੇਜ਼ਾਂ ਨੇ ਪੰਜਾਬ ਦੀ ਕਿਸਾਨੀ ਨੂੰ ਖੁਸ਼ ਕਰਨ ਲਈ ਖੇਤੀਬਾੜੀ ਵਲ ਧਿਆਨ ਦੇਣਾ ਸ਼ੁਰੂ ਕੀਤਾ। ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਮੁਢ ਵਿੱਚ ਖੇਤੀਬਾੜੀ ਵਿੱਚ ਕੁਝ ਸੁਧਾਰ ਕੀਤੇ ਗਏ। ਨਵੇਂ ਸੰਦਾਂ ਤੇ ਨਵੇਂ ਬੀਜਾਂ ਨੂੰ ਵਰਤੋਂ ਵਿੱਚ ਲਿਆਂਦਾ ਗਿਆ। ਬਰਾਨੀ ਜ਼ਮੀਨਾਂ ਨਹਿਰਾਂ ਵਗਾ ਜ਼ਰਖੇਜ਼ ਕੀਤੀਆਂ ਗਈਆਂ, ਇਸ ਨਾਲ ਜਿਨਸਾਂ ਦੀ ਵੰਨਗੀ ਵਿੱਚ ਵਾਧਾ ਹੋਇਆ। ਪੈਦਾਵਾਰ ਜ਼ਿਆਦਾ ਹੋਣ ਲੱਗੀ, ਵਸਤਾਂ ਨੂੰ ਮੰਡੀ ਦੀ ਜਿਨਸ ਬਣਾਇਆ ਗਿਆ। ਜਿਸ ਨਾਲ ਅੰਗਰੇਜ਼ ਸਾਮਰਾਜ ਨੂੰ ਵਪਾਰਕ ਦ੍ਰਿਸ਼ਟੀਕੋਣ ਤੋਂ ਅੰਤਾਂ ਦਾ ਲਾਭ ਹੋਣ ਲਗ ਪਿਆ। ਖੇਤੀਬਾੜੀ ਦੇ ਨਾਲ ਹੀ ਅੰਗਰੇਜ਼ੀ ਸਾਮਰਾਜ ਨੇ ਸੱਨਅਤੀ ਤਰੱਕੀ ਵੀ ਸ਼ੁਰੂ ਕੀਤੀ, ਜਿਸ ਦੇ ਫਲਸਰੂਪ ਸੱਨਅਤੀ ਮਜ਼ਦੂਰ ਵੀ ਪੈਦਾ ਹੋਣਾ ਸ਼ੁਰੂ ਹੋਇਆ। ਜਿਨਸਾਂ ਦੇ ਵਾਧੇ ਤੇ ਲਘੂ ਉਦਯੋਗ ਦੇ ਵਿਕਾਸ ਨਾਲ ਹਿੰਦੁਸਤਾਨ ਵਿੱਚ ਵਪਾਰਕ ਸ਼੍ਰੇਣੀ ਦਾ ਜਨਮ ਹੋਇਆ। ਅੰਗਰੇਜ਼ੀ ਸਾਮਰਾਜ ਸਾਰੇ ਭਾਰਤ ਵਿੱਚ ਆਪ ਖ਼ਰੀਦੋ-ਫ਼ਰੋਖਤ ਨਹੀਂ ਸੀ ਕਰ ਸਕਦਾ, ਇਸ ਕਰਕੇ ਉਸਨੇ ਇਹ ਕੰਮ ਇਸ ਵਪਾਰਕ ਸ਼੍ਰੇਣੀ ਨੂੰ ਸੌਂਪਿਆ। ਇਸ ਵਪਾਰਕ ਸ਼੍ਰੇਨੀ ਨੇ ਥੋੜ੍ਹੇ ਸਮੇਂ ਵਿੱਚ ਹੀ ਕਿਸਾਨਾਂ ਤੇ ਮਜ਼ਦਰੂਾਂ ਦਾ ਲਹੂ ਚੂਸ ਕੇ ਕਾਫ਼ੀ ਮਾਤਰਾ ਵਿੱਚ ਸਰਮਾਇਆ ਇਕੱਤਰ ਕਰ ਲਿਆ ਜਿਸਦੇ ਫਲਸਰੂਪ ਭਾਰਤ ਵਿੱਚ ਸਰਮਾਏਦਾਰੀ ਪੁੰਗਰਨੀ ਸ਼ੁਰੂ ਹੋਈ। ਇਸ ਨਾਲ ਭਾਰਤ ਵਿੱਚ ਸਰਮਾਏਦਾਰੀ ਰਿਸ਼ਤੇ ਪੈਦਾ ਹੋਏ। ਸਰਮਾਏਦਾਰੀ ਨੇ ਆਪਣੀ ਲੋੜ ਅਨੁਸਾਰ ਹੋਰ ਸਨਅਤੀ ਮਜ਼ਦੂਰ ਪੈਦਾ ਕਰ ਲਿਆ। ਦੂਜੇ ਪਾਸੇ ਮੱਧ-ਸ਼ਰੇਣੀ ਦਾ ਉਦੈ ਹੋਇਆ। ਇਸ ਮੱਧ ਸ਼ਰੇਣੀ ਦੀ ਹੋਂਦ ਸਥਾਪਤ ਹੋਣ ਨਾਲ ਪੰਜਾਬੀ ਵਿੱਚ ਪੱਛਮੀ ਸਾਹਿਤ ਰੂਪ ਨਾਵਲ ਵਾਸਤੇ ਮਾਹੌਲ ਅਤੇ ਜ਼ਮੀਨ ਤਿਆਰ ਹੋਈ।

1947 ਈ: ਤੋਂ ਪਹਿਲਾ ਪੰਜਾਬ ਦੀਆਂ ਰਾਜਨੀਤਕ ਤੇ ਸਮਾਜਕ ਪਰਿਸਥਿਤੀਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ ਕਿ ਉਸ ਵੇਲੇ ਦੇ ਪੰਜਾਬੀ ਕਿਸਾਨੀ ਸਮਾਜ ਉੱਪਰ ਇਨ੍ਹਾਂ ਦਾ ਪ੍ਰਭਾਵ ਦੋ ਢੰਗਾਂ ਨਾਲ ਪਿਆ। ਪਹਿਲਾ, ਸਿੱਖ ਰਾਸ਼ਟਰਵਾਦ ਦੀ ਧਾਰਨਾ ਸਿੰਘ ਸਭਾ ਲਹਿਰ ਦੀ ਇਤਿਹਾਸਕ ਸੂਝ/ਲੋੜ ਵਿੱਚੋਂ ਪੈਦਾ ਹੋਈ। ਸਿੰਘ ਸਭਾ ਲਹਿਰ ਦੇ ਪ੍ਰਜੋਯਨਾਂ ਵਿੱਚ ਸਾਮਰਾਜ ਦੀ ਸਰਪ੍ਰਸਤੀ ਅਧੀਨ ਸਿੱਖ ਜਾਗੀਰਦਾਰੀ ਅਤੇ ਸਿੱਖ ਮੱਧ-ਵਰਗ ਦੇ ਆਧੁਨਿਕ ਵਿਕਾਸ ਦਾ ਪ੍ਰਜੋਯਨ ਸੀ

ਜਿਸ ਨੂੰ ਇਹ ਲਹਿਰ ਸਮੁੱਚੇ ਸਿੱਖ ਭਾਈਚਾਰੇ (ਜਿਸ ਵਿੱਚ ਵੱਡਾ ਭਾਗ ਕਿਸਾਨ-ਕਾਰੀਗਰ-ਕੰਮੀਂ ਜਾਤੀਆਂ ਦਾ ਸੀ) ਦੀ ਭਲਾਈ ਦਾ ਸਵਾਲ ਬਣਾ ਕੇ ਪੇਸ਼ ਕਰਦੀ ਸੀ। ਦੂਸਰਾ 1947 ਈ: ਤਕ ਪੰਜਾਬ ਵਿੱਚ ਇਕ ਤੋਂ ਜ਼ਿਆਦਾ ਰਾਸ਼ਟਰਵਾਦੀ ਜਾਂ ਸਮਾਜਵਾਦੀ ਲਹਿਰਾਂ ਨੇ ਕਿਸਾਨੀ ਦੇ ਇਕ ਵੱਡੇ ਭਾਗ ਨੂੰ ਆਪਣੇ ਨਾਲ ਜੋੜ ਲਿਆ ਸੀ, ਜਿਸ ਨਾਲ ਉਹ ਆਪਣੇ ਆਰਥਕ-ਰਾਜਨੀਤਕ ਹਿੱਤਾਂ ਪ੍ਰਤੀ ਕਾਫ਼ੀ ਚੇਤੰਨ ਹੋ ਗਈ ਸੀ। ਉਹ ਸਾਮਰਾਜ ਅਤੇ ਉਸ ਦੀਆਂ ਸਹਾਇਕ ਦੇਸੀ ਸ਼੍ਰੇਣੀਆਂ ਨਾਲ ਆਪਣੇ ਹਿੱਤਾਂ ਦੇ ਟਕਰਾਉ ਦੀ ਗੱਲ ਸਮਝਣ ਲਗ ਪਈ ਸੀ। ਇਨ੍ਹਾਂ ਸਾਰੇ ਵਰਤਾਰਿਆਂ ਨੂੰ ਪੰਜਾਬੀ ਨਾਵਲ ਵਿਚ ਢੁਕਵਾਂ ਅਤੇ ਯੋਗ ਸਥਾਨ ਪ੍ਰਾਪਤ ਹੋਇਆ ਹੈ। ਪੰਜਾਬੀ ਦੇ ਬਹੁਤ ਸਾਰੇ ਨਾਵਲਕਾਰਾਂ ਨੇ ਸਮੇਂ ਅਨੁਸਾਰ ਆਈਆਂ ਇਨ੍ਹਾਂ ਤਬਦੀਲੀਆਂ ਅਤੇ ਕਿਸਾਨੀ ਸਮਾਜ ਵਿਚ ਉਪਜੇ ਕਿਸਾਨੀ ਸੰਕਟ ਨੂੰ ਬੜੀ ਹੀ ਭਾਵਪੂਰਤਾ ਨਾਲ ਪੇਸ਼ ਕੀਤਾ ਹੈ। ਪੰਜਾਬੀ ਨਾਵਲ ਵਿੱਚ ਕਿਸਾਨੀ ਸੰਕਟ ਦੀ ਪੇਸ਼ਕਾਰੀ ਬੜੀ ਹੀ ਯਥਾਰਥਕਤਾ ਨਾਲ ਸ਼ੁਰੂ ਤੋਂ ਹੀ ਹੁੰਦੀ ਆਈ ਹੈ। ਪੰਜਾਬੀ ਦੇ ਪ੍ਰਮੁੱਖ ਨਾਵਲਕਾਰਾਂ ਵੱਲੋਂ ਪ੍ਰਸਤੁਤ ਇਸ ਸੰਕਟ ਬਾਰੇ ਸੰਖੇਪ ਚਰਚਾ ਅੱਗੇ ਕੀਤੀ ਗਈ ਹੈ।

ਗਰੁਦਿਆਲ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਨਾਵਲ ਵਿੱਚ ਕਿਸਾਨੀ ਵਰਤਾਰੇ ਨੂੰ ਉਸਦੇ ਸਹਾਇਕ ਵਰਗਾਂ {ਬੇਜ਼ਮੀਨੇ ਲੋਕ-(ਜ਼ਾਤ ਜਾਂ ਵਰਗ ਵੰਡ ਤੋਂ ਹੱਟ ਕੇ) ਜੋ ਖੇਤੀਬਾੜੀ ਦੇ ਕੰਮਾਂ ਵਿੱਚ ਆਪਣਾ ਸਰੀਰਕ ਯੋਗਦਾਨ ਦਿੰਦੇ ਹਨ ਭਾਵ ਕਾਮਾ ਵਰਗ} ਦੇ ਪ੍ਰਸੰਗਾਂ ਅਧੀਨ ਯਥਾਰਥਕ ਰੂਪ ਵਿੱਚ ਚਿਤਰਨ ਦੀ ਪਿਰਤ ਪੈਂਦੀ ਹੈ। ਪੰਜਾਬ ਦੇ ਕਿਸਾਨੀ ਸਮਾਜਚਾਰੇ ਨਾਲ ਸੰਬੰਧਤ ਇਸ ਸਹਾਇਕ ਵਰਗ ਦੀ ਹੱਡ-ਭੰਨਵੀਂ ਮਿਹਨਤ ਦੇ ਬਾਵਜੂਦ ਇਸ ਨੂੰ ਪਦਾਰਥਕ ਅਤੇ ਸਾਂਸਕ੍ਰਿਤਿਕ ਪੱਖੋਂ ਦੁਖਾਂਤਕ ਜੀਵਨ ਹੀ ਭੋਗਣਾ ਪੈਂਦਾ ਹੈ। ਗੁਰਦਿਆਲ ਸਿੰਘ ਨੇ ਨਿਖਰਵੀਂ ਦ੍ਰਿਸ਼ਟੀ ਤੇ ਕਲਾਤਮਕ ਸੁਹਿਰਦਤਾ ਨਾਲ ਇਸ ਵਰਗ ਦੇ ਦੁਖਾਂਤਕ ਰੂਪਾਂ ਨੂੰ ਆਪਣੇ ਨਾਵਲਾਂ ਵਿੱਚ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਤਰ੍ਹਾਂ ਉਹ ਸਾਹਿਤ ਵਿੱਚ ਸਮਾਜ ਦੇ ਦਰੜੇ ਲੋਕਾਂ ਦੀ ਧਿਰ ਬਣ ਕੇ ਖੜ੍ਹਿਆ ਹੈ ਅਤੇ ਬੇਜ਼ਮੀਨਿਆਂ ਦੀ ਜ਼ਬਾਨ ਬਣਿਆ ਹੈ।

ਗੁਰਦਿਆਲ ਸਿੰਘ ਦਾ ਅਸਲ ਖੇਤਰ ਕਿਰਸਾਣੀ ਨਹੀਂ, ਉਸ ਦਾ ਖੇਤਰ ਹੈ ਪੇਂਡੂ ਜੀਵਨ ਵਿੱਚਲਾ ਭੋਂਹੀਣ ਵਰਗ ਜਿਸਦਾ ਉਹ ਖੁਦ ਇਕ ਅੰਗ ਹੈ। ਪਿੰਡ ਵਿੱਚ ਭਾਵੇਂ ਭੋਂਹੀਣ ਸੀਰੀ ਤੇ ਕੰਮੀ ਹੋਣ ਭਾਵੇਂ ਭੋਂ-ਪਤੀ ਕਿਰਸਾਣ, ਮੁਜ਼ਾਰੇ ਹੋਣ ਭਾਵੇਂ ਜਾਗੀਰਦਾਰ, ਸਭ ਦਾ ਬੁਨਿਆਦੀ ਰਿਸ਼ਤਾ ਭੋਂ ਨਾਲ ਹੈ। ਭੋਂ-ਮਾਲਕੀ ਦਾ ਰੂਪ ਪਿੰਡ ਦੀ ਸਮੁੱਚੀ ਵਸੋਂ ਦੀ ਜੀਵਨ-ਸਥਿਤੀ ਨੂੰ ਨਿਰਧਾਰਿਤ ਕਰਦਾ ਹੈ। ਇਸ ਲਈ ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਜ਼ਮੀਨ ਨਾਲ ਸੰਬੰਧਤ ਮਸਲਿਆਂ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਉਹ ਪੇਂਡੂ ਜੀਵਨ ਦੇ ਨਿਰ-ਭੋਇੰ ਵਰਗ ਦੀਆਂ ਅਕਾਂਖਿਆਵਾਂ ਅਤੇ ਅਤ੍ਰਿਪਤੀਆਂ ਦਾ ਇਕ ਬੜਾ ਸਰਲ ਪਰ ਭਾਵ-ਪੂਰਤ ਯਥਾਰਥ-ਚਿੱਤਰ ਪ੍ਰਸਤੁਤ ਕਰਦਾ ਹੈ। ਨਾਵਲਕਾਰ ਦੇ ਆਪਣੇ ਸ਼ਬਦਾਂ ਵਿੱਚ, "ਯਥਾਰਥ ਦੋ-ਧਾਰੀ ਤਲਵਾਰ ਵਾਂਗ ਕਾਟ ਕਰਦਾ ਹੈ ਜਿੱਥੇ ਹਰ ਵਿਅਕਤੀ ਦੀ ਨਿੱਜੀ ਕਿਰਿਆ ਉਸਦੇ ਪਰਿਵਾਰ, ਸਾਕ-ਸੰਬੰਧੀਆਂ ਦੇ ਦਾਇਰੇ ਤੇ ਸਮਾਜ ਨੂੰ ਪ੍ਰਭਾਵਤ ਕਰਦੀ ਹੈ ਉਥੇ ਸਮਾਜਕ ਕਿਰਿਆਵਾਂ, ਪ੍ਰਤੀਕਿਰਿਆਵਾਂ ਹਰ ਵਿਅਕਤੀ ਦੇ ਨਿੱਜੀ ਜੀਵਨ ਨੂੰ ਪ੍ਰਭਾਵਤ ਕਰਦੀਆਂ ਹਨ। ਮਨੁੱਖੀ ਵਿਹਾਰ ਤੇ ਰਿਸ਼ਤਿਆਂ ਦਾ ਕੋਈ ਵੀ ਅੰਸ਼ ਯਥਾਰਥ

ਤੋਂ ਬਾਹਰ ਨਹੀਂ ਰਹਿੰਦਾ। ਯਥਾਰਥਵਾਦੀ ਗਲਪ-ਸਾਹਿਤ ਦੇ ਘੇਰੇ ਵਿੱਚ ਮਨੁੱਖੀ ਜੀਵਨਾ ਦਾ ਤੇ ਚੇਤਨਾ ਦਾ ਰੂਪ ਸ਼ਾਮਲ ਹੈ"।[9]

ਪੰਜਾਬ ਦੀ ਅਜੋਕੀ ਆਰਥਕ-ਸਮਾਜਕ ਵਿਵਸਥਾ ਜਾਗੀਰਦਾਰੀ-ਪੂੰਜੀਵਾਦੀ ਦੇ ਮਿਸ਼ਰਤ ਸੁਭਾਅ ਵਾਲੀ ਹੈ ਜੋ ਦਿਨੋਂ ਦਿਨ ਪੂੰਜੀਵਾਦੀ ਅਰਥ-ਵਿਵਸਥਾ ਵਿੱਚ ਵਟਣ ਦੀ ਪ੍ਰਕ੍ਰਿਆ ਵਿੱਚ ਹੈ ਅਤੇ ਗੁਰਦਿਆਲ ਸਿੰਘ ਦੇ ਨਾਵਲਾਂ ਦਾ ਮੁੱਖ-ਵਿਸ਼ਾ ਤੇ ਪ੍ਰੋਜਨ ਅਜਿਹੀ ਪ੍ਰਕ੍ਰਿਆ ਵਿੱਚ ਮਾਨਵੀ ਰਿਸ਼ਤਿਆਂ ਵਿੱਚ ਹੋ ਰਹੀ ਟੁੱਟ-ਭੱਜ ਦੇ ਪ੍ਰਸੰਗ ਵਿੱਚ ਵਸਤੂ-ਸਥਿਤੀ ਦੀ ਇਸ ਇਤਿਹਾਸਕ ਪ੍ਰਕ੍ਰਿਆ ਦਾ ਗਲਪ-ਬੋਧ ਕਰਾਉਣਾ ਹੈ।

'ਮੜ੍ਹੀ ਦਾ ਦੀਵਾ' ਵਿੱਚ ਮਾਲਕ ਕਿਸਾਨ ਅਤੇ ਸੀਰੀ ਦੇ ਖਰਵੇ ਦੀ ਸੋਝੀ ਪ੍ਰਾਪਤ ਹੁੰਦੀ ਹੈ ਜਦੋਂ ਧਰਮ ਸਿੰਘ ਦੇ ਪੁੱਤ ਭੰਤੇ ਇਕ ਦਿਨ ਜਗਸੀਰ ਨੂੰ ਬਲਦ ਨਾ ਦੇਣ ਦਾ ਖਰਵਾ ਜਵਾਬ ਇਨ੍ਹਾਂ ਸ਼ਬਦਾਂ 'ਚ ਦਿੰਦਾ ਹੈ:-

> "ਐਡੀ ਛੇਤੀ ਕੀ ਤੂੰ ਜੰਨ ਚੜ੍ਹਨੈ, ਚਾਰ ਦਿਨ ਠਹਿਰ ਕੇ ਵਾਹ-ਲੀਂ।ਮੋਠ ਕੱਢਣ ਵਾਲੇ ਪਏ ਐ,
> ਇਹਨੂੰ ਆਵਦੀ ਲੱਗੀ ਪਈ ਐ, ਪਿੰਡ ਉਜਾੜਿਆ ਜਾਏ ਕਮਲੀ ਨੂੰ ਝਾਟਾ ਖੋਹਣ ਦੀ"।[10]

ਕਿਰਤੀ ਕੰਮੀ ਸ਼੍ਰੇਣੀ ਵਿੱਚ ਆ ਰਹੀ ਚੇਤਨਾ ਦਾ ਇਕ ਹੋਰ ਵੇਰਵਾ ਦਸੌਂਦਾ ਸਿੰਘ ਦੇ ਆਪਣੇ ਖੇਤ ਦੇ ਟਿਊਬਵੈੱਲ 'ਤੇ ਪਹੁੰਚਣ ਵੇਲੇ ਦ੍ਰਿਸ਼ਟੀਗੋਚਰ ਹੁੰਦਾ ਹੈ। ਜਦੋਂ ਉਹ ਟਿਊਬਵੈੱਲ 'ਤੇ ਪਹੁੰਚਾ, ਤਾਂ ਉਥੇ ਬੰਤੂ ਮਜ਼ਦੂਰ ਦੇ ਭਰਾ ਭੋਲੂ ਨੂੰ ਲੱਤਾਂ ਪਸਾਰੀ ਪਿਆ ਵੇਖ ਕੇ ਗੁੱਸੇ 'ਚ ਆਇਆ ਰੋਅਬ-ਭਰੀ ਅਵਾਜ਼ 'ਚ ਬੋਲਦਾ ਹੈ:-

> "ਜੇ ਮੁੜ ਕੇ ਮੈਂ ਖੇਤ 'ਚ ਪੈ ਧਰਦਾ ਵੇਖ ਲਿਆ ਤਾਂ ਲੱਤਾਂ ਛਾਂਗ ਦੂੰ.......ਕਮਜ਼ਾਤ ਦੀਆਂ!"
> "ਜਾਂਦਾ ਰਹਿ ਲੈਂ।" ਭੋਲੂ ਨੇ ਅੱਖਾਂ ਗਹਿਰੀਆਂ ਕਰਕੇ ਕੁਣੱਖਾ ਝਾਕਦਿਆਂ ਕਿਹਾ, "ਐਨਾ
> ਔਖਾਕਾਹਨੂੰ ਹੁਨੈਂ-ਤੇਰਾ ਕੁਸ਼ ਚੱਕ-ਚੁਰਾ ਤਾ ਨ੍ਹੀ ਲਿਆ ਤਾਇਆ!....ਲੈ ਹੁਣ ਇਹ ਖਿਆਲ ਰੱਖੀਂ
> ਤਾਇਆ! ਕਿਤੇ ਨਾ ਕਿਤੇ ਇਹ ਥੋਨੂੰ ਦੇਣੀ ਆਊ.......!"[11]

ਕਰਮਜੀਤ ਸਿੰਘ ਕੁੱਸਾ ਨੂੰ ਯਥਾਰਥਵਾਦੀ ਪੰਜਾਬੀ ਨਾਵਲ-ਪ੍ਰੰਪਰਾ ਵਿੱਚ ਗੁਰਦਿਆਲ ਸਿੰਘ ਤੋਂ ਬਾਅਦ ਵਿਸ਼ੇਸ਼ ਸਥਾਨ ਹਾਸਿਲ ਹੈ ਕਿਉਂਕਿ ਉਸਨੇ ਆਪਣੇ ਵੇਲੇ ਦੇ ਦੂਸਰੇ ਨਵੇਂ ਨਾਵਲਕਾਰਾਂ ਦੇ ਮੁਕਾਬਲੇ ਜ਼ਿਆਦਾ ਗਾਲਪਨਿਕ ਡੂੰਘਿਆਈ ਨਾਲ ਪੇਂਡੂ ਕਿਸਾਨੀ ਜੀਵਨ ਦੀਆਂ ਵਿਭਿੰਨ ਪਰਤਾਂ ਅਤੇ ਪੱਖਾਂ ਨੂੰ ਮੂਰਤੀਮਾਨ ਕੀਤਾ ਹੈ। ਉਸਨੇ ਪੰਜਾਬ ਦੇ ਮਾਲਵਾ ਖੇਤਰ ਦੇ ਕਿਸਾਨੀ ਜੀਵਨ ਦੀ ਆਰਥਕ ਸਥਿਤੀ ਵਿੱਚੋਂ ਪੈਦਾ ਹੋਣ ਵਾਲੀਆਂ ਸਮਾਜਕ ਤੇ ਸਭਿਆਚਾਰਕ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਆਪਣੇ ਨਾਵਲਾਂ ਵਿੱਚ ਜੇਕਰ ਉਸਨੇ ਕਿਸਾਨੀ ਜੀਵਨ ਵਿੱਚ ਇਸਤਰੀ ਪੁਰਸ਼ ਸੰਬੰਧਾਂ ਦੀ ਗੱਲ ਕੀਤੀ ਹੈ ਤਾਂ ਨਾਲ ਹੀ ਉਹ ਕਿਸਾਨੀ ਦੇ ਕੰਗਾਲੀਕਰਨ ਅਥਵਾ ਉਸਦੀ ਆਰਥਕ ਮੰਦਹਾਲੀ ਦਾ ਜ਼ਿਕਰ ਵੀ ਕਰਦਾ ਹੈ। ਕਰਮਜੀਤ ਸਿੰਘ ਕੁੱਸਾ ਨੇ ਆਪਣੇ ਸਾਰੇ ਨਾਵਲਾਂ ਵਿੱਚ ਕਿਸਾਨੀ ਸਮਾਜਕ ਯਥਾਰਥ ਦੀ ਜਟਿਲਤਾ ਨੂੰ ਆਪਣੇ ਪਾਤਰਾਂ ਰਾਹੀਂ ਮੂਰਤੀਮਾਨ ਕੀਤਾ ਹੈ। ਆਪਣੇ ਜੀਵਨ-ਕਾਲ ਵਿੱਚ ਪੰਜ ਪੰਜਾਬੀ ਨਾਵਲਾਂ ਦੀ ਸਿਰਜਣਾ ਕਰਕੇ ਯਤਾਰਥਵਾਦੀ ਪੰਜਾਬੀ ਨਾਵਕ ਪ੍ਰੰਪਰਾ ਵਿੱਚ ਛੋਟੀ ਕਿਸਾਨੀ ਦੀਆਂ ਇਤਿਹਾਸਕ ਸਮੱਸਿਆਵਾਂ ਨੂੰ ਪੇਸ਼

ਕੀਤਾ ਹੈ।'ਬੁਰਕੇ ਵਾਲੇ ਲੁਟੇਰੇ' ਤੋਂ ਲੈ ਕੇ 'ਜ਼ਖ਼ਮੀ ਦਰਿਆ' ਵਿੱਚ ਕਿਸਾਨੀ ਸੰਕਟ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਨਾਵਲਾਂ ਵਿੱਚ ਉਸ ਨੇ ਪਿੰਡਾਂ ਦੀਆਂ ਛੋਟੀਆਂ ਸ਼੍ਰੇਣੀਆਂ ਦਾ ਜਨ-ਜੀਵਨ, ਘਰੋਗੀ ਹਾਲਾਤ ਤੇ ਇਸ ਦੇ ਪਿਛੋਕੜ ਦੀ ਨੁਕਰ-ਨੁਕਰ ਨੂੰ ਫਰੋਲ ਕੇ ਵਰਨਨ ਕਰਨਾ ਨਾਵਲਕਾਰਾਂ ਦੀ ਖਿਚ ਦਾ ਕਾਰਨ ਬਣ ਗਿਆ ਹੈ। ਛੋਟੀ ਕਿਰਸਾਣੀ ਭਾਵੇਂ ਗ਼ਰੀਬੀ ਦੀ ਦਲ-ਦਲ ਵਿੱਚ ਧਸਦੀ ਜਾ ਰਹੀ ਹੈ, ਪਰ ਉਸ ਵਿੱਚੋਂ ਜੱਟ ਵਾਲਾ ਸੈਵ-ਅਭਿਮਾਨ ਨਹੀਂ ਟੁਟਾ। ਸਮਾਜਕ ਰਿਸ਼ਤਿਆਂ ਵਿੱਚ ਪਰਿਵਰਤਨ ਆ ਰਿਹਾ ਹੈ ਅਤੇ ਨਵੀਆਂ ਸ਼੍ਰੇਣੀਆਂ ਉਭਰ ਰਹੀਆਂ ਹਨ। ਇਸ ਦੇ ਪੁਰਾਤਨ ਸਾਮੰਤਵਾਦੀ ਸਮਾਜਕ ਚੌਖਟੇ ਵਿੱਚੋਂ ਪਿੰਡਾਂ ਦੀ ਰਹਿਤਲ ਦਾ ਵੀ ਪੂਰਾ ਚਿਤ ਨਹੀਂ ਉਘੜ ਸਕਦਾ। ਇਸ ਨਵੇਂ ਪਰਿਵਰਤਨਾਂ ਦੇ ਸਬੰਧ ਵਿੱਚ ਵੇਖਣ ਦੀ ਲੋੜ ਹੈ।

ਛੋਟੀ ਕਿਸਾਨੀ ਦਾ ਕੰਗਾਲੀਕਰਨ ਪੰਜਾਬ ਵਿੱਚ ਆਈ ਹਰੀ ਕ੍ਰਾਂਤੀ ਦਾ ਇਕ ਨਕਾਰਾਤਮਕ ਸਿੱਟਾ ਹੈ। ਹਰੀ ਕ੍ਰਾਂਤੀ ਨੇ ਅਮੀਰੀ ਕਿਸਾਨੀ ਨੂੰ ਹੋਰ ਅਮੀਰ ਅਤੇ ਗ਼ਰੀਬ ਕਿਸਾਨੀ ਨੂੰ ਹੋਰ ਗ਼ਰੀਬ ਕਰਕੇ ਗ਼ਰੀਬੀ ਅਮੀਰੀ ਦੇ ਪਾੜੇ ਨੂੰ ਵਧਾਇਆ ਹੈ। ਹਰੀ ਕ੍ਰਾਂਤੀ ਦਾ ਛੋਟੀ ਕਿਸਾਨੀ ਉੱਪਰ ਪਿਆ ਪ੍ਰਭਾਵ ਨਾਵਲ 'ਬੁਰਕੇ ਵਾਲੇ ਲੁਟੇਰੇ' ਵਿੱਚ ਵਿਦਮਾਨ ਹੈ। ਮਿਸਾਲ ਵਜੋਂ ਨਾਵਲ ਦੀਆਂ ਸਤਰਾਂ ਪੇਸ਼ ਹਨ:-

> ਗੱਜਣ ਦੇ ਜਿੰਦਰ ਨੂੰ ਕਹੇ ਬੋਲ, "ਚਾਰ ਸੌ ਨੂੰ ਦੋ ਕਿੱਲੋ ਦੇ ਕੇ ਇਨ੍ਹਾਂ ਜੱਟਾਂ ਨੂੰ ਤਾਂ ਉਹੀ ਪਝੰਤਰ ਪੈਸੇ ਦੇਣੇ ਐ, ਕਿਲੋ ਦੇ"।[12]
>
> ਗੱਜਣ ਦਾ ਮੱਝਾਂ ਵੱਲ ਇਸ਼ਾਰਾ ਕਰਕੇ ਸੁਦਾਗਰ ਨੂੰ ਕਹਿਣਾ, "ਆਹ ਵੇਖ-ਖਾਂ ਖੇਤੀ"।[13]
>
> "ਜੱਟ ਤੇ ਮਜ਼੍ਹਬੀ ਵਿੱਚ ਬਖੇੜਾ ਕਾਹਦਾ? ਅਸਲ ਵਿੱਚ ਹੈ ਤਾਂ ਦੋਨੋਂ ਕਿਰਤੀ"।[14]

ਜਿੰਦਰ ਇਸ ਨਾਵਲ ਵਿੱਚ ਐਸੇ ਪਾਤਰ ਦੇ ਰੂਪ ਵਿੱਚ ਉਭਰਦਾ ਹੈ ਜਿਹੜਾ ਸਰਕਾਰ ਦੀਆਂ ਕਿਸਾਨੀ ਪ੍ਰਤੀ ਚਾਲਾਂ ਤੇ ਕੁਚਾਲਾਂ ਤੋਂ ਪੂਰੀ ਤਰ੍ਹਾਂ ਵਾਕਿਫ਼ ਹੈ। ਉਹ ਭੂਮੀਪਤੀ ਕਿਸਾਨੀ (ਛੋਟੀ, ਦਰਮਿਆਨੀ ਤੇ ਵੱਡੀ) ਦੇ ਚੁੰਗਲ ਵਿੱਚੋਂ ਛਡਵਾਉਣ ਵੀ ਕਰਦਾ ਹੈ।ਜਿਵੇਂਕਿ:-

> "ਮੈਂ ਮਜ਼੍ਹਬੀ ਵੀਰਾਂ ਨੂੰ ਕਹਾਂਗਾ, ਉਹ ਪੰਚੈਤ ਵਿਰੁੱਧ ਮੁਜ਼ਾਰਾ ਕਰਨ, ਮੈਂ ਤੇ ਮੇਰੇ ਸਾਥੀ ਹਰ ਹਾਲਤ ਵਿੱਚ ਮੋਢੇ ਨਾਲ ਜੋੜਨਗੇ"।[15]
>
> "ਅਸੀਂ ਸਾਰੇ ਭਰਾ ਹਾਂ, ਮਜ਼੍ਹਬੀ ਵੀ ਤੇ ਜੱਟ ਵੀ, ਭਰਾਵਾਂ ਨੂੰ ਭਰਾਵਾਂ ਨਾਲ ਜ਼ਿਆਦਤੀ ਕਰਨੀ ਸਾਡੀ ਮਨੁੱਖਤਾ ਆਗਿਆ ਨਹੀਂ ਦੇਂਦੀ"।[16]

ਆਰਥਕ, ਸਮਾਜਕ ਅਤੇ ਮਾਨਸਿਕ ਦੁਖਾਂਤ ਦੇ ਪੁੜ ਵਿੱਚ ਪਿਸ ਰਿਹਾ ਇਹ ਛੋਟੀ ਕਿਸਾਨੀ ਦਾ ਇਹ ਵਰਗ ਦਿਨੋ ਦਿਨ ਆਪਣੇ ਹੋਂਦ ਗੁਆ ਰਿਹਾ ਹੈ। ਸਰਮਾਏਦਾਰੀ ਉਤਪਾਦਨ ਪ੍ਰਨਾਲੀ ਦੇ ਵਿਕਸਤ ਹੋਣ ਕਾਰਨ ਹੇਠਲਾ ਤੇ ਦਰਿਮਿਆਨਾ ਕਿਸਾਨ ਵਰਗ ਨਿਰੰਕਾਰ ਨਿਘਾਰ ਵੱਲ ਜਾ ਰਿਹਾ ਹੈ। ਨਿਮਨ ਕਿਸਾਨੀ ਭੋਂ ਹੀਣ ਹੋ ਕੇ ਮਜਦੂਰ ਵਰਗ ਵਿੱਚ ਪ੍ਰਵਰਤਿਤ ਹੋਣ ਦਾ ਦੁਖਾਂਤ ਭੋਗ ਰਹੀ ਹੈ। ਨਿੱਜੀ ਜਾਇਦਾਦ ਵਾਲੀ ਇਸ ਸੰਸਥਾ ਵਿੱਚ ਉਨ੍ਹਾਂ ਦੀ ਨਿੱਜੀ ਮਾਲਕੀ ਦੀ ਹੋਂਦ ਟੁੱਟ

ਰਹੀ ਹੈ। ਇਹ ਲਗਾਤਾਰ ਗਿਰਾਵਟ ਵੱਲ ਜਾ ਰਹੀ ਕਿਸਾਨੀ ਦੇ ਖੇਤ ਮਜਦੂਰ ਬਣਨ ਤੱਕ ਦੇ ਕਾਲ ਚੱਕਰ ਨੂੰ ਕਰਮਜੀਤ ਸਿੰਘ ਕੁੱਸਾ ਨੇ ਆਪਣੇ ਨਾਵਲ ਰੋਹੀ ਬੀਆਬਾਨ ਵਿੱਚ ਪੇਸ਼ ਕੀਤਾ ਹੈ। ਪੂੰਜੀਵਾਦ ਦੇ ਵਿਕਾਸ ਕਾਰਨ ਪੈਦਾ ਹੋਈ ਆਰਥਕ ਮੰਦਹਾਲੀ ਇਸ ਨਾਵਲ ਦੇ ਮੁੱਖ ਪਾਤਰ ਗੋਰੇ ਨੂੰ ਖੇਤ ਮਜਦੂਰ ਬਣਨ ਲਈ ਮਜਬੂਰ ਕਰਦੀ ਹੈ ਪਰ ਉਸਦੀ ਸੰਸਕ੍ਰਿਤਿਕ ਚੇਤਨਾ ਉਸਨੂੰ ਅਜਿਹਾ ਕਰਨ ਤੋਂ ਵਰਜਦੀ ਹੈ। ਖੇਤ ਮਜਦੂਰ ਬਣਨ ਤੋਂ ਇਲਾਵਾ ਉਸ ਅੱਗੇ ਜਿਨੇ ਵੀ ਰਾਹ ਖੁਲਦੇ ਹਨ ਉਹ ਸਾਰੇ ਉਸਦੀ ਸੱਭਿਆਚਾਰਕ ਸਥਿਤੀ ਦੇ ਟਕਰਾਅ ਵਾਲੇ ਹਨ। ਜਿਸਦੇ ਸਿੱਟੇ ਵਜੋਂ ਉਹ ਜਿੰਦਗੀ ਦੇ ਹਰ ਕਦਮ ਦੇ ਦੁਖਾਂਤ ਭੋਗਦਾ ਤੇ ਸੰਕਟਾਂ ਦਾ ਸਿਕਾਰ ਹੋਇਆ ਰਹਿੰਦਾ ਹੈ।ਜਿਵੇਂ:-

> ''ਇਹ ਕੰਮ ਨਹੀਂ ਮੈਂ ਕਰਨਾ!"
> "ਹੋਰ ਕੀ ਕਰੇਂਗਾ? ਸਰਦਾਰ ਨੂੰ ਮਾੜੀ ਜਿਹੀ ਤਲਖੀ ਆਈ।
> ''ਹੋਰ, ਹੋਰ ਜੋ ਮਰਜ਼ੀ ਕਰਾ ਲੋ।" ਉਹਦੇ ਚਿੱਤ 'ਚ ਆਈ, ਉਹ ਆਖ ਦੇਵੇ,
> ''ਗੋਹਾ ਸਿੱਟਣਾਂ ਸੀ ਤਾਂ ਪਿੰਡ ਥੋੜਾ ਸੀ"। ਪਰ ਬੋਲਿਆ ਨਹੀਂ।ਉਸੇ ਤਰ੍ਹਾਂ
> ਥੰਮ ਬਣਿਆ ਖਲੋਤਾ ਰਿਹਾ।[17]

ਜਿੱਥੇ ਅਮੀਰ ਜੱਟ ਦੇ ਗਰੀਬ ਪ੍ਰਤੀ ਵਰਤਾਰੇ ਨੂੰ ਪੇਸ਼ ਕੀਤਾ ਹੈ, ਉਥੇ ਗਰੀਬ ਜੱਟ ਦੇ ਮਨ ਵਿੱਚ ਅਮੀਰਾਂ ਪ੍ਰਤੀ ਪੈਦਾ ਹੋ ਰਹੀ ਨਫਰਤ ਨੂੰ ਉਸਨੇ ਭਲੀ-ਭਾਂਤ ਉਜਾਗਰ ਕੀਤਾ ਹੈ। ਮਾੜਾ ਕਿਸਾਨ ਟਰੈਕਟਰਾਂ, ਜੀਪਾ ਤੇ ਮੋਟਰ ਸਾਈਕਲਾਂ ਤੇ ਚੜੇ ਅਮੀਰ ਕਿਸਾਨ ਨਾਲ ਦਿਲੋਂ ਈਰਖਾ ਤੇ ਨਫਰਤ ਕਰਦਾ ਹੈ। ਉਹ ਬੇਸੱਕ ਅਜੇ ਇਨ੍ਹਾਂ ਨੂੰ ਗਾਲਾਂ ਕੱਢਦਾ ਹੈ ਤੇ ਜਦੋਂ ਕਿਤੇ ਗਰੀਬ ਕਿਸੇ ਸਮੂਹ ਵਿੱਚ ਇਕੱਤਰ ਹੁੰਦਾ ਹੈ ਤਾਂ ਉਹ ਅਮੀਰ ਦੇ ਗਲ ਪੈਣ ਦੀ ਹਿੰਮਤ ਵੀ ਕਰਨ ਲੱਗ ਪਿਆ ਹੈ। ਜਿਵੇਂ ਪੈਟਰੋਲ ਪੰਪ ਉੱਤੇ ਲੀਡਰ, ਜੀਪਾਂ ਵਾਲੇ ਨਾਲ ਤੇ ਟਰੈਕਟਰਾਂ ਵਾਲੇ ਅਮੀਰ ਜੱਟਾਂ ਦੇ ਗਲ ਕੇਨੀਆਂ ਵਾਲੇ ਗਰੀਬ ਜੱਟ ਪੈਂਦੇ ਹਨ। ਇਸ ਪ੍ਰਕਾਰ ਲੇਖਕ ਨੇ ਵਰਗ ਚੇਤਨਾ ਦੀ ਗੱਲ ਕਰਦਿਆਂ ਇਸ ਉੱਭਰ ਰਹੇ ਸੰਘਰਸ਼ ਨੂੰ ਨਾਵਲ ਵਿੱਚ ਬਿਆਨ (ਰੂਪਮਾਨ) ਕੀਤਾ ਹੈ।

ਕੁੱਸੇ ਦਾ ਦੂਜਾ ਨਾਵਲ 'ਰਾਤ ਦੇ ਰਾਹੀ' ਇਕ ਬਹੁ-ਚਰਚਿਤ ਨਾਵਲ ਹੈ। 'ਰਾਤ ਦੇ ਰਾਹੀ' ਵਿਚ ਪ੍ਰੰਪਰਾਗਤ ਸੰਸਕ੍ਰਿਤੀ ਦੀ ਖੋੜਤ ਤੋਂ ਉਤਪੰਨ ਛੋਟੀ ਕਿਸਾਨੀ ਦੇ ਔਰਤ-ਮਰਦ ਦੇ ਜਿਨਸੀ ਸਬੰਧ ਦੇ ਵਿਭਿੰਨ ਰੂਪਾਂ ਦੇ ਵਿਵੇਕ ਨੂੰ ਸਿਰਜਿਆ ਗਿਆ ਹੈ। ਛੋਟੀ ਕਿਸਾਨੀ ਦੇ ਸਾਂਸਕ੍ਰਿਤਕ ਅਤੇ ਆਰਥਿਕ ਮੁੱਲਾਂ ਦੇ ਸੰਵਾਦ ਦੀ ਵਿਹਾਰਕ ਪ੍ਰਕਿਰਿਆ ਨੂੰ ਸਮਝਣ ਜਰੂਰੀ ਹੈ। ਜਗੀਰਦਾਰੀ ਵਿਵਸਥਾ ਵਿਚ ਵਿਆਹ ਇਕ ਸਾਂਸਕ੍ਰਿਤਕ ਲੋੜ ਹੈ। ਵਿਆਹ ਤੋਂ ਬਿਨ੍ਹਾਂ ਵਿਅਕਤੀ ਦੀ ਕਿਸਾਨੀ ਸਮਾਜ ਵਿਚ ਨਾ ਤਾਂ ਕੋਈ ਹੋਂਦ ਹੈ ਅਤੇ ਨਾ ਹੀ ਇੱਜ਼ਤ। ਛੜਾ ਰਹਿ ਜਾਣ ਨਾਲ ਵਿਅਕਤੀ ਸਮਾਜ ਤੋਂ ਹੀ ਬਾਹਰ ਹੋ ਜਾਂਦਾ ਹੈ। ਵਿਆਹ ਜੀਵਾਤਮਕ ਲੋੜ ਕਾਮ ਦੀ ਪੂਰਤੀ ਅਤੇ ਮਨੁੱਖ ਵਿਕਾਸ ਦੀ ਸ਼ਰਤ ਪੂਰੀ ਕਰਦੀ ਹੋਈ ਉਸ ਨੂੰ ਭਵਿੱਖ ਨਾਲ ਵੀ ਜੋੜਦੀ ਹੈ। ਜਗੀਰਦਾਰੀ ਧਾਰਮਿਕ ਫ਼ਲਸਫ਼ੇ ਅਨੁਸਾਰ ਔਲਾਦ ਬਿਨਾਂ ਮਨੁੱਖ ਦੀ ਗਤੀ ਵੀ ਨਹੀਂ ਹੁੰਦੀ। ਇਸ ਸਥਿਤੀ ਦੀ ਲੋਅ ਵਿਚ ਹੀ ਜਵੰਦੇ ਨੇ ਆਪਣੇ 'ਕੁੱਲ ਨੂੰ ਚਲਦਾ ਰੱਖਣ' ਲਈ ਬਚਨੇ ਲਈ ਮੁੱਲ ਦੀ ਤੀਵੀਂ ਪੂਰਬਣ ਲੈ ਆਂਦੀ ਹੈ।

> "ਆਰਥਿਕ ਮਜਬੂਰੀ ਵਿਚੋਂ ਪੈਦਾ ਹੋਏ ਸੰਕਟ ਨੂੰ ਦੂਰ ਕਰਨ ਲਈ ਉਹ ਬਚਨੇ ਲਈ ਮੁੱਲ ਦੀ ਤੀਵੀਂ ਨਾਲ ਉਸ ਦਾ ਘਰ ਤਾਂ ਵਸਦਾ ਹੋ ਗਿਆ ਪਰ ਕਿਸਾਨੀ ਦੇ ਮਾਪਾਂ ਅਨੁਸਾਰ ਉਨ੍ਹਾਂ ਦੀ ਕੁਲ ਨੂੰ ਇਕ ਤਰ੍ਹਾਂ ਲਾਜ ਵੀ ਲੱਗ ਗਈ। ਲੋਕ ਪਰ੍ਹੇ 'ਚ ਹਾਸੜ ਮਚਾਉਂਦੇ, "ਆ ਲਿਆਇਐ ਬਹੂ-ਰੈ-ਕੋਟ ਦੀ ਚੂੜ੍ਹੀ ਲਿਆ ਕੇ ਸਾਲਿਆਂ ਨੇ ਲਾਜ ਲਾ-ਤੀ"।[18]

ਸੋਹਣ ਸਿੰਘ ਸੀਤਲ ਪੰਜਾਬੀ ਦੇ ਪ੍ਰਸਿੱਧ ਉਪਨਿਆਸਕਾਰਾਂ ਵਿਚੋਂ ਇਕ ਹੈ। ਸੀਤਲ ਦੀਆਂ ਸਾਹਿਤਕ ਕਿਰਤਾਂ ਲਗਭਗ ਦੋ ਦਰਜਨ ਦੇ ਕਰੀਬ ਹਨ। ਉਸ ਦੇ ਉਪਨਿਆਸ 'ਜਗ ਬਦਲ ਗਿਆ' ਨੂੰ ਸਾਹਿਤ ਅਕੈਡਮੀ ਦਾ ਪੁਰਸਕਾਰ ਪ੍ਰਾਪਤ ਹੋਇਆ। 'ਜੰਗ ਜਾਂ ਅਮਨ' ਸੋਹਣ ਸਿੰਘ ਸੀਤਲ ਦੇ ਸਾਹਿਤਕ ਸਫਰ ਦਾ ਪਹਿਲਾ ਨਾਵਲ ਹੈ ਜਿਸ ਨੂੰ ਸਾਹਿਤਕ ਤੌਰ 'ਤੇ ਗੰਭੀਰ ਪਾਠਕਾਂ ਅਤੇ ਆਲੋਚਕਾਂ ਵੱਲੋਂ ਸਵੈਕ੍ਰਿਤੀ ਪ੍ਰਾਪਤ ਹੋਈ ਹੈ। ਇਸ ਨਾਵਲੀ ਕਿਰਤ ਦਾ ਮੱਹਤਵ ਇਸ ਗੱਲ ਵਿਚ ਹੈ ਕਿ ਇਸ ਵਿਚ ਕਿਸਾਨੀ ਦੇ ਆਰਥਿਕ ਸਭਿਆਚਾਰਕ ਸੰਕਟ ਨੂੰ ਪ੍ਰਮਾਚਿਕ ਰੂਪ ਵਿਚ ਸਿਰਜਿਆ ਗਿਆ ਹੈ। ਛੋਟੀ ਕਿਸਾਨੀ ਦੇ ਇਸ ਆਰਥਿਕ ਸਭਿਆਚਾਰਕ ਸੰਕਟ ਨੂੰ ਨਾਵਲਕਾਰ ਨੇ 1935 ਦੇ ਇਤਿਹਾਸਕ ਕਾਲ ਦੇ ਸੰਦਭ ਵਿਚ ਰੱਖ ਕੇ ਸਿਰਜਿਆ ਹੈ। ਸੰਸਾਰ ਇਤਿਹਾਸ ਵਿਚ ਸਮਾਂ ਦੂਜੇ ਵਿਸ਼ਵ ਯੁੱਧ ਦਾ ਸਮਾਂ ਹੈ। ਦੂਜੇ ਵਿਸ਼ਵ ਯੁੱਧ ਨੂੰ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਐਟਮੀ ਬੰਬਾਰੀ ਕਾਰਨ ਮਨੁੱਖਤਾ ਦੇ ਵਿਨਾਸ਼ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਨਾਵਲ 'ਜੰਗ ਜਾਂ ਅਮਨ' ਦੂਜੇ ਵਿਸ਼ਵ ਯੁੱਧ ਦਾ ਸਿਰਜਨ ਮਨੁੱਖਤਾ ਦੇ ਵਿਨਾਸ਼ ਦੇ ਪ੍ਰਤੀਕ ਦੇ ਰੂਪ ਵਿਚ ਕਰਦਾ ਹੋਇਆ ਇਸ ਜੰਗ ਦੇ ਸਮਾਨੰਤਰ ਕਿਸਾਨੀ ਦੇ ਸੰਕਟ ਦਾ ਮਾਰਸਿਕ ਸਿਰਜਣ ਕਰਦਾ ਹੈ। ਇਸ ਨਾਵਲ ਵਿਚ ਪੰਜਾਬ ਦੇ ਮਾਝਾ ਖੇਤਰ ਦੇ ਪਿੰਡ ਅਲਾਹਦੀਨਪੁਰ ਦੀ ਛੋਟੀ ਕਿਸਾਨੀ ਦੇ ਜੀਵਨ ਦੀਆਂ ਕਠੋਰ ਹਾਲਤਾਂ ਦੇ ਸਿਰਜਣ ਰਾਹੀਂ ਸਮੁੱਚੇ ਪੰਜਾਬ ਦੀ ਛੋਟੀ ਕਿਸਾਨੀ ਦੇ ਜੀਵਨ ਯਥਾਰਥ ਨੂੰ ਸਿਰਜਿਆ ਗਿਆ ਹੈ। ਸੀਤਲ ਨੇ ਇਕ ਸਾਧਾਰਨ, ਘੱਟ ਜ਼ਮੀਨੇ ਅਤੇ ਗਰੀਬ ਕਿਸਾਨ ਦੀਆਂ ਔਕੜਾਂ ਨੂੰ ਪੇਸ਼ ਕਰਦਿਆਂ ਖੇਤੀ ਦੇ ਕੰਮ ਦੀਆਂ ਕਠਿਨਾਈਆਂ, ਗਰੀਬ ਕਿਸਾਨ ਦੀਆਂ ਵਿਆਹ ਸੰਬੰਧੀ ਸਮੱਸਿਆਵਾਂ, ਸਭਿਆਚਾਰਕ ਰਸਮਾਂ, ਲੋਕ ਦਿਖਾਵਾ ਅਤੇ ਕਰਜ਼ੇ ਦਾ ਸਿਰ ਚੜ੍ਹਨਾ ਆਦਿ ਅਲਾਮਤਾਂ ਨੂੰ ਮਨੁੱਖਤਾਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਬੰਤਾ ਸਿੰਘ ਅਤੇ ਮਹਿੰਦਰ ਛੋਟੀ ਕਿਸਾਨੀ ਦੇ ਪ੍ਰਤੀਨਿੱਧ ਪਾਤਰਾਂ ਹਨ। ਕਿਸਾਨ ਮੁੱਢ-ਕਦੀਮ ਤੋਂ ਹੀ ਪ੍ਰਕਿਰਤੀ ਨਾਲ ਸੰਘਰਸ਼ ਕਰਦਾ ਰਿਹਾ ਹੈ। ਪੱਕੀ ਫਸਲ ਵੇਖ ਕੇ ਬੰਤਾ ਸਿੰਘ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਪ੍ਰੰਤੂ ਕੁਦਰਤੀ ਕੋਰਪੀ ਉਪਰੰਤ ਜਦੋਂ ਫਸਲ ਘਰ ਆਉਦੀ ਹੈ ਤਾਂ ਜੱਟ ਦੀਆਂ ਆਸਾਂ ਉੱਤੇ ਪਾਣੀ ਫਿਰ ਜਾਂਦਾ ਹੈ। ਬੰਤਾ ਸਿੰਘ ਦੀ ਮੌਤ ਉਪਰੰਤ ਮਹਿੰਦਰ ਪੜ੍ਹਾਈ ਦੇ ਨਾਲ ਖੇਤੀ ਦਾ ਕਠੋਰ ਕੰਮ ਵੀ ਅਰੰਭ ਦੇਂਦਾ ਹੈ। ਉਹ ਜੀਅ-ਤੋੜ ਮਿਹਨਤ ਕਰਦਾ ਹੋਇਆ ਅਸੰਭਵ ਨੂੰ ਸੰਭਵ ਬਣਾਉਣ ਦਾ ਯਤਨ ਕਰਦਾ ਹੈ। ਮਹਿੰਦਰ ਵਿਚ ਜੱਟ ਵਾਲੀ ਹਉਮੈਂ ਹੈ ਕਿ ਕੋਈ ਸ਼ਰੀਕ ਉਸ ਨੂੰ ਇਹ ਮਿਹਣਾ ਨਾ ਮਾਰ ਦੇਵੇ ਕਿ ਪੜ੍ਹਨ ਮੁੰਡੇ ਤੋਂ ਖੇਤੀ ਦਾ ਕਠੋਰ ਕੰਮ ਨਹੀਂ ਹੁੰਦਾ। ਪੱਕੀ ਫਸਲ ਵੇਖ ਕੇ ਮਹਿੰਦਰ ਦਾ ਮਨ ਅਜੇ ਅੰਗੜਾਈਆਂ ਹੀ ਲੈਣ ਲੱਗਦਾ ਹੈ ਕਿ ਉਸ ਦੀ ਪੱਕੀ ਫਸਲ ਉੱਤੇ

ਗੜ੍ਹੇਮਾਰ ਹੋ ਜਾਂਦੀ ਹੈ। ਨਾਵਲ ਵਿਚ ਫੌਜੀ ਜੀਵਨ ਦੀਆਂ ਕਠਿਨਾਈਆਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਜੇਕਰ ਕਿਸਾਨੀ ਦਾ ਜੀਵਨ ਔਕੜਾਂ ਭਰਿਆ ਹੈ ਤਾਂ ਯੁੱਧ ਵਿਚ ਸਿਪਾਹੀ ਦਾ ਜੀਵਨ ਵੀ ਅਜਿਹਾ ਹੀ ਹੈ। ਫੌਜੀਆਂ ਦਾ ਨਿੱਤ ਨਵੇਂ ਮਹਾਜ ਦੇ ਲੜਨਾ, ਲੜਾਈ ਵਿਚ ਜਖ਼ਮੀ, ਅਪਾਹਜ ਅਤੇ ਬਿਮਾਰ ਹੋਣਾ, ਘਰਾਂ ਤੋਂ ਦੂਰ ਰਹਿਣਾ, ਵੇਲੇ-ਕਵੇਲੇ ਭੁੱਖੇ-ਪਿਆਸੇ ਰਹਿਣਾ ਆਦਿ।

> "ਇਹ ਲਾਮਾਂ ਕਿਉਂ ਲਗਦੀਆਂ ਨੇ? ਕੋਣ ਛੇੜਦਾ ਹੈ ਗਭਰੂ ਖਾਣੀਆਂ ਲੜਾਈਆਂ?
> ਇਹ ਹਿਟਲਰ 'ਤੇ ਚਰਚਿਤ ਕਿਉਂ ਲੜਦੇ ਨੇ? ਜੇ ਉਹਨਾਂ ਲੜਨਾਈਂ ਏ ਤਾਂ ਸਿੱਧੇ
> ਹੋ ਕੇ ਆਪ ਲੜਨ ਖਾਂ! ਬਗਾਨੇ ਪੁੱਤ ਡਾਹ-ਡਾਹ ਕਿਉਂ ਮਰਵਾਉਂਦੇ ਨੇ?............
> ਤੇ ਅਸਾਂ ਜਰਮਨਾਂ ਦਾ ਕੀ ਖੋਹਿਆ ਨੱਪਿਆ ਏ"?[19]

ਪੰਜਾਬੀ ਕਿਸਾਨੀ ਨਾਲ ਸੰਬੰਧਤ ਨਾਵਲਾਂ ਵਿੱਚੋਂ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਕਿਸਾਨੀ ਨੇ ਆਪਣੀ ਸਹਾਇਕ ਧਿਰ ਸਮਾਜਕ , ਮਾਨਸਿਕ ਅਤੇ ਆਰਥਕ ਸ਼ੋਸ਼ਣ ਕੀਤਾ ਹੈ। ਹਰੀ ਕ੍ਰਾਂਤੀ ਤੋਂ ਜਿੱਥੇ ਛੋਟੀ ਤੇ ਦਰਮਿਆਨੀ ਕਿਸਮ ਦੀ ਕਿਸਾਨੀ ਜਾਗੀਰਦਾਰੀ ਤੇ ਪੂੰਜੀਵਾਦੀ ਸੰਸਕ੍ਰਿਤੀ ਦੇ ਮਿਸ਼ਰਤ ਵਾਲੀ ਵਿਵਸਥਾ ਦਾ ਦੁਖਾਂਤ ਭੋਗਦੀ ਹੈ, ਉਥੇ ਨਿਮਨ-ਵਰਗ ਦੀ ਹਾਲਤ ਬਹੁਤ ਤਰਸਯੋਗ ਬਣ ਜਾਂਦੀ ਹੈ। ਗੁਰਦਿਆਲ ਸਿੰਘ 'ਮੜ੍ਹੀ ਦਾ ਦੀਵਾ ਤੇ ਆਥਣ ਉਗਣ', ਕਰਮਜੀਤ ਸਿੰਘ ਕੁੱਸਾ 'ਅੱਗ ਦਾ ਗੀਤ', ਜਸਵੰਤ ਸਿੰਘ ਰਾਹੀ 'ਲੂਹ ਭਿੱਜੀ ਚਾਨਣੀ', ਯਥਾਰਥ ਦਾ ਅਜਿਹਾ ਹੀ ਪ੍ਰਮਾਣ ਦਿੰਦੇ ਨਾਵਲ ਹਨ।

ਉਤਰ ਨਾਨਕ ਸਿੰਘ ਕਾਲ ਦੇ ਪੰਜਾਬੀ ਨਾਵਲ ਨੇ ਹਰੇ ਇਨਕਲਾਬ ਨੂੰ ਵੱਡੀ ਕਿਸਾਨੀ ਦੀ ਤੰਦਰੁਸਤੀ ਦੇ ਰੂਪ 'ਚ ਅਤੇ ਛੋਟੀ ਕਿਸਾਨੀ ਲਈ ਅਲਾਮਤ ਦੇ ਰੂਪ ਵਿੱਚ ਚਿਤਰਿਤ ਕੀਤਾ ਹੈ।'ਰੋਹੀ ਬੀਆਬਾਨ' ਤੇ 'ਔੜ ਦੇ ਬੀਜ' ਨਾਵਲਾਂ ਦੇ ਵਸਤੂ ਸੰਦੇਸ਼ ਰਾਹੀਂ ਪੇਂਡੂ ਖੇਤ ਮਜ਼ਦੂਰ ਤੋਂ ਸ਼ਹਿਰੀ ਸਨਅਤੀ ਮਜ਼ਦੂਰ ਵਿੱਚ ਵਟਣ ਦੀ ਪ੍ਰਕਿਰਿਆ ਨੂੰ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਓਮ ਪ੍ਰਕਾਸ਼ ਗਾਸੋ ਦਾ 'ਮਿੱਟੀ ਦਾ ਮੁੱਲ' ਅਤੇ ਜਸਬੀਰ ਮੰਡ ਦਾ 'ਔੜ ਦੇ ਬੀਜ' ਨਾਵਲਾਂ ਵਿੱਚ ਕੰਮ ਦੀ ਭਾਲ ਲਈ ਭਾਰਤ ਦੇ ਦੂਸਰੇ ਰਾਜਾਂ ਤੋਂ ਪੰਜਾਬ ਵਿੱਚ ਆ ਕੇ ਕੰਮ ਕਰਨ ਵਾਲੇ ਮਜ਼ਦੂਰਾਂ ਦੀਆਂ ਆਰਥਕ ਤੇ ਸਮਾਜਕ ਮੁਸੀਬਤ ਦੇ ਗਲਪ-ਚਿੱਤਰ ਵੀ ਮਿਲ ਜਾਂਦੇ ਹਨ।

ਪੂੰਜੀਵਾਦੀ ਵਿਵਸਥਾ ਵਿੱਚ ਛੋਟੀ ਕਿਸਾਨੀ ਦੀ ਪ੍ਰੋਲੇਤਾਰੀ ਸ਼੍ਰੇਣੀ ਵਿੱਚ ਪਰਿਵਰਤਨ ਪ੍ਰਕਿਰਿਆ ਦਾ ਯਥਾਰਥਕ ਚਿਤਰਨ ਅਤੇ ਕੰਮੀ ਸ਼ਰੇਣੀ ਦੀ ਦੁਖਾਂਤਕ ਯਥਾਰਥਕ ਸਥਿਤੀ ਦਾ ਬੋਧ ਵੀ ਇਸ ਕਾਲ ਦੇ ਪੰਜਾਬੀ ਨਾਵਲ ਵਿੱਚੋਂ ਹੁੰਦਾ ਹੈ। ਖ਼ਾਸਕਰ ਗੁਰਦਿਆਲ ਸਿੰਘ ਅਤੇ ਕਰਮਜੀਤ ਸਿੰਘ ਕੁੱਸਾ ਦੇ ਨਾਵਲ ਇਸ ਪ੍ਰਸੰਗ ਵਿੱਚ ਗੌਲਣਯੋਗ ਪ੍ਰਾਪਤੀਆਂ ਹਨ। ਉਤਰ ਨਾਨਕ ਸਿੰਘ ਨਾਵਲ ਪ੍ਰੰਪਰਾ ਦੇ ਕੁਝ ਹੋਰ ਨਾਵਲਕਾਰ ਕਿਸਾਨੀ ਸਮਾਜ ਦਾ ਚਿਤਰਨ ਕਰਨ ਸਮੇਂ ਕਿਸਾਨੀ ਦੀ ਦੁਖਾਂਤਕ ਸਥਿਤੀ ਨੂੰ ਸਥਾਪਤ ਵਿਵਸਥਾ ਦੀ ਦੇਣ ਮੰਨ ਕੇ ਚਲਦੇ ਹਨ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਨੇ ਆਪਣੀ ਉਮਰ ਜਿੰਨੇ ਲੰਮੇ ਕਾਲ ਦੇ ਪੰਜਾਬੀ ਕਿਸਾਨੀ ਜੀਵਨ ਦੇ ਯਥਾਰਥ ਨੂੰ ਆਪਣੇ ਵਿੱਚ ਸਮੋਇਆ ਹੈ। ਇਸ ਪ੍ਰਸੰਗ 'ਚ ਸੰਤ ਸਿੰਘ ਸੇਖੋਂ ਦਾ 'ਲੂਹ ਮਿੱਟੀ', ਰਾਮ ਸਰੂਪ ਅਣਖੀ ਦੇ 'ਕੋਠੇ ਖੜਕ ਸਿੰਘ, ਦੁੱਲੇ ਦੀ ਢਾਬ ਤੇ ਜ਼ਮੀਨਾਂ ਵਾਲੇ', ਕਰਮਜੀਤ ਸਿੰਘ ਕੁੱਸਾ ਦਾ 'ਅਕਾਲ ਪੁਰਖੀ', ਅਵਤਾਰ ਸਿੰਘ ਬਿਲਿੰਗ ਦੇ 'ਨਰੰਜਣ ਮਸ਼ਾਲਚੀ ਤੇ ਖੇੜੇ ਸੁੱਖ ਵਿਹੜੇ ਸੁੱਖ', ਬਲਦੇਵ ਸਿੰਘ ਦਾ 'ਅੰਨਦਾਤਾ' ਨਾਵਲਾਂ ਵਿੱਚੋਂ ਪੈਦਾ ਹੁੰਦੀਆਂ ਧੁਨੀਆਂ ਅਤੇ ਅਜਿਹੀਆਂ ਹੀ ਧੁਨੀਆਂ ਵਾਲੇ ਹੋਰਨਾਂ ਪੰਜਾਬੀ ਨਾਵਲਾਂ ਵਿੱਚੋਂ ਪ੍ਰਾਪਤ ਹੁੰਦੇ ਖੇਤੀ ਅਰਥਚਾਰੇ ਦੇ ਆਧਾਰ ਉੱਤੇ ਉਸਰੇ ਸਮਾਜ ਪ੍ਰਬੰਧ ਨੂੰ ਇਤਿਹਾਸਕ ਤੇ ਸਮਾਜ-ਸ਼ਾਸਤਰੀ ਦ੍ਰਿਸ਼ਟੀ ਨਾਲ ਸਮਝਣ ਦੀ ਲੋੜ ਹੈ।

## ਹਵਾਲੇ ਤੇ ਟਿੱਪਣੀਆਂ:


1. ਜੰਗ ਬਹਾਦੁਰ ਗੋਇਲ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ , ਪੰਨਾ-3
2. ਉਹੀ, ਪੰਨਾ-3
3. ਉਹੀ, ਪੰਨਾ-3
4. ਜੰਗ ਬਹਾਦੁਰ ਗੋਇਲ, ਵਿਸ਼ਵ ਸਾਹਿਤ ਦੇ ਸ਼ਾਹਕਾਰ, ਪੰਨਾ-4
5. ਜੰਗ ਬਹਾਦੁਰ ਗੋਇਲ, ਵਿਸ਼ਵ ਸਾਹਿਤ ਦੇ ਸ਼ਾਹਕਾਰ, ਪੰਨਾ 6-7
6. ਪ੍ਰੋ.ਪਿਆਰਾ ਸਿੰਘ, ਪੰਜਾਬੀ ਗਲਪ (ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ), ਪੰਨਾ 80
7. ਪ੍ਰੋ.ਪਿਆਰਾ ਸਿੰਘ, ਪੰਜਾਬੀ ਗਲਪ (ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ), ਪੰਨਾ 81
8. ਪ੍ਰੋ.ਕਿਰਪਾਲ ਸਿੰਘ ਕਸੇਲ, ਡਾ.ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ-374
9. ਗੁਰਦਿਆਲ ਸਿੰਘ, ਲੇਖਕ ਦਾ ਅਨੁਭਵ ਤੇ ਸਿਰਜਣ-ਪ੍ਰਕਿਰਿਆ, ਪੰਨਾ 62
10. ਗੁਰਦਿਆਲ ਸਿੰਘ, ਮੜ੍ਹੀ ਦਾ ਦੀਵਾ, ਪੰਨਾ 16
11. ਟੀ. ਆਰ. ਵਿਨੋਦ, ਗਲਪਕਾਰ ਗੁਰਦਿਆਲ ਸਿੰਘ, ਪੰਨਾ 98
12. ਕਰਮਜੀਤ ਸਿੰਘ ਕੁੱਸਾ, ਬੁਰਕੇ ਵਾਲੇ ਲੁਟੇਰੇ, ਪੰਨਾ-16
13. ਉਹੀ, ਪੰਨਾ-17
14. ਉਹੀ, ਪੰਨਾ-19
15. ਉਹੀ, ਪੰਨਾ-72
16. ਉਹੀ, ਪੰਨਾ-73
17. ਕਰਮਜੀਤ ਸਿੰਘ ਕੁੱਸਾ, ਰੋਹੀ ਬੀਆਬਾਨ, ਪੰਨਾ-80,81
18. ਕਰਮਜੀਤ ਸਿੰਘ ਕੁੱਸਾ, ਰਾਤ ਦੇ ਰਾਹੀ, ਪੰਨਾ-17
19. ਸੋਹਣ ਸਿੰਘ ਸੀਤਲ, ਜੰਗ ਜਾਂ ਅਮਨ, ਪੰਨਾ-195

# ਅਧਿਆਇ ਚੌਥਾ

## ਬਲਦੇਵ ਸਿੰਘ ਦਾ ਨਾਵਲ ਅੰਨਦਾਤਾ ਅਤੇ ਪੰਜਾਬੀ ਕਿਸਾਨੀ ਸੰਕਟ

'ਅੰਨਦਾਤਾ' ਇਕ ਧਨੀ ਕਿਸਾਨ ਪਰਿਵਾਰ ਦੀ ਕਹਾਣੀ ਹੈ ਜਿਸ ਕੋਲ ਕਾਫ਼ੀ ਜਮੀਨ ਹੈ ਤੇ ਇਹ ਪਰਿਵਾਰ ਖਾਂਦੇ ਪੀਂਦੇ ਪਰਿਵਾਰਾਂ ਵਿੱਚੋਂ ਗਿਣਿਆ ਜਾਂਦਾ ਹੈ ਪ੍ਰੰਤੂ ਸਮਾ ਪਾ ਕੇ ਪਰਿਵਾਰ ਵਧ ਜਾਂਦਾ ਹੈ ਅਤੇ ਜ਼ਮੀਨ ਅੱਡੋ-ਅੱਡ ਥਾਂਈ ਵੰਡੀ ਜਾਂਦੀ ਹੈ ਫਿਰ ਵੀ ਗੁਜ਼ਾਰਾ ਹੁੰਦਾ ਰਹਿੰਦਾ ਹੈ ਪ੍ਰੰਤੂ ਨਵੀਆਂ ਪਰਿਸਥਿਤੀਆਂ ਇਸ ਪਰਿਵਾਰ ਨੂੰ ਵੱਖੋ-ਵੱਖਰੇ ਢੰਗ ਤੋਂ ਪ੍ਰਭਾਵਿਤ ਕਰਦੀਆਂ ਹਨ। ਵਜੀਰ ਸਿੰਘ ਦੇ ਤਿੰਨ ਪੁੱਤ ਤੇ ਇਕ ਧੀ ਹੁੰਦੀ ਹੈ। ਵਜੀਰ ਸਿੰਘ ਦਾ ਵੱਡਾ ਮੁੰਡਾ ਭਗਤੂ ਜਿਸ ਤੋਂ ਸਾਰੇ ਪਰਿਵਾਰ ਨੂੰ ਆਸ ਹੁੰਦੀ ਹੈ ਕਿ ਉਹ ਪਿਤਾ-ਪੁਰਖੀ ਕਿੱਤਾ ਅਪਣਾ ਕੇ ਘਰ ਦੀ ਕਬੀਲਦਾਰੀ ਦਾ ਬੋਝ ਚੁੱਕੇਗਾ। ਉਹ ਬਹੁਤਾ ਪੜ੍ਹ ਨਹੀ ਸਕਦਾ। ਉਹ ਲੀਹੋਂ ਕੁਰਾਹੇ ਪੈ ਜਾਂਦਾ ਹੈ ਅਤੇ ਅਤਿਵਾਦੀਆਂ ਨਾਲ ਰਲ ਜਾਂਦਾ ਹੈ। ਭਗਤੂ ਜ਼ਿੱਦ ਕਰਦਾ ਕਿ ਜਾਂ ਤਾਂ ਉਸ ਨੇ ਬਾਹਰ ਜਾਣਾ ਹੈ ਨਹੀਂ ਫਿਰ ਉਸ ਨੂੰ ਨਵਾਂ ਟਰੈਕਟਰ ਲੈਕੇ ਦਿਉ ਉਹ ਫਿਰ ਹੀ ਖੇਤੀ ਕਰੇਗਾ। ਵਜ਼ੀਰ ਸਿੰਘ ਨੇ ਸੋਚਿਆ ਕਿ ਜੇ ਭਗਤੂ ਦਾ ਵਿਆਹ ਕਰ ਦਿੱਤਾ ਜਾਵੇ ਫਿਰ ਸ਼ਾਇਦ ਉਹ ਸੁਧਰ ਜਾਊ ਅਤੇ ਆਪਣੀ ਜ਼ਿੰਮੇਵਾਰੀ ਸਮਝੂ ਪਰ ਭਗਤੂ ਉਸ ਤਰ੍ਹਾਂ ਘਰਦਿਆਂ ਨੂੰ ਤੰਗ ਕਰਦਾ ਰਹਿੰਦਾ ਹੈ। ਅਖੀਰ ਤੰਗ ਆਕੇ ਵਜ਼ੀਰ ਸਿੰਘ ਨੇ ਜ਼ਮੀਨ ਗਹਿਣੇ ਕਰਕੇ ਭਗਤੂ ਨੂੰ ਬਾਹਰ ਭੇਜ ਦਿੱਤਾ। ਫਿਰ ਕਈ ਸਾਲਾਂ ਬਾਅਦ ਭਗਤੂ ਘਰ ਆਉਦਾ ਹੈ ਫਿਰ ਉਹ ਸਾਧੂ ਬਣ ਜਾਂਦਾ ਹੈ। ਦੂਜਾ ਮੁੰਡਾ ਰਾਜਪਾਲ ਹੈ ਜੋ ਪੜ੍ਹਿਆ ਲਿਖਿਆ ਤੇ ਰਾਜਨੀਤਕ ਤੌਰ'ਤੇ ਚੇਤਨ ਹੈ ਪਰ ਪਰਿਸਥਿਤੀਆਂ ਅੱਗੇ ਉਹਦੀ ਕੋਈ ਪੇਸ਼ ਨਹੀ ਜਾਂਦੀ। ਰਾਜਪਾਲ ਨੇ ਬੀ.ਏ. ਤਾਂ ਕਰ ਲਿਆ ਪਰ ਚੰਗੇ ਨੰਬਰ ਨਹੀਂ ਆਏ। ਰਾਜਪਾਲ ਕਾਲਜ ਵਿੱਚ ਲੀਡਰ ਹੋਣ ਕਰਕੇ ਉਸ ਦੀ ਅਫ਼ਸਰਾਂ ਨਾਲ ਜਾਣ ਪਛਾਣ ਵੀ ਹੈ ਪਰ ਫਿਰ ਵੀ ਉਸ ਨੂੰ ਨੌਕਰੀ ਨਹੀ ਮਿਲਦੀ। ਉਹ ਜਿਥੇ ਵੀ ਜਾਂਦਾ ਕੁਮਲਾਇਆ ਜਿਹਾ ਮੂੰਹ ਲੈਕੇ ਘਰ ਆ ਜਾਂਦਾ। ਅਖੀਰ ਰਾਜਪਾਲ ਨੇ ਦੁਖੀ ਹੋ ਕਿ ਖੇਤੀ ਕਰਨ ਦਾ ਮਨ ਬਣਾਲਿਆ। ਵਜ਼ੀਰ ਸਿੰਘ ਦੀ ਕੁੜੀ ਭੁਪਿੰਦਰ ਕੌਰ(ਭੂਪੀ) ਕੁਝ ਚਿਰ ਕਾਲਜ ਵਿੱਚ ਪੜ੍ਹਦੀ ਹੈ ਪਰ ਉਸ ਦੇ ਮਾੜੇ ਚਾਲ-ਚਲਣ ਨੂੰ ਵੇਖ ਕੇ ਉਸਨੂੰ ਘਰੇ ਕੰਮ ਕਰਨ ਲਈ ਰੱਖ ਲਿਆ ਜਾਂਦਾ ਹੈ ਅਤੇ ਕੁਝ ਸਮੇਂ ਬਾਅਦ ਭੂਪੀ ਘਰੋਂ ਕਿਸੇ ਨਾਲ ਨਿਕਲ ਜਾਂਦੀ ਹੈ।ਛੋਟਾ ਮੁੰਡਾ ਗੁਰਾ ਜਿਸਨੂੰ ਘਰਦਿਆਂ ਦੀ ਕੋਈ ਖ਼ਬਰ ਹੀ ਨਹੀਂ ਹੈ ਕਿ ਘਰ ਵਿੱਚ ਕੀ ਹੋ ਰਿਹਾ ਹੈ। ਉਹ ਗਾਉਣ ਵਾਲਿਆ ਨਾਲ ਰਲ ਜਾਂਦਾ ਹੈ ਫਿਰ ਆਪਣੀ ਕੈਸਟ ਕਢਾਉਂਦਾ ਹੈ ਜਿਸ ਲਈ ਉਹ ਆਪਣੇ ਹਿੱਸੇ ਦੀ ਜ਼ਮੀਨ ਵੇਚ ਦਿੰਦਾ ਹੈ। ਇਸ ਤਰ੍ਹਾਂ ਸਾਰਾ ਕੁਝ ਖਿੰਡ-ਪੁੰਡ ਜਾਂਦਾ ਹੈ। ਘਰ ਦਾ ਮੋਢੀ ਵਜ਼ੀਰ ਸਿੰਘ ਇਨ੍ਹਾਂ ਸਭ ਸੱਮਸਿਆਵਾਂ ਤੋਂ ਤੰਗ ਆਕੇ ਆਤਮ-ਹੱਤਿਆਂ ਕਰ ਲੈਦਾਂ ਹੈ। ਵੱਡਾ ਮੁੰਡਾ ਸਾਧੂ ਬਣ ਜਾਂਦਾ ਹੈ ਕੁੜੀ 'ਭੂਪੀ' ਕਿਸੇ ਨਾਲ ਨਿਕਲ ਜਾਂਦੀ ਹੈ। ਛੋਟਾ ਮੁੰਡਾ ਗਾਉਣ ਵਾਲਿਆ ਨਾਲ ਰਲ ਜਾਂਦਾ ਹੈ ਇਕੱਲਾ ਰਾਜਪਾਲ ਹੀ 'ਅੰਨਦਾਤਾ' ਰਹਿ ਜਾਂਦਾ ਹੈ। ਵਸਾਖਾ ਸਿੰਘ ਇਸ ਪ੍ਰਸਥਿਤੀ ਤੇ ਵਿਅੰਗਮਈ ਮਜ਼ਖਰੀ ਕਰਦਾ ਹੋਇਆ ਕਹਿੰਦਾ ਹੈ ਕਿ, "ਇਕ ਅਨੰਦਾਤਾ ਸ਼ਹਿਰ ਵਿੱਚ ਬੈਠਾ ਕੱਦੂ ਗੰਢੇ ਟਿੰਡੋ ਵੇਚ ਰਿਹਾ ਹੈ ਦੂਸਰਾ ਅਨੰਦਾਤਾ ਡੇਰੇ ਦੇ ਲੰਗਰ ਲਈ ਰਸਦ ਇਕੱਠੀ ਕਰਨ ਦੇ ਬਹਾਨੇ ਦਰ-ਦਰ ਮੰਗਣ ਗਿਆ ਹੋਇਆ ਹੈ"‘‘ਵਾਹ ਉਏ ਦਾਤਿਆ"।

ਜਿੱਥੇ ਵਜੀਰ ਸਿੰਘ ਦਾ ਪਰਿਵਾਰ ਦੁਖੀ ਹੈ ਉੱਥੇ ਪਿੰਡ ਦੇ ਹੋਰ ਘਰ ਵੀ ਅਜਿਹੀਆਂ ਹੀ ਪ੍ਰਸਥਿਤੀਆਂ ਦਾ ਸਾਹਮਣਾ ਕਰਦੇ ਹਨ। ਦਸੌਂਧਾ ਸਿੰਘ ਗਿੱਲ (ਦੇਸੂ) ਨਰੈਣ ਸਿੰਘ ਗਿੱਲ ਦੇ ਤਾਏ ਬੀਹਲਾ ਸਿੰਘ ਦਾ ਪੋਤਰਾ ਹੈ। ਉਸ ਨੂੰ ਆਪਣੇ ਭਰਾ ਦੀ ਚਪੜਾਸੀ ਦੀ ਨੌਕਰੀ ਪੰਸਦ ਨਹੀਂ ਸੀ। ਲਾਭਾ ਸਿੰਘ ਦੇ ਵਿਆਹ ਤੋਂ ਛੇ ਕੁ ਮਹੀਨਿਆਂ ਬਾਅਦ ਹੀ ਦਸੌਂਧਾ ਸਿੰਘ ਨੇ ਉਸ ਨੂੰ ਹਿੱਸੇ ਆਉਂਦੀ ਅੱਧੀ ਜ਼ਮੀਨ ਦੇ ਕੇ ਅੱਡ ਕਰ ਦਿੱਤਾ। ਦਸਵੀਂ ਪਾਸ ਹੋਣ ਕਰ ਕੇ ਮਹਿਕਮੇ ਨੇ ਲਾਭਾ ਸਿੰਘ ਨੂੰ ਤਰੱਕੀ ਦੇ ਕੇ ਕਲਰਕ ਬਣਾ ਦਿੱਤਾ ਹੈ ਪਰ ਦਸੌਂਧਾ ਸਿੰਘ ਦੀ ਹਾਲਤ ਨਿਘਰਦੀ ਹੀ ਚਲੀ ਗਈ। ਖੇਤੀ ਉਸ ਕੋਲੋਂ ਕਦੇ ਵੀ ਚੱਜ ਨਾਲ ਨਹੀਂ ਹੋਈ। ਦਸੌਂਧਾ ਸਿੰਘ ਸਦਾ ਦੂਸਰਿਆਂ ਦੀ ਨੁਕਤਾਚੀਨੀ ਕਰਨ ਵਾਲਾ ਸੀ। ਵਸਾਖਾ ਸਿੰਘ ਕਦੇ-ਕਦੇ ਸੱਥ ਵਿੱਚ ਹੱਸਦਾ ਹੁੰਦਾ ਸੀ:-

"ਅਕੇ ਰੋਂਦੇ ਗਏ, ਮਰਿਆਂ ਦੇ ਸੁਨੇਹੇ ਲੈ ਆਏ"।ਦਸੌਂਧੇ ਦਾ ਵੀ ਏਹੀ ਹਾਲ ਹੈ। ਕਦੇ ਰੱਬ ਨੂੰ ਕੋਸੀ ਜਾਊ, ਕਦੇ ਪੌਣ ਨੂੰ ਕਹੂ ਇਹ ਵਗਦੀ ਨੀ ਚੱਜ ਨਾਲ, ਕਦੇ ਮੀਂਹ ਨੂੰ ਨਿੰਦੀ ਜਾਊ। ਕਦੇ ਆਪਣੇ ਵਡੇਰਿਆਂ ਨੂੰ ਹੀ ਗਾਲ੍ਹਾਂ ਕੱਢੀ ਜਾਊ। ਆਪ ਡੱਕਾ ਤੋੜ ਕੇ ਦੂਹਰਾ ਨੀ ਕਰਨਾ"।[1] ਜ਼ਮੀਨ ਬੈਅ ਹੋ ਗਈ ਤਾਂ ਦੇਸੂ ਵਿਹਲਾ ਹੋ ਗਿਆ। ਘਰ ਦਾ ਗੁਜ਼ਾਰਾ ਕਰਨਾ ਔਖਾ ਹੋ ਗਿਆ ਫਿਰ ਉਹ ਸ਼ਹਿਰ ਦਿਹਾੜੀ ਕਰਨ ਜਾਂਦਾ ਹੈ।

ਇਸ ਪ੍ਰਕਾਰ ਇਸ ਨਾਵਲ ਵਿੱਚ ਦਿਖਾਇਆ ਗਿਆ ਹੈ ਕਿ ਬਲਦੇਵ ਸਿੰਘ ਨੇ ਅਜੋਕੇ ਸਮੇਂ ਵਿੱਚ ਕਿਸਾਨੀ ਨੂੰ ਦਰਪੇਸ਼ ਆਰਥਕ, ਸਮਾਜਕ ਤੇ ਆਰਥਕ ਮਸਲਿਆਂ ਦਾ ਵਰਨਣ ਬੜੇ ਹੀ ਯਥਾਰਥਮਈ ਢੰਗ ਨਾਲ ਕੀਤਾ ਹੈ। ਨਵੀਆਂ ਪ੍ਰਸਥਿਤੀਆਂ ਅਧੀਨ ਕਿਸਾਨੀ ਦਾ ਕੰਗਾਲੀਕਰਨ ਹੋ ਰਿਹਾ ਹੈ। ਸਮਾਜਕ ਤੌਰ 'ਤੇ ਘਰ ਟੁੱਟ ਰਹੇ ਹਨ। ਨਵੇਂ ਖਪਤ ਸਭਿਆਚਾਰ ਕਾਰਨ ਪੁਰਾਣੀਆਂ ਸਦਾਚਾਰਕ ਕੀਮਤਾਂ ਟੁੱਟ ਰਹੀਆਂ ਹਨ। ਕੰਗਾਲੀਕਰਨ ਦੇ ਸਿੱਟੇ ਵਜੋਂ ਕਿਸਾਨੀ ਅੱਤਵਾਦ ਵਰਗੇ ਜੁਰਮਾਂ ਵੱਲ ਵਧ ਰਹੀ ਹੈ। ਉਨ੍ਹਾਂ ਵਿੱਚ ਪੁਰਾਣੀ ਜਗੀਰੂ ਅਣਖ ਖ਼ਤਮ ਹੋ ਰਹੀ ਹੈ।ਇਸਤਰੀਆਂ ਨੰਗੇ ਚਿੱਟੇ ਰੂਪ ਵਿੱਚ ਸਰੀਰ ਵੇਚਣ ਲਈ ਮਜਬੂਰ ਹੋ ਰਹੀਆਂ ਹਨ। ਨਵੀਂ ਪੀੜ੍ਹੀ ਪੁਰਾਣੀਆਂ ਸਦਾਚਾਰਕ ਕੀਮਤਾਂ ਦਾ ਤਿਆਗ ਕਰਕੇ ਨਵੀਆਂ ਸਦਾਚਾਰਕ ਕੀਮਤਾਂ ਅਪਣਾ ਰਹੀ ਹੈ। ਭੂਪੀ ਘਰੋਂ ਭੱਜ ਜਾਂਦੀ ਹੈ। ਸਰਦੂਰ ਦੀ ਧੀ ਮੀਤੋ ਪੀ.ਸੀ.ਓ. 'ਤੇ ਜਾਣ ਦੇ ਬਹਾਨੇ ਦੇਹ ਵਪਾਰ ਕਰਦੀ ਹੈ। ਗੁਰਾ ਨੱਚਣ-ਗਾਉਣ ਵਾਲਿਆਂ ਨਾਲ ਵਲ ਜਾਂਦਾ ਹੈ। ਉਹ ਇਸੇ ਕੰਮ ਨੂੰ ਆਪਣਾ ਪੇਸ਼ਾ ਬਣਾ ਲੈਂਦਾ ਹੈ। ਭਗਤੂ ਸਾਧ ਬਣ ਜਾਂਦਾ ਹੈ ਤੇ ਮਾਘੀ ਵਰਗੇ ਤੇ ਹੋਰ ਵਿਹਲੜਾਂ ਨੂੰ ਆਪਣੇ ਦੁਆਲੇ ਇਕੱਠੇ ਕਰ ਲੈਂਦਾ ਹੈ। ਆਰਥਕ ਸੰਕਟ ਦੇ ਮਾਰੇ ਲੋਕ ਸਮਾਜਕ ਤੇ ਮਾਨਸਿਕ ਸੰਕਟ ਦਾ ਸ਼ਿਕਾਰ ਹੋ ਜਾਂਦੇ ਹਨ।ਉਹ ਸਾਧਾਂ ਕੋਲ ਤੇ ਡੇਰਿਆਂ ਵਿੱਚ ਜਾ ਕੇ ਆਪਣੇ ਦਾ ਹੱਲ ਲੱਭਦੇ ਹਨ, ਉਲਟਾ ਹੋਰ ਸੰਕਟ ਗ੍ਰਸਤ ਹੋ ਕੇ ਆਉਂਦੇ ਹਨ। ਕਿਸਾਨ ਜਥੇਬੰਦੀਆਂ ਤੇ ਹੋਰ ਲੋਕ ਪੱਖੀ ਧਿਰਾਂ ਕੁਝ ਯਤਨ ਕਰਦੀਆਂ ਹਨ ਪਰ ਚੇਤਨਾ ਹੀਣ ਜਨ ਸਮੂਹ ਦੇ ਸਾਹਮਣੇ ਉਨ੍ਹਾਂ ਹੀ ਕੋਈ ਪੇਸ਼ ਨਹੀਂ ਜਾਂਦੀ। ਸਰਮਾਏਦਾਰੀ ਸਭਿਆਚਾਰ ਦੇ ਹੜ੍ਹ ਦੇ ਸਾਹਮਣੇ ਉਹ ਕੇਵਲ ਤਿਣਕੇ ਸਾਬਤ ਹੁੰਦੀਆਂ ਹਨ। ਕਿਸਾਨ ਹਰ ਪਾਸਿਓਂ ਪਈਆਂ ਮਾਰਾਂ ਕਾਰਨ ਭੁੱਖਾ ਮਰਨ ਜਾਂ ਖੁਦਕੁਸ਼ੀਆਂ ਕਰਨ ਦੇ ਰਾਹ ਪੈ ਰਿਹਾ ਹੈ।

ਬਲਦੇਵ ਸਿੰਘ ਦੇ ਨਾਵਲ 'ਅੰਨਦਾਤਾ' ਦਾ ਅੰਤਲਾ ਵਾਕ ਹੈ: 'ਤ੍ਰਕਾਲਾਂ ਢਲ ਆਈਆਂ ਹਨ। ਅੱਗੇ ਹੋਰ ਵੀ ਹਨੇਰੀ ਰਾਤ ਸਿਰ 'ਤੇ ਖੜ੍ਹੀ ਹੈ'।[2] ਇਹ 'ਹਨੇਰੀ ਰਾਤ' ਚੱਕ ਬੂੜ ਸਿੰਘ ਵਾਲਾ ਦੇ ਕਿਸੇ ਸਮੇਂ 'ਕਹਿੰਦੇ ਕਹਾਉਂਦੇ' ਜੱਟ ਵਿਸਾਖਾ ਸਿੰਘ ਦੇ ਸਿਰ 'ਤੇ ਖੜ੍ਹੀ ਹੈ। ਉਸ ਪੰਜਾਬ ਦੇ ਕਿਸਾਨਾ ਦੇ ਸਿਰ ਖੜ੍ਹੀ ਹੈ ਜਿਸਦੇ ਅੰਨਦਾਤਿਆਂ ਦੀ ਕਰੜੀ ਮੁਸ਼ੱਕਤ ਨਾਲ ਪੈਦਾ ਕੀਤੀ ਫ਼ਸਲ ਮੰਡੀਆਂ ਵਿੱਚ ਰੁਲਦੀ ਹੈ, ਜਿਸ ਦੇ ਕਮਾਊ ਪੁੱਤ ਵਸੀਲਿਆਂ ਦੀ ਘਾਟ ਕਾਰਨ ਕਦੀ ਬਿਗਾਨੇ ਦੇਸਾਂ ਵਿੱਚ ਧੱਕੇ ਖਾਣ ਤੇ ਕਦੀ ਸ਼ਹਿਰਾਂ ਦੇ ਲੇਬਰ ਚੌਕਾਂ ਵਿੱਚ ਆਪਣੇ ਆਪ ਨੂੰ ਆਪਣੀ ਜਿਨਸ ਵਾਂਗ ਹੀ ਵਿਕਣ/ਰੋਲ਼ਣ ਲਈ ਮਜ਼ਬੂਰ ਹਨ। ਕਦੀ ਉਹ ਖਾੜਕੂ ਤੇ ਕਦੀ ਭਗਵੇਂ ਬਾਣੇ ਪਾ ਕੇ ਆਪਣੇ ਹੀ ਪਿਓਆਂ ਭਰਾਵਾਂ ਨੂੰ ਲੁੱਟਦੇ ਹਨ ਤੇ ਕਦੀ ਨਚਾਰ ਬਣ ਨੱਚਦੇ ਹਨ। ਇਸ ਅੰਨਦਾਤੇ ਦੀਆਂ ਧੀਆਂ ਮਾਪਿਆਂ ਦੀ ਦਾਜ ਨਾ ਦੇ ਸਕਣ ਦੀ ਸਮਰੱਥਾ ਖੁਣੋਂ ਵਿਆਹ ਯੋਗ ਉਮਰ ਲੰਘਦੀ ਵੇਖ ਜਾਂ ਆਪ ਹੀ ਉਧਲ ਰਹੀਆਂ ਹਨ ਤੇ ਜਾਂ ਉਣਾਂ ਥੁੜਾਂ ਦੀਆਂ ਮਾਰੀਆਂ ਸ਼ਹਿਰਾਂ ਵਿੱਚ ਚੱਲੇ ਨਵੇਂ-ਨਵੇਂ ਧੰਦਿਆਂ ਦੀ ਆੜ ਵਿੱਚ 'ਧੰਦਾ' ਕਰ ਰਹੀਆਂ ਹਨ, ਦੇਹ ਨੂੰ ਵੇਚਣ ਦਾ। ਇਸ ਹਨੇਰੀ ਰਾਤ ਵਿੱਚ ਨਾ ਤਾਂ ਕੋਈ ਚਾਨਣ ਦੀ ਲੀਕ ਦਿਸਦੀ ਹੈ ਤੇ ਨਾ ਹੀ ਰਾਤ ਤੋਂ ਬਾਅਦ ਕਿਸੇ ਸਵੇਰੇ ਦੀ ਆਸ ਨਜ਼ਰ ਆਉਂਦੀ ਹੈ ਕਿਉਂਕਿ ਸਾਰਾ ਪੰਜਾਬ ਇਕ ਮੰਡੀ ਬਣਿਆ ਪਿਆ ਹੈ, ਜਿਸ ਵਿੱਚਵਿੱਚ ਡੰਗਰਾਂ ਤੋਂ ਲੈ ਕੇ ਟਰੈਕਟਰਾਂ ਤਕ ਤੇ ਬੰਦਿਆਂ ਤੋਂ ਲੈ ਕੇ ਜ਼ਮੀਨ ਤਕ ਸਭ ਕੁਝ ਵਿਕਾਊ ਹੈ। ਇਸਦੀ ਜੜ੍ਹ ਵਿੱਚ ਉਹ ਆਰਥਕ ਮੰਦਹਾਲੀ ਹੈ ਜੋ ਮੁੱਖ ਰੂਪ ਵਿੱਚ ਸਮੁੱਚੇ ਮੁਲਕ ਦੀ ਬਦਇੰਤਜ਼ਾਮੀ ਦਾ ਸਿੱਟਾ ਹੈ ਤੇ ਇਸ ਮੰਦਹਾਲੀ ਵਿੱਚੋਂ ਜਿਹੜੀਆਂ ਧਿਰਾਂ ਮਾੜਾ ਮੋਟਾ ਉਭਰਨ ਦਾ ਉਪਰਾਲਾ ਕਰਦੀਆਂ ਹਨ, ਉਨ੍ਹਾਂ ਨੂੰ ਉਹ ਸਾਰੇ ਅਣਮਨੁੱਖੀ, ਅਨੈਤਿਕ ਤੇ ਬੇਗ਼ੈਰਤ ਹੀਲੇ ਵਰਤਣੇ ਪੈਂਦੇ ਹਨ, ਜੋ ਕਿਸੇ ਵੀ ਮਨੁੱਖੀ ਸਮਾਜ ਲਈ ਲਾਹਨਤ ਮੰਨੇ ਜਾ ਸਕਦੇ ਹਨ ਤੇ ਜਿਹੜੇ ਇਸ ਬੇਗ਼ੈਰਤ ਜ਼ਿੰਦਗੀ ਤੋਂ ਇਨਕਾਰੀ ਹਨ, ਉਨ੍ਹਾਂ ਕੋਲ ਇਕੋ ਰਾਹ ਹੈ-ਜੀਵਨ ਅੰਤ ਵਜ਼ੀਰ ਸਿੰਘ ਵਾਂਗ ਕੀੜੇਮਾਰ ਦਵਾਈ ਪੀ ਕੇ ਜੀਵਨ ਲੀਲ੍ਹਾ ਦਾ ਅੰਤ ਜਾਂ ਗਿਆਨ ਕੌਰ ਵਾਂਗ (ਵਜ਼ੀਰ ਦੀ ਪਤਨੀ) ਮਾਨਸਕ ਸੰਤੁਲਨ ਗੁਆ ਕੇ ਮੌਤ ਤੋਂ ਵੀ ਬਦਤਰ ਜੀਵਨ।

ਕਿਸਾਨੀ ਦੀ ਇਸ ਸੰਕਟਮਈ ਸਥਿਤੀ ਦਾ ਪ੍ਰਭਾਵ ਸਿੱਧਾ ਉਸ ਦੀ ਆਰਥਕਤਾ 'ਤੇ ਪੈਂਦਾ ਹੈ। ਪੀੜ੍ਹੀ ਦਰ ਪੀੜ੍ਹੀ ਵੰਡੀ ਜਾਂਦੀ ਜ਼ਮੀਨ ਘਟਦੀ-ਘਟਦੀ ਨਾਂਹ ਦੇ ਬਰਾਬਰ ਹੋ ਜਾਂਦੀ ਹੈ ਤੇ ਕੇਵਲ ਖੇਤੀ 'ਤੇ ਗੁਜ਼ਾਰਾ ਕਰਨ ਵਾਲੀ ਕਿਸਾਨ ਤਬਕੇ ਦੀ ਚੌਥੀ ਪੰਜਵੀਂ ਪੀੜ੍ਹੀ ਵੀ ਤ੍ਰਾਸਦੀ ਭੋਗਦੀ ਹੈ। ਵਾਹੀਯੋਗ ਜ਼ਮੀਨ ਦਾ ਘਟਣਾ ਆਪਣੇ ਆਪ ਵਿੱਚ ਘੋਰ ਸੰਕਟ ਦੀ ਸਥਿਤੀ ਹੈ ਜਿਸ ਵਿੱਚੋਂ ਪੰਜਾਬ ਦੀ ਨਿਮਨ ਕਿਸਾਨੀ ਐਸ ਵੇਲੇ ਲੰਘ ਰਹੀ ਹੈ। ਨਾਵਲ ਅੰਨਦਾਤਾ ਦਾ ਲੇਖਕ ਕਿਸਾਨੀ ਦੀ ਇਸ ਇਤਿਹਾਸਕ ਹੋਣੀ ਵਲ ਸੰਕੇਤ ਤੇਰ੍ਹਵੇਂ ਕਾਂਡ ਵਿੱਚ ਕਰਦਾ ਹੈ।'ਚੱਕ ਬੂੜ ਸਿੰਘ ਵਾਲਾ' ਪਿੰਡ ਦਾ ਨਾਂ ਵਿਸਾਖਾ ਸਿੰਘ ਦੇ ਦਾਦੇ ਬੂੜ ਸਿੰਘ ਦੇ ਨਾਂ 'ਤੇ ਪਿਆ ਸੀ ਕਿਉਂਕਿ ਉਹ ਅੱਸੀ ਕਿੱਲਿਆਂ ਦੀ ਢੇਰੀ ਦਾ ਇਕੱਲਾ ਮਾਲਕ ਸੀ। ਇਹ ਜ਼ਮੀਨ ਵਿਸਾਖਾ ਸਿੰਘ ਤੱਕ ਆਉਂਦਿਆਂ 15 ਕਿੱਲੇ ਤੇ ਫਿਰ ਉਸ ਦੇ ਦੋ ਪੁੱਤਰਾਂ ਵਜ਼ੀਰ ਸਿੰਘ ਤੇ ਸਰਦੂਲ ਸਿੰਘ ਵਿੱਚ ਸਾਢੇ ਸੱਤ-ਸੱਤ ਕਿੱਲਿਆਂ ਵਿੱਚ ਵੰਡੀ ਗਈ। ਇਸ ਸਮੇਂ ਇਹ ਸਾਢੇ ਸੱਤ ਕਿੱਲੇ ਵਜ਼ੀਰ ਸਿੰਘ ਕੋਲ ਹਨ।

ਨਾਵਲ ਦਾ ਕੇਂਦਰ ਪਿੰਡ ਚੱਕ ਬੂੜ ਸਿੰਘ ਵਾਲਾ ਦੇ ਇਸੇ ਜੱਟ ਵਜ਼ੀਰ ਸਿੰਘ ਦੇ ਪਰਿਵਾਰ ਦੀ ਕਹਾਣੀ ਹੈ, ਜਿਸ ਦੇ ਤਿੰਨ ਮੁੰਡੇ (ਭਗਤੂ, ਰਾਜਪਾਲ, ਗੁਰਾ) ਅਤੇ ਇਕ ਕੁੜੀ (ਭੁਪਿੰਦਰ ਕੌਰ) ਹੈ। ਵਜ਼ੀਰ ਦਾ ਪਿਉ ਵਸਾਖਾ ਸਿੰਘ ਅਜੇ ਜਿਉਂਦਾ ਹੈ ਤੇ ਵਜ਼ੀਰ ਸਿੰਘ ਦੇ ਹਿੱਸੇ ਆਏ ਸਾਢੇ ਸੱਤ ਕਿੱਲਿਆਂ ਵਿੱਚੋਂ ਦੋ ਕਿੱਲੇ ਬੈਅ ਹੋ ਗਏ ਹਨ, ਰਹਿੰਦੀ ਜ਼ਮੀਨ ਘਰ ਦੇ ਖਰਚ ਪਾਣੀ ਲਈ ਨਾਕਾਫ਼ੀ ਹੈ। ਮਿਹਨਤ ਨਾਲ ਉਗਾਈ ਫ਼ਸਲ (ਝੋਨਾ) ਮੰਡੀਆਂ ਵਿੱਚ ਰੁਲ ਰਿਹਾ ਹੈ ਤੇ ਜਦੋਂ ਵਿਕਦਾ ਹੈ ਤਾਂ ਆੜ੍ਹਤੀ ਦਾ ਕਰਜ਼ਾ ਵੀ ਪੂਰਾ ਵੀ ਨਹੀਂ ਹੁੰਦਾ। ਮੰਡੀ ਅਰਥਾਚਾਰੇ ਨੇ ਪੂਰੇ ਸਿਸਟਮ ਨੂੰ ਜੂਏ ਦੇ ਅੱਡੇ ਵਿੱਚ ਬਦਲ ਦਿੱਤਾ ਹੈ। ਵਜ਼ੀਰ ਸਿੰਘ ਦੇ ਸ਼ਬਦਾਂ ਵਿੱਚ:-

> "ਸਹੁਰੀ ਸਰਕਾਰ ਨੇ ਫ਼ਸਲਾਂ ਵੀ ਹੁਣ ਜੂਆ ਈ ਬਣਾਤੀਆਂ।ਸੁੱਖੀ ਸਾਂਦੀ ਵੇਚ ਵੱਟ ਲਈ ਤਾਂ ਬਾਜ਼ੀ ਜਿਤਗੇ।ਜੇ ਏਥੇ ਮੰਡੀਆਂ 'ਚ ਰੁਲਗੀ ਤਾਂ ਖੇਡ ਗਈ"।[3]

ਕਿਸਾਨ ਵਿੱਚ ਜੁਆਨ ਧੀਆਂ ਨੂੰ ਵਿਆਹੁਣ ਦੀ ਸਮਰੱਥਾ ਨਹੀਂ ਕਿਉਂਕਿ ਮੁੰਡਿਆਂ ਵਾਲੇ ਟੀ.ਵੀ., ਫਰਿਜ, ਸਕੂਟਰ ਮੰਗਦੇ ਹਨ। ਵਿਆਹ ਦੀ ਉਮਰ ਲੰਘਦੀ ਵੇਖ ਕੇ ਕੁੜੀ (ਭੂਪੀ) ਆਪੇ ਉੱਧਲ ਜਾਂਦੀ ਹੈ। ਵੱਡਾ ਪੁੱਤਰ ਭਗਤੂ ਪਹਿਲਾਂ ਖਾੜਕੂ ਬਣਕੇ ਪਿੰਡ ਦੇ ਦੋ ਹੋਰ ਮੁੰਡਿਆਂ ਨੂੰ ਨਾਲ ਲਾ ਕੇ ਲੁੱਟਾਂ ਖੋਹਾਂ ਕਰਦਾ ਹੈ ਤੇ ਫੇਰ ਉਪਰੰਤ ਇਕ ਮੁੰਡੇ ਦਾ ਬਾਪ ਹੋਣ 'ਤੇ ਵੀ ਕੋਈ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ। ਵਿਚਕਾਰਲਾ ਮੁੰਡਾ ਰਾਜਪਾਲ ਬੀ.ਏ. ਕਰਕੇ ਵਿਹਲਾ ਹੈ ਛੋਟਾ (ਗੁਰਾ) ਭਗਤੂ ਵਾਂਗ ਹੀ ਨਿਖੱਟੂ ਹੈ। ਭਗਤੂ ਦੇ ਖਾੜਕੂ ਬਣਨ 'ਤੇ ਉਸ ਦੇ ਦਾਦੇ ਵਿਸਾਖਾ ਸਿੰਘ ਦਾ ਸਹਿਜ ਪ੍ਰਤੀਕਰਮ ਹੈ:-

> "ਚਿੱਟੇ ਪਾ ਲੇ ਕਪੜੇ, ਬੰਨ੍ਹ ਲੀ ਕੇਸਰੀ ਪੱਗ।ਉਤੋਂ ਦੀ ਪਾ ਲਿਆ ਗਾਤਰਾ।ਰਾਤ ਨੂੰ ਰੱਜ ਕੇ ਦਾਰੂ ਨਾਲ ਕਰਨੀਆਂ ਲੁੱਟਾਂ ਖੋਹਾਂ....ਢੇਕੇ ਪੰਥ ਦੇ"।[4]

ਭਗਤੂ ਕੁਝ ਲੁੱਟਾਂ ਖੋਹਾਂ ਕਰਕੇ ਪੁਲਿਸ ਦੀ ਨਜ਼ਰੇ ਚੜ੍ਹ ਜਾਂਦਾ ਹੈ ਤੇ ਫਿਰ ਕਿਸੇ ਏਜੰਟ ਰਾਹੀਂ ਬਾਹਰ ਚਲਾ ਜਾਂਦਾ ਹੈ। ਰਾਜਪਾਲ ਨੌਕਰੀ ਨਾ ਮਿਲਣ ਕਰਕੇ ਖੇਤੀ ਕਰਨ ਲੱਗ ਪੈਂਦਾ ਹੈ ਤੇ ਕਿਸਾਨ ਯੂਨੀਅਨ ਵਿੱਚ ਸਰਗਰਮ ਹੈ। ਤਿੰਨ ਚਾਰ ਵਰ੍ਹਿਆਂ ਮਗਰੋਂ ਭਗਤੂ ਬਾਹਰੋਂ ਧੱਕੇ ਧੁੱਕੇ ਖਾ ਕੇ ਵਾਪਸ ਆ ਕੇ ਕਿਸੇ ਸਾਧ ਦੀ ਸੰਗਤ ਵਿੱਚ ਪੈ ਕੇ ਸਾਧ ਬਣ ਜਾਂਦਾ ਹੈ ਤੇ ਪਿੰਡ ਦੇ ਵਡੇਰੇ ਬੂੜ ਸਿੰਘ ਦੀ ਸਮਾਧ ਤੇ ਜਾ ਡੇਰਾ ਲਾਉਂਦਾ ਹੈ। ਪਿੰਡ ਦੇ ਅਨਪੜ੍ਹ ਤੇ ਊਣਾਂ-ਥੁੜਾਂ ਦੇ ਮਾਰੇ ਲੋਕ ਉਸ ਦੇ ਮਗਰ ਹੋ ਲੈਂਦੇ ਹਨ ਤੇ ਉਹ ਆਪਣੇ ਪਿਉ ਦੀ ਜ਼ਮੀਨ ਵਿੱਚੋਂ ਦੋ ਕਿੱਲੇ ਸਮਾਧ 'ਤੇ ਆਰਾਮ-ਘਰ ਉਸਾਰਨ ਲਈ ਵਗਲ ਲੈਂਦਾ ਹੈ। ਗੁਰਾ ਅੱਡ ਆਪਣੇ ਹਿੱਸੇ ਦੀ ਜ਼ਮੀਨ ਵੰਡਾਉਣ ਲਈ ਜ਼ੋਰ ਪਾ ਰਿਹਾ ਹੈ ਕਿਉਂਕਿ ਉਹ ਕਿਸੇ 'ਮਿਊਜ਼ੀਕਲ ਗਰੁੱਪ' ਵਿੱਚ ਸ਼ਾਮਲ ਹੋ ਗਿਆ ਹੈ ਤੇ ਹੁਣ ਜ਼ਮੀਨ ਵੇਚ ਕੇ ਆਪਣੀ ਕੈਸੇਟ ਕੱਢਣੀ ਚਾਹੁੰਦਾ ਹੈ। ਵਜ਼ੀਰ ਸਿੰਘ ਇਸ ਕਲੇਸ਼ ਦਾ ਮਾਰਿਆ ਕੀੜੇ ਮਾਰ ਦਵਾਈ ਪੀ ਕੇ ਆਤਮ-ਹੱਤਿਆ ਕਰ ਲੈਂਦਾ ਹੈ। ਉਸ ਦੀ ਮੌਤ ਮਗਰੋਂ ਗੁਰਾ ਆਪਣੇ ਹਿੱਸੇ ਆਉਂਦੀ ਜ਼ਮੀਨ ਵੇਚ ਦਿੰਦਾ ਹੈ। ਰਾਜਪਾਲ ਨੂੰ ਬਾਅਦ ਵਿੱਚ ਪਤਾ ਲਗਦਾ ਹੈ ਕਿ ਵਜ਼ੀਰ ਸਿੰਘ ਨੇ ਇਕ ਕਿੱਲਾ ਹੋਰ ਪਿੰਡ ਦੇ ਸਰਪੰਚ ਦੇ ਛੋਟੇ ਭਰਾ ਸ਼ੇਰੇ ਕੋਲ ਗਹਿਣੇ ਧਰਿਆ ਹੋਇਆ ਹੈ। ਰਾਜਪਾਲ ਦੇ ਹਿੱਸੇ ਸਿਰਫ਼

ਚਾਰ ਕਨਾਲ ਜ਼ਮੀਨ ਰਹਿ ਜਾਂਦੀ ਹੈ, ਜਿਸ ਵਿੱਚ ਹੁਣ ਭਈਏ ਸਬਜ਼ੀਆਂ ਲਾ ਰਹੇ ਹਨ। ਇਸ ਜ਼ਮੀਨ ਦੇ ਆਸਰੇ ਉਸ ਨੇ ਭਗਤੂ ਦੀ ਪਤਨੀ ਤੇ ਮੁੰਡਾ, ਜੋ ਉਸ ਦੇ ਸਿਰ ਧਰ ਦਿੱਤੇ ਗਏ ਹਨ, ਨੂੰ ਪਾਲਣਾ ਹੈ ਕਿਉਂਕਿ ਭਗਤੂ ਨੇ ਉਨ੍ਹਾਂ ਨੂੰ ਲਿਆਉਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਮਾਨਸਕ ਤਵਾਜ਼ਨ ਗੁਆ ਚੁੱਕੀ ਮਾਂ ਤੇ ਬੁੱਢੇ ਦਾਦੇ ਵਸਾਖਾ ਸਿੰਘ ਦੀ ਦੇਖਭਾਲ ਕਰਨੀ ਹੈ।

ਅਜਿਹੀ ਸਥਿਤੀ ਕੇਵਲ ਇਕ ਪਰਿਵਾਰ ਦੀ ਹੀ ਨਹੀਂ, ਪਿੰਡ ਦੇ ਕਈ ਪਰਿਵਾਰ ਦੀ ਹੈ ਜਿਵੇਂ ਦੇਸੂ, ਘੁਕਰ, ਤੋਤੀ ਆਦਿ। ਗਿੱਲਾਂ ਦਾ ਦੇਸੂ ਸ਼ਹਿਰ ਦਿਹਾੜੀਆਂ ਕਰਨ ਜਾਂਦਾ ਹੈ।

> "ਇਹਨੂੰ ਗਿੱਲ ਸਾਹਬ ਨੂੰ ਹੋਰ ਕਿਸੇ ਕੰਮ ਲਾ ਦੇ ਬਾਊ ਜੀ।ਮੈਂ ਭਈਆਂ ਨਾਲ ਸਾਰ ਲਊਂਗਾ'।ਮਿਸਤਰੀ ਨੇ ਤੇਸੀ ਨਾਲ ਇੱਟ ਭੰਨਦਿਆਂ ਕਿਹਾ।
> ਨਈਂ ਯਾਰ, ਇਹ ਐਵੇਂ ਆਕੜੀ ਜਾਂਦੈ।ਸੱਕ-ਲਾਹ ਜਾਤ।ਐਂ ਤਾਂ ਤੂੰ ਮੈਨੂੰ ਥੱਲੇ ਲਾ ਲੇਂਗਾ?' ਦੇਸੂ ਮਿਸਤਰੀ ਵਲ ਕੌੜਾ ਝਾਕਿਆ।ਫਿਰ ਹੇਠਾਂ ਉਤਰ ਆਇਆ।[5]

ਘੁੱਕਰ ਦਾ ਪਿਉ ਜਗਤੋ ਭੁੱਖ ਦੇ ਦੁੱਖੋਂ ਖੂਹ ਵਿੱਚ ਡੁੱਬ ਕੇ ਮਰ ਗਿਆ ਸੀ ਤੇ ਘੁੱਕਰ ਅੰਨ ਪਾਣੀ ਚਲਦਾ ਰੱਖਣ ਲਈ ਨਚਾਰਾਂ ਦੇ ਇਕ ਟੋਲੇ ਨਾਲ ਰਲ਼ ਗਿਆ, ਜਿਸ ਨੂੰ ਮਗਰੋਂ ਪਿੰਡ ਦੀ ਪੰਚਾਇਤ ਨੇ ਆਪਣੀ ਹੱਤਕ ਮੰਨ ਕੇ ਮੋੜ ਲਿਆਂਦਾ। ਹੁਣ ਉਹੀ ਘੁੱਕਰ ਬਾਬੇ ਭਗਤੂ ਦਾ ਚੇਲਾ ਹੈ ਤੇ ਉਸ ਲਈ ਗ਼ਜਾ ਕਰਕੇ ਲਿਆਉਂਦਾ ਹੈ ਪਰ ਸਰਪੰਚ ਤੇ ਉਸਦਾ ਬਲੈਕੀਆ ਭਰਾ ਸ਼ੇਰਾ ਤੇ ਵਜ਼ੀਰ ਸਿੰਘ ਦਾ ਭਰਾ ਸਰਦੂਲ (ਜਿਸ ਦੀ ਇਕੋ ਇਕ ਕੁੜੀ ਮੀਤੋ ਸ਼ਹਿਰ ਪੀ.ਸੀ.ਓ 'ਤੇ ਕੰਮ ਕਰਦੀ ਹੈ ਤੇ ਨਾਲ ਦੇਹ ਵਪਾਰ ਦਾ ਧੰਦਾ ਵੀ) ਆਰਥਕ ਪੱਖੋਂ ਤਕੜੇ ਹਨ ਪਰ ਪਿੰਡ ਦੇ ਲੋਕ ਉਨ੍ਹਾਂ ਨੂੰ ਬਹੁਤਾ ਪਸੰਦ ਨਹੀਂ ਕਰਦੇ ਤੇ ਨਾ ਹੀ ਉਨ੍ਹਾਂ ਨੂੰ ਪਿੰਡ ਦੀ ਪਰਵਾਹ ਹੈ।

ਪੰਜਾਬ ਦੇ ਕਿਸਾਨੀ ਸੰਕਟ ਦੇ ਉਪਜਣ ਦੇ ਪ੍ਰਮੁੱਖ ਕਾਰਨਾਂ ਵਿਚ ਪੂੰਜੀਵਾਦ ਦਾ ਅਹਿਮ ਰੋਲ ਹੈ। ਪੂੰਜੀਵਾਦ ਨੇ ਆਪਣੇ ਹਿੱਤਾਂ ਦੀ ਸੁਰੱਖਿਆ ਲਈ ਹਰੇ ਇਨਕਲਾਬ ਦਾ ਮਾਡਲ (ਨਵੇਂ ਬੀਜ, ਰਸਾਇਣਕ ਕੀੜੇਮਾਰ ਦਵਾਈਆਂ ਅਤੇ ਮਸ਼ੀਨਰੀ ਉਪਕਰਨ ਆਦਿ) ਬੜੀ ਚਲਾਕੀ ਨਾਲ ਪੱਛੜੇ, ਗਰੀਬ ਅਤੇ ਤੀਜੀ ਦੁਨੀਆਂ ਦੇ ਮੁਲਕਾਂ ਉੱਪਰ ਥੋਪਿਆ ਹੈ। ਭਾਰਤ ਅਤੇ ਖ਼ਾਸਕਰ ਪੰਜਾਬ ਨੂੰ ਵੀ ਇਹ ਮਾਡਲ ਅਪਨਾਉਣ ਲਈ ਮਜ਼ਬੂਰ ਕਰ ਦਿੱਤਾ ਗਿਆ ਸੀ ਜਦ ਕਿ ਜ਼ਮੀਨੀ ਹਕੀਕਤਾਂ ਇਸ ਦੇ ਅਨੁਕੂਲ ਨਹੀਂ ਸਨ। ਪੰਜ਼ੀਵਾਦ ਦੀ ਇਸ ਪਿੱਛੇ ਕਾਰਜਸ਼ੀਲ ਅਕਾਂਖਿਆ ਇਹ ਸੀ ਕਿ ਇਕ ਤਾਂ ਨਵੀਨਤਮ ਬੀਜਾਂ, ਰਸਾਇਣਕ ਖਾਦਾਂ, ਰਸਾਇਣਕ ਕੀੜੇਮਾਰ ਦਵਾਈਆਂ ਅਤੇ ਮਸ਼ੀਨਰੀ ਉਪਕਰਨਾਂ ਦੀ ਪਰਖ ਕੀਤੀ ਜਾ ਸਕੇਗੀ, ਦੂਜਾ ਇਸ ਰਾਹੀਂ ਅੰਨ੍ਹਾ ਮੁਨਾਫ਼ਾ ਵੀ ਕਮਾਇਆ ਜਾ ਸਕੇਗਾ। ਪੰਜਾਬ ਦੀ ਜ਼ਮੀਨ ਜ਼ਰਖੇਜ਼ ਸੀ, ਅਥਾਹ ਪਾਣੀ ਦੇ ਭੰਡਾਰ ਸਨ ਅਤੇ ਜਲਵਾਯੂ ਅਨੁਕੂਲ ਸੀ। ਫਲਸਰਪੂ, ਪੰਜਾਬ ਵਿੱਚ ਕੁਝ ਸਾਲਾਂ ਦੇ ਅੰਤਰਾਲ ਵਿੱਚ ਹੀ ਹਰਾ ਇਨਕਲਾਬ ਆ ਗਿਆਪਰ ਪੰਦਰਾਂ-ਵੀਹ ਕੁ ਸਾਲਾਂ ਵਿੱਚ ਹੀ ਇਹ ਇਨਕਲਾਬ ਸੰਕਟ ਵਿੱਚ ਰੂਪਾਂਤਰਿਤ ਹੋ ਜਾਂਦਾ ਹੈ।

ਭਾਵ ਮੌਜੂਦਾ ਗੰਭੀਰ ਕਿਸਾਨੀ ਸੰਕਟ 'ਹਰੇ ਇਨਕਲਾਬ' ਦੇ ਪੂੰਜੀਵਾਦੀ ਖੇਤੀ ਮਾਡਲ 'ਚੋਂ ਹੀ ਵਗਸਿਆ ਹੈ। ਇਸ ਪ੍ਰਮੁੱਖ ਕਾਰਨ ਨਾਲ ਹੀ ਇਕ ਸਹਾਇਕ ਕਾਰਨ ਇਹ ਵੀ ਜੁੜਿਆ ਹੋਇਆ ਹੈ ਕਿ ਪੰਜਾਬ ਇਕ ਛੋਟੀ (ਬਹੁਤੀ ਕਿਸਾਨ-ਲਗਭਗ 60%- ਦੋ ਏਕੜ ਦੀ ਮਾਲਕ ਹੈ) ਅਤੇ ਦਰਮਿਆਨੀ ਕਿਸਾਨੀ ਦਾ ਖੇਤਰ ਹੈ। ਪੰਜਾਬ 'ਚ ਅੰਨ੍ਹੇਵਾਹ ਮਸ਼ੀਨੀਕਰਨ ਦੀ ਥਾਂ ਸੀਮਿਤ ਮਸ਼ੀਨੀਕਰਨ ਦੀ ਲੋੜ ਸੀ। ਬੇਲੋੜੇ ਮਸ਼ੀਨੀਕਰਨ ਨਾਲ ਪੰਜਾਬ ਦੀ ਕਿਸਾਨੀ ਦੀ ਹਾਲਤ ਬੇਹਤਰ ਹੋਣ ਦੀ ਬਜਾਏ ਬਦਤਰ ਹੋਈ ਹੈ। ਬੇਲੋੜੇ ਮਸ਼ੀਨੀਕਰਨ ਨਾਲ ਛੋਟੀ ਕਿਸਾਨੀ ਸਿਰ ਅਥਾਹ ਕਰਜ਼ਾ ਚੜ੍ਹਨਾ ਕੁਦਰਤੀ ਸੀ। ਦਰਮਿਆਨੀ ਕਿਸਾਨੀ ਵੀ ਇਸ ਕਰਜ਼-ਜਾਲ ਤੋਂ ਬਚ ਨਾ ਸਕੀ। ਪੰਜਾਬ 'ਚ ਅੰਨ੍ਹੇਵਾਹ ਮਸ਼ੀਨੀਕਰਨ ਦਾ ਕੋਈ ਜ਼ਮੀਨੀ ਆਧਾਰ ਹੀ ਨਹੀਂ ਬਣਦਾ ਸੀ। ਮਹਿੰਗਾਈ ਕਾਰਨ ਫਸਲਾਂ ਉੱਪਰ ਲਾਗਤ/ਖਰਚਿਆਂ 'ਚ ਅਥਾਹ ਵਾਧਾ ਹੋ ਗਿਆ ਹੈ ਪ੍ਰੰਤੂ ਸਮੇਂ ਦੀਆਂ ਸਰਕਾਰਾਂ ਵੱਲੋਂ ਲਾਹੇਵੰਦੀਆਂ ਉਚਿੱਤ ਕੀਮਤਾਂ ਨਹੀਂ ਦਿੱਤੀਆਂ ਜਾਂਦੀਆਂ। ਕੀਮਤਾਂ ਅਤੇ ਖਰਚਿਆਂ ਵਿੱਚਵੱਡੇ ਪਾੜੇ ਅਤੇ ਅਸੰਤੁਲਨ ਕਾਰਨ ਖੇਤੀ ਅਤੇ ਕਿਸਾਨੀ ਉੱਪਰ ਅਤਿ ਮਾੜਾ ਪ੍ਰਭਾਵ ਪਿਆ ਹੈ। ਇਥੇ ਹੀ ਬੱਸ ਨਹੀਂ ਨਵੀਆਂ ਆਰਥਕ ਨੀਤੀਆਂ ਕਾਰਨ ਖਾਦਾਂ, ਕੀੜੇਮਾਰ ਦਵਾਈਆਂ, ਬੀਜ, ਤੇਲ ਅਤੇ ਮਸ਼ੀਨੀ ਉਪਕਰਨ ਪ੍ਰਤੀ ਦਿਨ ਹੋਰ ਮਹਿੰਗੇ ਹੁੰਦੇ ਜਾ ਰਹੇ ਹਨ,ਮੌਜੂਦਾ ਨਵ-ਪੰਜੀਵਾਦ ਵੱਲੋਂ ਪ੍ਰਸਾਰਤ ਵਿਸ਼ਵੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਕਾਰਨ ਕਿਸਾਨੀ ਨੂੰ ਖੇਤੀ ਲਾਗਤਾਂ/ਵਸਤਾਂ ਉੱਪਰ ਪ੍ਰਦਾਨ ਕੀਤੀਆਂ ਜਾਂਦੀਆਂ ਸਬਸਿਡੀਆਂ ਸਮਾਪਤ ਕਰਕੇ ਕਿਸਾਨੀ ਨੂੰ ਪੂਰੀ ਤਰ੍ਹਾਂ ਅਪੰਗ ਕੀਤਾ ਜਾ ਰਿਹਾ ਹੈ।

ਪੂੰਜੀਵਾਦ, ਨਿੱਜੀਕਰਨ ਅਤੇ ਉਦਾਰੀਕਰਨ ਕਾਰਨ ਉਪਜੇ ਇਸ ਸੰਕਟ ਦਾ ਪ੍ਰਭਾਵ ਕਿਸਾਨੀ ਜੀਵਨ ਤੇ ਪੈਣਾ ਸੁਭਾਵਕ ਸੀ ਅਤੇ ਇਸ ਪ੍ਰਭਾਵ ਤੋਂ ਉਪਜੀਆਂ ਪ੍ਰਸਥਿਤੀਆਂ ਅਤੇ ਸਵਾਲ ਐਸੇ ਹਨ ਜਿਨ੍ਹਾਂ ਦਾ ਹੱਲ ਨਾ ਤਾਂ ਸਰਕਾਰਾਂ ਕੋਲ ਹੈ ਨਾ ਸਮਾਜ ਕੋਲ ਹੈ ਅਤੇ ਨਾ ਹੀ ਖੁਦ ਕਿਸਾਨ ਕੋਲ ਹੈ। ਨਾਵਲ 'ਅੰਨਦਾਤਾ' ਵਿੱਚ ਕਿਸਾਨੀ ਦੀ ਆਰਥਕ ਤੰਗੀ, ਕੰਗਾਲੀ ,ਕਰਜ਼ਾ, ਉਸ ਦੇ ਧੀਆਂ-ਪੁੱਤਰਾਂ ਦਾ ਨਿਕੰਮੇ, ਵਿਹਲੜ ਅਤੇ ਬਾਗੀ ਰੁਚੀਆਂ ਦੇ ਧਾਰਕ ਹੋਣਾ, ਇਨ੍ਹਾਂ ਕਾਰਨਾਂ ਕਰਕੇ ਉਸ ਦਾ ਮਾਨਸਿਕ ਪ੍ਰੇਸ਼ਾਨੀਆਂ ਵਿੱਚ ਘਿਰਨਾ ਅਤੇ ਖ਼ੁਦਕੁਸ਼ੀਆਂ ਕਰਨਾ ਆਦਿ ਅਲਾਮਤਾਂ ਅਤੇ ਵਿਗਾੜ ਪੇਸ਼ ਹੋਇਆ ਹੈ। ਕਿਸਾਨੀ ਸਮਾਜ ਨਾਲ ਸੰਬੰਧਤ ਵਿਸਾਖਾ ਸਿੰਘ ਤੋਂ ਲੈ ਕੇ ਰਾਜਪਾਲ/ਭਗਤੂ/ਗੁਰਾ ਤੱਕ ਤਿੰਨੇ ਪੀੜ੍ਹੀਆਂ ਦੇ ਜੀਵਨ ਯਥਾਰਥ ਦਾ ਵਿਵਰਨ ਹੈ।ਵਿਸਾਖਾ ਸਿੰਘ ਦੇ ਸਮਕਾਲੀ ਯੁਗ (ਸਾਮੰਤੀ ਵਿਵਸਥਾ) ਵਿੱਚ ਪਿੰਡ ਇਕ ਇਕਾਈ ਦਾ ਰੂਪ ਹੁੰਦਾ ਸੀ, ਜਿਥੇ ਮਨੁੱਖ ਦੀਆਂ ਲੋੜਾਂ ਸੀਮਿਤ ਅਤੇ ਸਰਲ ਸਨ।ਸਮੱਸਿਆਵਾਂ ਵੀ ਪੇਚੀਦਾ ਨਹੀਂ ਸਨ।ਹਰ ਲੋੜ ਦੀ ਪੂਰਤੀ ਅਸਾਨੀ ਨਾਲ ਪਿੰਡ 'ਚੋਂ ਹੀ ਹੋ ਜਾਂਦੀ ਸੀ।ਫ਼ਸਲਾਂ 'ਤੇ ਲਾਗਤ ਖਰਚ ਨਾ-ਬਰਾਬਰ ਸੀ।ਪੂੰਜੀਵਾਦੀ ਰਿਸ਼ਤਿਆਂ ਅਤੇ ਵਿਕਸਿਤ ਪੈਦਾਵਾਰੀ ਸਾਧਨਾਂ ਦੀ ਬਦੌਲਤ, ਪੇਂਡੂ ਲੋਕਾਂ ਦਾ ਸਿੱਧੇ ਸ਼ਹਿਰਾਂ-ਮੰਡੀਆਂ ਨਾਲ ਜੁੜਨ ਕਾਰਨ ਕਿਸਾਨੀ ਸੰਕਟ ਪ੍ਰਾਰੰਭ ਹੁੰਦਾ ਹੈ ਜੋ ਵਿਸਾਖਾ ਸਿੰਘ ਦੀ ਤੀਜੀ ਪੀੜ੍ਹੀ ਰਾਜਪਾਲ/ਭਗਤੂ/ਗੁਰੇ ਤੱਕ ਪੁੱਜਦਿਆਂ ਆਪਣਾ ਅਜੋਕਾ ਵਿਰਾਟ ਰੂਪ ਗ੍ਰਹਿਣ ਕਰ ਲੈਂਦਾ ਹੈ। ਵਜ਼ੀਰ ਸਿੰਘ ਅਤੇ ਉਸ ਦਾ ਪਰਿਵਾਰ ਇਕ ਨਿਮਨ-ਨਿੱਕੀ ਕਿਸਾਨੀ ਦਾ ਵਾਲਾ ਪਰਿਵਾਰ ਹੈ। ਪਰਿਵਾਰਕ ਵੰਡ ਦੌਰਾਨ ਉਸ ਨੂੰ ਉਸ ਦੇ ਹਿੱਸੇ ਵਜੋਂ ਸੱਤ ਏਕੜ ਜ਼ਮੀਨ ਮਿਲਦੀ ਹੈ। ਏਨੀ ਕੁ

ਜ਼ਮੀਨ ਨਾਲ ਸੱਤ ਮੈਂਬਰੀ ਪਰਿਵਾਰ ਦਾ ਆਧੁਨਿਕ ਉਪਭੋਗਤਾਵਾਦੀ ਯੁਗ ਵਿੱਚ ਗੁਜ਼ਾਰਾ ਬੜਾ ਮੁਸ਼ਕਿਲ ਹੈ। ਅਜਿਹੀ ਕਿਸਾਨੀ ਦੀ ਗਿਣਤੀ ਪੰਜਾਬ ਵਿੱਚ 60% ਹੈ। ਇਹੀ ਵਰਗ ਅੱਜ ਵਧੇਰੇ ਪੀੜਾਜਨਕ ਅਤੇ ਸੰਕਟ-ਗ੍ਰਸਤ ਹੈ ਕਿਉਂਕਿ ਇਸ ਵਰਗ ਜ਼ੁੰਮੇ ਹੀ ਆੜ੍ਹਤੀਆਂ, ਬੈਂਕਾਂ ਅਤੇ ਹੋਰ ਸ਼ਾਹੂਕਾਰਾਂ ਦਾ ਕਰਜ਼ਾ ਹੈ।ਵਜ਼ੀਰ ਸਿੰਘ ਵਰਗੇ ਪਰਿਵਾਰਾਂ ਸਿਰ ਕਰਜ਼ਾ ਉਤਰਨ ਦੀ ਬਜਾਏ ਹੋਰ ਚੜ੍ਹਿਆ ਹੈ। ਆਰਥਕ ਸੰਕਟ ਵਿੱਚ ਫਸੀ ਇਸੇ ਕਿਸਾਨੀ ਦਾ ਪ੍ਰਤੀ ਦਿਨ ਕੰਗਾਲੀਕਰਨ ਹੋ ਰਿਹਾ ਹੈ। ਵਜ਼ੀਰ ਸਿੰਘ ਕੋਲ ਘੱਟ ਜ਼ਮੀਨ ਹੋਣ ਕਾਰਨ ਪੈਦਾਵਾਰ ਓਨੀ ਹੁੰਦੀ ਨਹੀਂ ਜਿੰਨੀ ਨਾਲ ਉਸਦੀਆਂ ਲੋੜਾਂ ਪੂਰੀਆਂ ਹੋ ਸਕਣ। ਲਾਗਤ ਖਰਚਾ ਫ਼ਸਲਾਂ ਉੱਪਰ ਵੱਧ ਹੋ ਜਾਂਦਾ ਹੈ ਪਰ ਆਮਦਨ ਘੱਟ ਹੁੰਦੀ ਹੈ ਸਿੱਟੇ ਵਜੋਂ ਕਰਜ਼ਾ-ਦਰ-ਕਰਜ਼ਾ ਚੜ੍ਹਦਾ ਜਾਂਦਾ ਹੈ। ਦੂਜਾ ਵਜ਼ੀਰ ਸਿੰਘ ਨੂੰ ਮਜ਼ਬੂਰੀ ਵੱਸ ਆਪਣੇ ਪੜ੍ਹੇ-ਲਿਖੇ ਪੁੱਤਰ ਰਾਜਪਾਲ ਦੇ ਆਖੇ ਲੱਗ ਕੇ ਬੈਂਕ ਵੱਲੋਂ ਵਿੱਤੀ ਸਹੂਲਤ ਰਾਹੀਂ ਕਰਜ਼ਾ ਚੁੱਕ ਕੇ ਟਰੈਕਟਰ, ਟਰਾਲੀ ਅਤੇ ਹਲ ਖ਼ਰੀਦਣਾ ਪੈਂਦਾ ਹੈ ਪਰ ਉਸ ਤੋਂ ਕਰਜ਼ੇ ਦੀਆਂ ਭਾਰੀ-ਭਰਕਮ ਕਿਸ਼ਤਾਂ ਮੋੜੀਆਂ ਨਹੀਂ ਜਾਂਦੀਆਂ। ਕਰਜ਼ਾ ਨਿਰੰਤਰ ਵਧਣ ਕਾਰਨ ਰਾਜਪਾਲ ਨੂੰ ਜਿਥੇ ਟਰੈਕਟਰ ਅਤੇ ਬਾਕੀ ਮਸ਼ੀਨਰੀ ਕੋਟਕਪੂਰਾ ਦੀ ਟਰੈਕਟਰ ਮੰਡੀ ਵਿੱਚ ਵੇਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਉਥੇ ਕਰਜ਼ਾ ਲਾਹੁਣ ਲਈ ਵਜ਼ੀਰ ਸਿੰਘ ਨੂੰ ਜ਼ਮੀਨ ਵੀ ਵੇਚਣੀ ਪੈਂਦੀ ਹੈ। ਤੀਜਾ ਕਿਸਾਨ ਮਹਿੰਗੇ ਭਾਅ ਦੇ ਬੀਜ, ਖਾਦ ਅਤੇ ਕੀੜੇ ਮਾਰ ਦਵਾਈਆਂ ਦੀ ਵਰਤੋਂ ਕਰਕੇ ਉਹ ਜਿਨਸਾਂ ਪੈਦਾ ਕਰਦਾ ਹੈਪਰ ਉਸ ਦੀਆਂ ਜਿਨਸਾਂ ਸਰਕਾਰਾਂ ਦੀ ਅਣਗਹਿਲੀ ਅਤੇ ਕਿਸਾਨ-ਵਿਰੋਧੀ ਨੀਤੀਆਂ ਕਾਰਨ ਮੰਡੀਆਂ ਵਿੱਚ ਰੁਲ ਜਾਂਦੀਆਂ ਹਨ।ਮੰਡੀਕਰਨ ਦੀ ਘਟੀਆ ਵਿਵਸਥਾ ਕਾਰਨ ਕਿਸਾਨ ਦੀਆਂ ਜਿਨਸਾਂ ਵਪਾਰੀ, ਆੜ੍ਹਤੀਏ ਅਤੇ ਮੁਲਾਜ਼ਮ-ਠੇਕੇਦਾਰ ਰਲ-ਮਿਲ ਕੇ ਲੁੱਟ ਲੈਂਦੇ ਹਨ।ਕਿਸਾਨਾਂ ਨੂੰ ਮੰਡੀਆਂ ਵਿੱਚ ਕਈ-ਕਈ ਦਿਨ ਖੱਜਲ-ਖੁਆਰ ਹੋਣਾ ਪੈਂਦਾ ਹੈ।ਸਮੇਂ ਸਿਰ ਜਿਨਸਾਂ ਦੀ ਸਹੀ ਵਿੱਕਰੀਨਾ ਹੋਣ ਕਾਰਨ ਕਿਸਾਨੀ ਨੂੰ ਵੱਡਾ ਘਾਟਾ ਸਹਿਣ ਕਰਨਾ ਪੈਂਦਾ ਹੈ। ਚੌਥਾ ਕਿਸਾਨਾਂ ਦੀਆਂ ਜਿਨਸਾਂ ਦੇ ਲਾਹੇਵੰਦ ਭਾਅ ਨਹੀਂ ਦਿੱਤੇ ਜਾਂਦੇ। ਭਾਅ ਨਿਗੂਣੇ ਮਿਲਦੇ ਹਨ ਪਰ ਉਹ ਵੀ ਸਮੇਂ ਸਿਰ ਨਹੀਂ ਦਿੱਤੇ ਜਾਂਦੇ। ਇਹੀ ਪ੍ਰਮੁੱਖ ਕਾਰਨ ਹੈ ਕਿ ਵਜ਼ੀਰ ਸਿੰਘ ਜਦ ਝੋਨਾ ਵੇਚ ਕੇ ਘਰ ਆਉਂਦਾ ਹੈ ਤਾਂ ਉਸ ਦਾ ਪੱਲਾ ਖਾਲੀ ਹੁੰਦਾ ਹੈ। ਜਿਹੜਾ ਆੜ੍ਹਤੀਏ ਦਾ ਕਰਜ਼ਾ ਹਾੜ੍ਹੀ ਦੌਰਾਨ ਸੱਤ-ਅੱਠ ਹਜ਼ਾਰ ਹੁੰਦਾ ਹੈ ਸਾਉਣੀ ਵੇਲੇ ਉਹ ਵਧ ਕੇ ਅਠਾਰਾਂ-ਵੀਹ ਹਜ਼ਾਰ ਤਕ ਪੁੱਜ ਜਾਂਦਾ ਹੈ। ਅਜਿਹੀ ਤ੍ਰਾਸਦਿਕ ਅਤੇ ਹੈਰਾਨ ਕਰਨ ਵਾਲੀ ਸਥਿਤੀ ਸਿਰਫ਼ ਵਜ਼ੀਰ ਸਿੰਘ ਦੀ ਹੀ ਨਹੀਂ ਹੈ ਸਗੋਂ ਇਸ ਵਰਗ ਦੀ ਸਮੁੱਚੀ ਕਿਰਸਾਨੀ ਦੀ ਅਜਿਹੀ ਹੀ ਬਦਤਰ ਹਾਲਤ ਹੈ।

ਕੰਗਾਲ ਤੇ ਬਦਹਾਲ ਹੋ ਹੇ ਇਸ ਕਿਸਾਨੀ ਦੇ ਬਹੁਤੇ ਲੋਕ ਆਪਣੇ ਆਰਥਕ ਸੰਕਟ ਦੀ ਨਵਿਰਤੀ ਲਈ ਕੋਈ ਕਾਰਜ ਜਾਂ ਰਸਤਾ ਗ੍ਰਹਿਣ ਨਹੀਂ ਕਰਦੇ। ਉਹ ਆਵਾਰਾ ਤੁਰੇ ਫਿਰਦੇ ਹਨ।ਬੇਜ਼ਮੀਨੀ ਅਤੇ ਸੀਮਾਂਤ ਕਿਸਾਨੀ ਦੇ ਬਹੁਤੇ ਮੁੰਡੇ ਮਜ਼ਦੂਰਾਂ ਜਾਂ ਹੋਰ ਕਿਰਤੀਆਂ ਵਾਂਗ ਮਜ਼ਦੂਰੀ ਕਰਨ ਲਈ ਤਿਆਰ ਨਹੀਂ ਹੁੰਦੇ ਸਿੱਟੇ ਵਜੋਂ ਉਹ ਕੰਨਾਂ 'ਚ ਨੱਤੀਆਂ ਪਾ ਕੇ ਬੋਦੀਆਂ ਵਾਹ ਕੇ ਵਿਹਲੇ ਸਮਾ ਅਤੇ ਜੀਵਨ ਬਰਬਾਦ ਕਰਦੇ ਗਲੀਆਂ 'ਚ ਤੁਰੇ ਫਿਰਦੇ ਹਨ। ਇਹ ਮੁੰਡੇ ਨਸ਼ਿਆਂ

ਦਾ ਸੇਵਨ ਕਰਨੋਂ ਵੀ ਪਰਹੇਜ਼ ਨਹੀਂ ਕਰਦੇ। ਭਗਤੂ, ਗੁਰਾ, ਤੋਤੀ, ਮਾਘੀ, ਜੈਲੂ, ਘੁੱਕਰ, ਸਾਧਾ ਰਾਮ ਕੰਗਾਲ-ਬਦਹਾਲ ਹੋ ਰਹੀ ਕਿਸਾਨੀ ਦਾ ਚਿੰਨ੍ਹ ਹਨ ਜਿਹੜੇ ਉਪਰੋਕਤ ਸਾਰੀਆਂ ਹੀ ਅਲਾਮਤਾਂ ਵਿਚ ਜਕੜੇ ਪਏ ਹਨ।

ਆਪਣੀਆਂ ਆਰਥਕ ਤੰਗੀਆਂ ਦੇ ਨਿਵਾਰਨ ਅਤੇ ਆਪਣੀ ਜੀਵਨ-ਗੱਡੀ ਤੋਰਨ ਲਈ ਮਜ਼ਬੂਰੀ ਵੱਸ ਕੁਝ ਖੇਤੀ ਬਾਹਰੇ ਕਾਰਜ ਵਗੈਰਾ ਵੀ ਕਰਨੇ ਪੈਂਦੇ ਹਨ। ਵਜ਼ੀਰ ਸਿੰਘ ਦਾ ਵੱਡਾ ਪੁੱਤਰ ਭਗਤੂ ਜ਼ਮੀਨ ਦੀ ਕੋਈ ਪਰਵਾਹ ਨਹੀਂ ਕਰਦਾ ਪਰ ਉਹ ਹਰ ਜਾਇਜ਼-ਨਜਾਇਜ਼ ਹੀਲੇ ਦੀ ਵਰਤੋਂ ਕਰਕੇ ਵਿਦੇਸ਼ ਜਾਣ ਨੂੰ ਪਹਿਲ ਦਿੰਦਾ ਹੈ। ਭਗਤੂ ਹੀ ਨਹੀਂ ਪੰਜਾਬ ਦਾ ਹਰ ਪੇਂਡੂ ਨੌਜਵਾਨ ਆਪਣੀ ਬਦ ਤੋਂ ਬਦਤਰ ਹੋ ਰਹੀ ਆਰਥਕਤਾ ਨੂੰ ਸਹਾਰਾ ਦੇਣ ਲਈ ਪੱਛਮੀ ਮੁਲਕਾਂ ਅਤੇ ਅਰਬ ਦੇਸ਼ਾਂ ਨੂੰ ਹਰ ਹੀਲੇ ਜਾਣ ਲਈ ਯਤਨਸ਼ੀਲ ਹੈ। ਕੁਝ ਕੁ ਨੂੰ ਇਸ ਵਿੱਚ ਸਫ਼ਲਤਾ ਹਾਸਲ ਹੋ ਵੀ ਜਾਂਦੀ ਹੈ ਪਰ ਬਹੁ-ਗਿਣਤੀ ਗੁਜ਼ਾਰੇ ਜੋਗੀ ਭੋਂਇ ਵੀ ਗੁਆ ਬੈਠਦੇ ਹਨ। ਇਸ ਤੋਂ ਬਿਨਾਂ ਗੁਰੇ ਵਰਗੇ ਕੁਝ ਮੁੰਡੇ ਗਾਇਕ ਬਣ ਕੇ ਆਪਣਾ ਭਵਿੱਖ ਸੁਆਨ ਲਈ ਯਤਨਸ਼ੀਲ ਹਨ। ਦਰਅਸਲ ਅਜਿਹੇ ਮੁੰਡੇ ਸੌਖੇ ਜਿਹੇ ਢੰਗ ਨਾਲ ਕਮਾਈ ਕਰਨ ਦੇ ਇੱਛਾਵਾਨ ਹੁੰਦੇ ਹਨ, ਸਖਤ ਮਿਹਨਤ ਕਰਨ ਦੇ ਆਦੀ ਨਹੀਂ ਬਣਦੇ। ਸਾਮੰਤੀ ਪ੍ਰਤੀਮਾਨਾਂ ਕਾਰਨ ਜੋ ਜੱਟ ਆਪਣੀ ਕੁੜੀ ਨੂੰ ਘਰੋਂ ਬਾਹਰ ਨਹੀਂ ਸੀ ਕੱਢਦੇ ਉਹ ਆਰਥਕ ਤੰਗੀਆਂ ਕਾਰਨ ਅਤੇ ਪੂੰਜੀਵਾਦੀ ਰਿਸ਼ਤਿਆਂ ਦੇ ਪ੍ਰਚਾਰ-ਪ੍ਰਸਾਰ ਕਾਰਨ ਆਪਣੀਆਂ ਧੀਆਂ ਨੂੰ ਪੀ.ਸੀ.ਓ. ਵਰਗੀਆਂ ਥਾਵਾਂ ’ਤੇ ਨੌਕਰੀ ਕਰਵਾਉਣ ਲਈ ਸਹਿਮਤ ਹੋ ਗਏ ਹਨ। ਵਜ਼ੀਰ ਸਿੰਘ ਦੇ ਭਰਾ ਸਰਦੂਲ ਸਿੰਘ ਦੀ ਦਸ ਪੜ੍ਹੀ ਲੜਕੀ ਮੀਤੋ ਸ਼ਹਿਰ ਦੇ ਪੀ.ਸੀ.ਓ. ’ਤੇ ਨੌਕਰੀ ਕਰਦੀ ਹੈ। ਗਿੱਲ ਜੱਟਾਂ ਦਾ ਲਾਭਾ ਵੀ ਦਸਵੀਂ ਪਾਸ ਮੁੰਡਾ ਹੈ, ਉਹ ਸਕੂਲ ’ਚ ਸਫ਼ਾਈ-ਸੇਵਕ ਲੱਗ ਜਾਂਦਾ ਹੈ। ਦੇਸੂ ਸੀਮਾਂਤ ਕਿਰਸਾਨੀ ’ਚ ਰੂਪਾਂਤਰਿਤ ਹੋ ਕੇ ਬੇਜ਼ਮੀਨੀ ਕਿਸਾਨੀ ਦਾ ਅੰਗ ਬਣ ਜਾਂਦਾ ਹੈ ਫਿਰ ਉਸ ਨੂੰ ਸ਼ਹਿਰ ਦੇ ਲੇਬਰ ਚੌਂਕ ਵਿੱਚ ਹੋਰਨਾਂ ਮਜ਼ਦੂਰਾਂ ਵਾਂਗ ਆਪਣੀ ਕਿਰਤ-ਸ਼ਕਤੀ ਵੇਚਣ ਲਈ ਖੜ੍ਹਨਾ ਪੈਂਦਾ ਹੈ। ਇਹ ਵਰਤਾਰਾ ਨੇੜ-ਭਵਿੱਖ ’ਚ ਹੋਰ ਵਧਣ ਦੀ ਸੰਭਾਵਨਾ ਹੈ। ਰਾਜਪਾਲ, ਮਾਘੀ, ਘੁੱਕਰ ਅਤੇ ਤੋਤੀ ਦਾ ਵੀ ਇਹੀ ਦੁਖਾਂਤ ਹੈ ਕਿ ਉਹ ਵੀ ਕੰਗਾਲ ਕਿਸਾਨ ਬਣ ਚੁੱਕੇ ਹਨ। ਇਨ੍ਹਾਂ ਦਾ ਭਵਿੱਖ ਵੀ ਹਨੇਰਾ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਘਿਰੇ ਅਜਿਹੇ ਲੋਕ ਸ਼ਾਰਬ ਕੱਢਣ, ਵੇਚਣ, ਨਸ਼ੇ ਕਰਨ, ਸਮੱਗਲਰਾਂ ਲਈ ਅਫ਼ੀਮ-ਭੁੱਕੀ ਵੇਚਣ ਅਤੇ ਚੋਰੀਆਂ, ਲੁੱਟਾਂ-ਮਾਰਾਂ ਕਰਨ ਦੇ ਗ਼ੈਰ-ਕਾਨੂੰਨੀ ਧੰਦੇ ਕਰਦੇ ਹਨ। ਆਤੰਕਵਾਦੀ ਲਹਿਰ ਵੀ ਘੱਟ ਜਾਂ ਵੱਧ ਕਿਸਾਨੀ ਸੰਕਟ ਦੀ ਉਪਜ ਸੀ। ਇਸ ਸਮੇਂ ਦੌਰਾਨ ਇਸੇ ਕਿਸਾਨੀ ਦੇ ਮੁੰਡੇ (ਭਗਤੂ, ਮਾਘੀ) ਆਤੰਕਵਾਦ ਦੀ ਆੜ ਵਿੱਚ ਕਤਲਾਂ, ਚੋਰੀਆਂ, ਲੁੱਟਾਂ-ਖੋਹਾਂ ਦਾ ਅਮਾਨਵੀ ਧੰਦਾ ਕਰਕੇ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਨ ਲਈ ਯਤਨਸ਼ੀਲ ਹਨ। ਰਾਜਪਾਲ ਵੀ ਕਾਲਜ ਪੜ੍ਹਦਿਆਂ ਪਹਿਲਾਂ ਇਸੇ ਲਹਿਰ ਵੱਲ ਖਿੱਚਿਆ ਜਾਂਦਾ ਹੈ ਪਰ ਫਿਰ ਉਹ ਮੋੜਾ ਕੱਟ ਕੇ ਕਿਸਾਨ ਜਥੇਬੰਦੀ ’ਚ ਵੀ ਸਰਗਰਮੀ ਨਾਲ ਕੰਮ ਕਰਦਾ ਹੈ ਪਰ ਉਸਦੀਆਂ ਸਮੱਸਿਆਵਾਂ ਘਟਣ ਦੀ ਬਜਾਏ ਹੋਰ ਵਧ ਜਾਂਦੀਆਂ ਹਨ, ਜਿਸ ਕਾਰਨ ਉਸ ਨੂੰ ਵੀ ਸ਼ਹਿਰ ਵਿੱਚ ਜਾ ਕੇ ਸਬਜ਼ੀ ਮੰਡੀ ਵਿੱਚ ਜਾ ਕੇ ਸਬਜ਼ੀ ਵੇਚਣ ਦਾ ਕਿੱਤਾ ਆਰੰਭ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ।

ਮਨੁੱਖ ਨਾਲ ਜੋ ਕੁਝ ਵਾਪਰ ਜਾਂਦਾ ਹੈ, ਕੀ ਅਸਲ ਵਿੱਚ ਉਸਦਾ ਜ਼ਿੰਮੇਦਾਰ ਉਹ ਮਨੁੱਖ ਹੀ ਹੁੰਦਾ ਹੈ? ਨਾ ਵਜ਼ੀਰ ਸਿੰਘ ਨੇ ਸ਼ਰਾਬਾਂ ਪੀਤੀਆਂ, ਨਾ ਕੰਜਰੀਆਂ ਨਚਾਈਆਂਪਰ ਫਿਰ ਵੀ ਉਸਦੇ ਘਰ ਵਿੱਚ ਸੰਕਟ ਤੇ ਤਣਾਓ ਹੈ।ਸਾਰੀ ਸਥਿਤੀ ਵਿੱਚ ਕੁਸਰ ਕਿਸੇ ਦਾ ਨਹੀਂ ਹੈ। ਕੁਸਰ ਹੈ ਤਾਂ ਭਾਰਤ ਦੀ ਉਸ ਸਮਾਜਕ-ਆਰਥਕ ਬਣਤਰ ਦਾ ਹੈ ਜਿਸ ਵਿੱਚ ਸੰਕਟ ਦੇ ਬੀਜ ਪਏ ਹਨ, ਜਿਸਦਾ ਆਧਾਰ ਨਿੱਜੀ-ਜਾਇਦਾਦ ਵਾਲੀ ਨੀਤੀ ’ਤੇ ਟਿਕਿਆ ਹੈ। ਜਦੋਂ ਭਾਰਤ ਦੀ ਖੇਤੀ ਆਧੁਨਿਕ ਲੀਹਾਂ ’ਤੇ ਪਈ ਤਾਂ ਨਵੀਆਂ ਖੋਜਾਂ, ਨਵੇਂ ਬੀਜ, ਖਾਦਾਂ, ਕੀੜੇਮਾਰ ਦਵਾਈਆਂ ਆਦਿ ਨਾਲ ਜਿੰਨਾ ਕੁ ਫਾਇਦਾ ਹੋਇਆ ਉਸਦਾ ਵੱਡਾ ਫਾਇਦਾ ਵੱਡੇ ਭੂਮੀਪਤੀ ਜਾਂ ਪੂੰਜੀਪਤੀ ਹੀ ਲੈ ਗਏ। ਭਾਵੇਂ ਭਾਰਤੀ ਸਟੇਟ ਨੇ ਸਹਿਕਾਰੀ ਬੈਂਕਾਂ ਦੇ ਬੜੇ ਸੋਹਲੇ ਗਾਏ ਪਰ ਕਰਜ਼ਾ ਲੈਣ ਦਾ ਢੰਗ ਸੌਖਾ ਹੋਣ ਕਰਕੇ, ਕਿਸਾਨ ਵਪਾਰਕ-ਬੈਂਕਾਂ ਨਾਲੋਂ ਆੜ੍ਹਤੀਏ ਕੋਲੋਂ ਕਰਜ਼ਾ ਲੈਣ ਨੂੰ ਪਹਿਲ ਦਿੰਦੇ ਸਨ। ਇਹ ਆੜ੍ਹਤੀਏ ਤੇ ਕਿਸਾਨੀ ਦੇ ਸੰਬੰਧ ਅਰਧ-ਜਾਗੀਰੂ ਪੈਦਾਵਾਰੀ ਸੰਬੰਧ ਦੀ ਦੇਣ  ਹੀ ਹਨ।ਕਿਸਾਨਾਂ ਸਿਰ ਉੱਚੀਆਂ ਦਰਾਂ ਦੇ ਵਿਆਜ ਨੇ ਲੱਖਾਂ-ਹਜ਼ਾਰਾਂ ਦਾ ਹੋਰ ਕਰਜ਼ਾ ਚਾੜ੍ਹ ਦਿੱਤਾ। ਇਸ ਨੂੰ ਮੋੜਨਾ ਔਖਾ ਹੋ ਗਿਆ। ਘਰਾਂ ਵਿੱਚ ਕਲੇਸ, ਸੰਕਟ ਤੇ ਤਣਾਓ ਪੈਦਾ ਹੋ ਗਿਆ। ਕਿਸਾਨ ਕਰਜ਼ਾ ਲੈਣ ਲਈ ਮਜ਼ਬੂਰ ਹੈ, ਜ਼ਮੀਨ ਘਟਦੀ ਜਾ ਰਹੀ ਹੈ ਤੇ ਅੰਤ ਜ਼ਮੀਨ ਗਹਿਣੇ ਜਾਂ ਬੈਅ ਕਰਨ ਲਈ ਮਜ਼ਬੂਰ ਹੋ ਕੇ, ਬੇਜ਼ਮੀਨਾ ਮੁਜ਼ਾਰਾ ਬਣ ਰਿਹਾ ਹੈ ਜਾਂ ਦਿਹਾੜੀਦਾਰ ਮਜ਼ਦੂਰ। ਸੋ ਕਿਸਾਨੀ ਦੇ ਇਸ ਦੁਖਾਂਤ ਦਾ ਸੰਬੰਧ ਉਸ ਅਰਧ-ਜਾਗੀਰੂ ਸਮਾਜਕ-ਆਰਥਕ ਪ੍ਰਬੰਧ ਨਾਲ ਜੁੜਦਾ ਹੈ ਜਿਹੜਾ ਕਿ ਅਖੌਤੀ ਪੂੰਜੀਵਾਦੀ ਸਿਸਟਮ ਦੀਆਂ ਹਠੇਲੀਆਂ ਤਹਿਆਂ ਵਿੱਚ ਪੁਰਾਣੇ ਸੂਦਖੋਰੀ ਦੇ ਪ੍ਰਬੰਧ ਵਜੋਂ ਜਿਉਂ ਦਾ ਤਿਉਂ ਚੱਲ ਰਿਹਾ ਹੈ। ਜਿਸ ਦੀ ਜਕੜ ਵਿੱਚੋਂ ਵਜ਼ੀਰ ਸਿੰਘ ਦੀ ਅਗਲੀ ਪੀੜ੍ਹੀ ਵੀ ਨਹੀਂ ਨਿਕਲ ਸਕਦੀ। ਆੜ੍ਹਤੀਏ, ਬੈਂਕਾਂ, ਕਾਰਖਾਨੇਦਾਰ ਤੇ ਸਰਕਾਰੀ ਮਸ਼ੀਨਰੀ ਸਭ ਕਿਸਾਨ ਨੂੰ ਖਾ ਰਹੇ ਨੇ। ਇਹ ਜੋ ਵਾਪਰ ਰਿਹਾ ਹੈ। ਇਹ ਕੋਈ ਅਣਹੋਣੀ ਨਹੀਂ। ਪਰਿਵਰਤਿਤ-ਕਾਲ ਵਿੱਚੋਂ ਲੰਘ ਰਹੀ ਪ੍ਰੌਢ ਪੂੰਜੀਵਾਦੀ ਅਵਸਥਾ ਦੀ ਸਹਿਜ ਦੇਣ ਹੈ। ਭਾਰਤੀ ਹਾਕਮ ਅਤੇ ਵਿਚੋਲੀਏ ਸਰਮਾਏਦਾਰ ਆਪ ਵੀ ਖਾਦੇ ਹਨ ਤੇ ਵਿਦੇਸ਼ੀਆਂ ਨੂੰ ਅਰਥਾਤ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਮਾਲਕਾਂ ਨੂੰ ਵੀ ਖਵਾਉਂਦੇ ਹਨ। ਜਦੋਂ ਵਿਕਾਸ ਦੀ ਅਜਿਹੀ ਇਤਿਹਾਸਕ-ਪ੍ਰਕਿਰਿਆ ਸੰਕ੍ਰਾਂਤੀ-ਕਾਲ ਵਿੱਚੋਂ ਲੰਘ ਰਹੀ ਹੁੰਦੀ ਹੈ ਉਦੋਂ ਬਹੁਤ ਕੁਝ ਹੋਰ ਵੀ ਬਦਲ ਰਿਹਾ ਹੁੰਦਾ ਹੈ। ਮਾਰਕੀਟ ਦੀ ਦਿਸ਼ਾ ਅਤੇ ਗਤੀ ਬਹੁਤ ਕੁਝ ਨੂੰ ਬਦਲਦੀ ਤੁਰੀ ਜਾਂਦੀ ਹੈ। ਪੂੰਜੀਵਾਦੀ ਆਰਥਕਤਾ ਦੇ ਬਦਲਦੇ ਪ੍ਰਸੰਗਾਂ ਵਿੱਚ ਨਿਮਨ-ਕਿਸਾਨੀ ਕੇਵਲ ਜ਼ਮੀਨ ਦੇ ਟੁਕੜਿਆਂ ਦੇ ਬਲਬੂਤੇ ਉੱਤੇ ਆਪਣਾ ਅਸਤਿੱਤਵ ਤੇ ਦਰਜਾ ਕਾਇਮ ਨਹੀਂ ਰੱਖ ਸਕਦੀ। ਕਿਸਾਨੀ ਨੇ ਡੁੱਬਣਾ ਹੀ ਡੁੱਬਣਾ ਹੈ।ਦੂਜੀ ਗੱਲ ਖੇਤੀ ਦੀ ਜੋ ਕਲਾ ਕਿਸਾਨ ਨੇ ਲੰਮੇ ਸਮੇਂ ਵਿੱਚ ਸਿੱਖੀ ਸੀ, ਉਹ ਬਦਲੇ ਮਾਹੌਲ ਵਿੱਚ ਕੰਮ ਨਹੀਂ ਆ ਰਹੀ। ਕਿਸਾਨ ਨਵਾਂ ਕੁਝ ਨਹੀਂ ਸਿੱਖ ਨਹੀਂ ਰਿਹਾਆਰਥਕਤਾ ਦੇ ਬਦਲਦੇ ਪ੍ਰਸੰਗਾਂ ਵਿੱਚ ਨਵੇਂ “ਸਹਾਇਕ-ਧੰਦੇ” ਵੀ ਅਪਣਾਏ ਜਾਣਗੇ ਤੇ ਅਪਣਾਏ ਵੀ ਜਾ ਰਹੇ ਨੇ। ਇਹ “ਸਹਾਇਕ-ਧੰਦੇ” ਪੀ.ਏ.ਯੂ. ਵਲੋਂ ਦਰਸਾਏ (ਡੇਅਰੀ, ਪਿੱਗਰੀ, ਫਿਸ਼ਰੀ ਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਵਾਲੇ) ਸਹਾਇਕ-ਧੰਦੇ ਨਹੀਂ। ਇੱਥੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅਮੀਰ ਕਿਸਾਨੀ ਵੀ ਕੇਵਲ ਖੇਤੀ-ਆਧਾਰਿਤ ਸਹਾਇਕ-ਧੰਦੇ ਨਹੀਂ ਅਪਣਾ ਰਹੀ। ਉਨ੍ਹਾਂ ਨੇ ਵੀ ‘ਹੋਰ-ਸਹਾਇਕ-ਧੰਦੇ’ (ਜਿਵੇਂ ਅਫ਼ੀਮ, ਭੁੱਕੀ ਆਦਿ) ਪੁਲਿਸ ਤੇ ਰਾਜਨੀਤਕ ਲੋਕਾਂ ਦੀ ਮਿਲੀ ਭੁਗਤ ਨਾਲ

ਅਪਣਾ ਰੱਖੇ ਹਨ। ਜਿਵੇਂ ਨਾਵਲ ਵਿੱਚ ਸਰਪੰਚ ਦਾ ਮੁੰਡਾ ਸ਼ਿੰਦਰਪਾਲ ਅਫ਼ੀਮ ਦੀ ਬਲੈਕ ਕਰਦਾ ਹੈ। ਪੁਲਿਸ ਨੂੰ ਬਣਦਾ ਹਿੱਸਾ ਸਮੇਂ ਸਿਰ ਪੁੱਜਦਾ ਕਰਦਾ ਹੈ।

ਪੂੰਜੀਵਾਦੀ ਖਪਤ-ਕਲਚਰ ਤੇ ਮੀਡੀਏ ਵਲੋਂ ਫੈਲਾਈ ਚਕਾਚੌਂਧ ਨੇ ਵਸਤੂ ਦੀ ਪ੍ਰਾਪਤੀ ਦੀ ਲਾਲਸਾ ਵਧਾ ਦਿੱਤੀ ਹੈ। ਸੋ ਬਦਲਦੇ ਪ੍ਰਸੰਗਾਂ ਵਿੱਚ ਸਰਮਾਏਦਾਰੀ ਨੈਤਿਕਤਾ ਆਉਣ ਨਾਲ ਮੱਧਕਾਲੀ ਸਦਾਚਾਰ ਤੇ ਨੈਤਿਕਤਾ ਵੀ ਟੁੱਟੇਗੀ। ਇਸ ਨਾਲ ਜੁੜੀ ਹੋਈ ਵਿਆਹ-ਸੰਸਥਾ ਵਿੱਚ ਵੀ ਟੁੱਟਣ ਦੇ ਰੁਝਾਨ ਪੈਦਾ ਹੋਣਗੇ। ਪੂੰਜੀਵਾਦੀ ਸਿਸਟਮ ਵਿੱਚ ਜਦੋਂ ਕੰਮ ਹੀ ਘਮਟਿਆਂ ਵਿੱਚ ਹੋ ਰਿਹਾ ਹੋਵੇਗਾ ਤਾਂ ਰੇਟ ਵੀ ਘੰਟੇ ਦੇ ਹਿਸਾਬ ਜਾਂ ਠੇਕਾ ਸਿਸਟਮ ਹੋਵੇਗਾ। ਇਸ ਹਾਲਤ ਵਿੱਚਔਰਤਾਂ ਵੀ ਅਸਰ-ਅੰਦਾਜ਼ ਹੋਣਗੀਆਂ। ਜਿੱਥੇ ਵੀ ਵਧੀਆ ਰੋਟੀ-ਪਾਣੀ ਦਾ ਇੰਤਜ਼ਾਮ ਹੋਊ-ਉੱਥੇ ਹੀ 'ਅੰਨਦਾਤਾ' ਹੋਊ। ਭਾਵੇਂ ਭਗਤੂ ਸਾਧ ਹੋਵੇ, ਸਰਪੰਚ ਦਾ ਭਰਾ ਸ਼ੇਰਾ ਹੋਵੇ ਜਾਂ ਪੀ.ਸੀ.ਓ. 'ਤੇ ਕੰਮ ਕਰਦੀ ਮੀਤੋ ਲਈ ਕਾਰ-ਕੋਠੀ 'ਚ ਲੈ ਕੇ ਜਾਣਾ ਵਾਲਾ ਵਿਦੇਸੋਂ ਆਇਆ ਐਨ.ਆਰ.ਆਈ. ਮੁੰਡਾ ਜਾਂ ਪੁਲਿਸ ਹੋਵੇ। ਭਾਵੇਂ ਅਜਿਹਾ ਲਾਲਚ ਵੱਸ ਹੋਵੇ ਜਾਂ ਮਜ਼ਬੂਰੀ ਵੱਸ ਹੋਵੇ। ਅਸਤਿਤਵ ਬਰਕਰਾਰ ਰੱਖਣ ਲਈ ਮੁੱਲ ਕੀ ਤਾਰਨਾ ਪੈਂਦਾ ਹੈ, ਇਹ ਗੱਲ ਉਦੋਂ ਮੁੱਲਹੀਣ ਹੋ ਜਾਂਦੀ ਹੈ ਕਿਉਂਕਿ ਨਵੇਂ ਮੁੱਲਾਂ ਨੇ ਥਾਂ ਲੈਣੀ ਹੁੰਦੀ ਹੈ। ਸੋ ਸਰੀਰਕ ਭੁੱਖ ਤੇ ਆਰਥਕ ਤੰਗੀ ਕਿਸੇ ਮਨੁੱਖ ਨੂੰ ਕੀ ਕੁਝ ਕਰਨ ਲਈ ਮਜਬੂਰ ਨਹੀਂ ਕਰ ਦਿੰਦੀ? ਦਹੇਜ ਦੀ ਮੰਗ ਤੇ ਆਰਥਕ-ਤੰਗੀ ਕਰਕੇ ਜਦੋਂ ਵੇਲੇ ਸਿਰ ਭੂਪੀ ਦਾ ਵਿਆਹ ਨਹੀਂ ਹੁੰਦਾ ਤਾਂ ਸਥਿਤੀਆਂ ਨੇ ਘਰ ਵਿੱਚ ਸੰਕਟ ਤੇ ਤਣਾਓ ਨੂੰ ਤਾਂ ਜਨਮ ਦੇਣਾ ਹੀ ਸੀ। ਮਨੁੱਖ ਇਕੋ ਸਮੇਂ ਪ੍ਰਕਿਰਤੀ ਤੇ ਸੰਸਕ੍ਰਿਤੀ ਨਾਲ ਦਵੰਦਾਤਮਕ ਰਿਸ਼ਤੇ ਵਿੱਚ ਬੱਝਿਆ ਹੋਇਆ, ਬੰਦਾ ਵਜ਼ੀਰ ਸਿੰਘ ਵਾਂਗੂੰ ਜਗੀਰਦਾਰੀ ਤੋਂ ਪੂੰਜੀਵਾਦੀ ਵਿਵਸਥਾ ਵਿੱਚ ਹੋ ਰਹੇ ਰੂਪਾਂਤਰਨ ਦੀ ਪ੍ਰਕਿਰਿਆ ਨਾਲ ਆਤਮਸਾਤ ਨਹੀਂ ਕਰ ਸਕਦਾ ਤਾਂ ਹਾਲਾਤ ਦਾ ਸਤਾਇਆ, ਮਾਨਸਿਕ-ਦੋਚਿੱਤੀ ਤੇ ਨਮੋਸ਼ੀ ਵਿੱਚ ਖ਼ੁਦਕੁਸ਼ੀ ਦਾ ਰਸਤਾ ਵੀ ਅਪਣਾ ਲੈਂਦਾ ਹੈ। ਜੋਕਿ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਅਜਿਹੀ ਅਵਸਥਾ ਵਿੱਚ ਵਕਤੀ ਹੱਲ ਲੱਭਣ ਦੀ ਗੱਲ ਕਈ ਕਿਸਾਨ ਜਥੇਬੰਦੀਆਂ ਤੇ ਅਰਥ-ਸਾਸ਼ਤਰੀ ਜਾਂ ਖੇਤੀ-ਵਿਗਿਆਨੀ ਕਰ ਰਹੇ ਹਨ। ਕਿਉਂਕਿ ਕਿਸਾਨੀ ਅੱਜ ਮਰ ਰਹੀ ਹੈ- ਜੀਣ ਲਈ ਤਰਲੇ ਲੈ ਰਹੀ ਹੈ- ਕਿ ਸ਼ਾਇਦ ਕਿਸਾਨੀ ਦੇ ਸਾਹ ਹੋਰ ਲੰਬੇ ਹੋ ਜਾਣ। ਕਿਸਾਨਾਂ ਦੇ ਕਰਜ਼ੇ ਮੁਆਫ਼ ਕਰ ਦਿਉ, ਫ਼ਸਲਾਂ ਦੇ ਭਾਅ ਵਧਾ ਦਿਉ, ਬਿਜਲੀ-ਪਾਣੀ ਮੁਫ਼ਤ ਦਿਉ, ਖਾਦਾਂ, ਬੀਜਾਂ ਤੇ ਕੀੜੇਮਾਰ ਦਵਾਈਆਂ ਉੱਤੇ ਸਬਸਿਡੀ ਦੇ ਦਿਉ ਆਦਿ, ਪਰ ਭਾਰਤੀ ਦਲਾਲ-ਹਾਕਮ, ਪੂੰਜੀਵਾਦੀ-ਪ੍ਰਬੰਧ ਦੇ ਵਿਸ਼ਵੀ-ਪਾਸਾਰ ਵਿੱਚ ਨਾ ਤਾਂ ਕੁਝ ਕਰਨਾ ਚਾਹੁੰਦੇ ਨੇ ਤੇ ਨਾ ਹੀ ਕੁਝ ਉਹ ਕਰ ਹੀ ਸਕਦੇ ਨੇ। ਸੋ ਉਪਰੋਕਤ ਵਿੱਚਾਰਾਂ ਤੋਂ ਸਪੱਸ਼ਟ ਹੈ ਕਿ ਮਾੜਾ ਤਾਂ ਹੋਊਗਾ ਹੀ ਹੋਊਗਾ। ਵੱਡੀ ਸਨਅਤ ਲੱਗ ਨਹੀਂ ਰਹੀ। ਕਿਸਾਨੀ ਨੇ ਡੁੱਬਣਾ ਹੀ ਡੁੱਲਣੈ ਹੈ। ਸਾਇਦ ਇਸ 'ਚੋਂ ਹੀ ਸਮਾਜਕ-ਆਰਥਕ-ਪ੍ਰਬੰਧ ਦੀ ਲੋਕ-ਪੱਖੀ ਤਬਦੀਲੀ ਦੀ ਸੰਭਾਵਨਾ ਵੀ ਬਣ ਜਾਵੇ।

# ਹਵਾਲੇ ਤੇ ਟਿੱਪਣੀਆਂ:

1. ਬਲਦੇਵ ਸਿੰਘ, ਅੰਨਦਾਤਾ, ਪੰਨਾ-259
2. ਉਹੀ, ਪੰਨਾ-351
3. ਉਹੀ, ਪੰਨਾ-30
4. ਉਹੀ, ਪੰਨਾ-57
5. ਉਹੀ, ਪੰਨਾ-264

## ਸਾਰ

ਸਾਹਿਤ ਵਿਅਕਤੀ ਨੂੰ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ, ਅਣਹੋਣੀਆਂ, ਵਧੀਕੀਆਂ, ਅਪਰਾਧ, ਪੇਂਡੂ ਸਮਾਜ ਅਤੇ ਸੱਭਿਆਚਾਰ ਦੀਆਂ ਜਟਿਲਤਾਵਾਂ, ਸਮਾਜ ਵਿੱਚਲੀਆਂ ਆਰਥਕ, ਰਾਜਨੀਤਿਕ, ਧਾਰਮਿਕ, ਸਮਾਜਕ ਸਮੱਸਿਆਵਾਂ ਨੂੰ ਸਮਝਣ ਦੇ ਕਾਬਲ ਬਣਾਉਂਦਾ ਹੈ। ਸਾਹਿਤ ਸਮਾਜ ਵਿੱਚਲੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਉਹਨਾਂ ਦੇ ਕਾਰਨਾਂ, ਪ੍ਰਭਾਵਾਂ ਅਤੇ ਉਹਨਾਂ ਦੇ ਹੱਲ ਕਰਨ ਦੇ ਵੀ ਵਿਅਕਤੀ ਨੂੰ ਸਮਰੱਥ ਬਣਾਉਂਦਾ ਹੈ। ਬਲਦੇਵ ਸਿੰਘ ਪੰਜਾਬੀ ਦਾ ਬਹੁਪੱਖੀ ਲੇਖਕ ਹੈ। ਉਸਨੇ ਨਾਵਲ, ਕਹਾਣੀ, ਨਾਟਕ ਅਤੇ ਢੇਰ ਸਾਰੀ ਵਾਤਰਕ ਲਿਖੀ ਹੈ। ਉਹ ਪੰਜਾਬੀ ਸਾਹਿਤ ਦੇ ਵਿਦਵਾਨਾਂ ਤੇ ਪਾਠਕਾਂ ਵਿੱਚ ਇਕੋ ਜਿਹਾ ਪ੍ਰਵਾਨਤ ਹੈ। ਉਹਨੇ ਮੁੱਢ ਵਿੱਚ ਕਹਾਣੀ ਲਿਖੀ, ਫੇਰ ਛੋਟੇ ਨਾਵਲ 'ਦੂਸਰਾ ਹੀਰੋਸ਼ੀਮਾ', 'ਕੱਲਰੀ ਧਰਤੀ', 'ਸੂਲੀ ਟੰਗੇ ਪਹਿਰ', 'ਕੱਚੀਆਂ ਕੰਧਾਂ', 'ਜੀ.ਟੀ.ਰੋਡ' ਤੇ 'ਲਾਲ ਬੱਤੀ' ਲਿਖੇ। ਬਲਦੇਵ ਸਿੰਘ ਪਿੰਡ ਦਾ ਜੰਮਿਆ ਤੇ ਪਲਿਆ ਹੋਇਆ ਹੈ। ਉਸਨੂੰ ਪੰਜਾਬੀ ਪੇਂਡੂ ਕਲਚਰ ਦੀ ਡੂੰਘੀ ਸਮਝ ਹੈ, ਜਿਸਦਾ ਉਸ ਨੇ ਪ੍ਰਗਟਾਵਾ ਆਪਣੇ ਨਾਵਲਾਂ ਤੇ ਕਹਾਣੀਆਂ ਵਿੱਚ ਕੀਤਾ ਹੈ। ਉਹਦੇ ਮੁੱਢਲੇ ਨਾਵਲ 'ਦੂਸਰਾ ਹੀਰੋਸ਼ੀਮਾ' ਤੇ 'ਕੱਲਰੀ ਧਰਤੀ' ਮਾਲਵੇ ਦੇ ਪੇਂਡੂ ਸਮਾਜਕ, ਆਰਥਕ ਤੇ ਸੱਭਿਆਚਾਰਕ ਜੀਵਨ ਦੀ ਡੂੰਘੀ ਪੁਣ-ਛਾਣ ਕਰਦੇ ਹਨ। ਪ੍ਰੰਤੂ ਇਨ੍ਹਾਂ ਦੋਨੋਂ ਨਾਵਲਾਂ ਦਾ ਆਲੋਚਨਾ ਦੇ ਖੇਤਰ ਵਿੱਚ ਢੁਕਵਾਂ ਮੁੱਲ ਨਹੀਂ ਪਿਆ। ਇਨ੍ਹਾਂ ਦੇ ਪੁਨਰ-ਮੁਲਾਂਕਣ ਦੀ ਲੋੜ ਹੈ। ਇਹਦਾ ਨਾਵਲ 'ਲਾਲ ਬੱਤੀ' ਵੇਸ਼ਵਾਵਾਂ ਬਾਰੇ ਹੈ। ਇਸ ਤੋਂ ਪਹਿਲਾਂ ਪੰਜਾਬੀ ਵਿੱਚ ਇਨ੍ਹਾਂ ਬਦਕਿਮਸਤ ਔਰਤਾਂ ਬਾਰੇ ਕੋਈ ਕਿਰਤ ਨਹੀਂ ਮਿਲਦੀ। ਇਸ ਨਾਵਲ ਨੇ ਸਮਾਜਕ ਤੇ ਸਾਹਿਤਕ ਹਲਕਿਆਂ ਵਿੱਚ ਚੰਗੀ ਚਰਚਾ ਛੇੜੀ ਹੈ ਅਤੇ ਪ੍ਰਸੰਸਾ ਤੇ ਨੁਕਤਾਚੀਨੀ ਪ੍ਰਾਪਤ ਕੀਤੀ ਹੈ। ਬਲਦੇਵ ਸਿੰਘ ਦਾ ਤਜ਼ਰਬਾ ਵਸੀਹ ਹੈ। ਉਹ ਛੋਟੇ ਪਿੰਡ ਤੋਂ ਤੁਰ ਕੇ ਕਲਕੱਤੇ ਵਰਗੇ ਮਹਾਂਨਗਰ ਤੱਕ ਪੁੱਜਿਆ ਹੈ। ਉਹਨੇ ਮਾਸਟਰੀ ਤੋਂ ਲੈ ਕੇ ਡਰਾਇਵਰੀ ਤੱਕ ਕਈ ਪੇਸ਼ੇ ਅਪਣਾਏ ਹਨ। ਜਿਸ ਸਮਾਜਕ ਤੇ ਸੱਭਿਆਚਾਕ ਆਲੇ ਦੁਆਲੇ ਵਿੱਚ ਉਹ ਵਿੱਚਰਿਆ ਹੈ, ਉਹਨੇ ਉਸਦਾ ਡੂੰਘਾ ਨਿਰੀਖਣ ਕੀਤਾ ਹੈ ਅਤੇ ਢੇਰ ਸਾਰੇ ਅਨੁਭਵ ਆਪਣੀ ਸਿਮਰਤੀ ਵਿੱਚ ਸਮੋਈ ਬੈਠਾ ਹੈ। ਜਿਹੜਾ ਉਹ ਸਮੇਂ-ਸਮੇਂ ਆਪਣੀਆਂ ਕਿਰਤਾਂ ਰਾਹੀਂ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹੈ ਤੇ ਚਰਚਾ ਦਾ ਵਿਸ਼ਾ ਬਣਦਾ ਹੈ। ਉਹਨੇ ਵਾਰਤਕ ਦੀ ਇਕ ਵਿਸ਼ੇਸ਼ ਵਿਧੀ ਵਰਤ ਕੇ ਡਰਾਇਵਰਾਂ ਦੇ ਜੀਵਨ ਨਾਲ ਸਬੰਧਤ ਇਕ ਲੰਮੀ ਲੇਖ-ਲੜੀ 'ਸੜਕਨਾਮਾ' ਦੇ ਨਾਂ ਹੇਠ ਲਿਖੀ ਹੈ, ਜਿਸ ਕਾਰਨ ਬਹੁਤੇ ਵਿਦਵਾਨ ਤੇ ਪਾਠਕ ਉਹਨੇ ਨਾਂ ਨਾਲ 'ਸੜਕਨਾਮਾ' ਜੋੜ ਕੇ ਉਸਨੇ ਬਲਦੇਵ ਸਿੰਘ ਸੜਕਨਾਮਾ ਕਹਿੰਦੇ ਰਹੇ ਹਨ। ਪਿੱਛੇ ਉਹਨੇ ਲਾਲ ਬੱਤੀ ਲਿਖੀ। ਅੱਜ ਕੱਲ੍ਹ ਉਹਨੂੰ ਇਸ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਬਲਦੇਵ ਸਿੰਘ ਦਾ ਇਹ ਨਾਵਲ 'ਅੰਨਦਾਤਾ' ਉਸਦੇ ਬਾਕੀ ਨਾਵਲੋਂ ਨਾਲੋਂ ਜ਼ਿਆਦਾ ਮਕਬੂਲ ਹੋਇਆ ਹੈ। ਇਹ ਪੰਜਾਬ ਦੀ ਕਿਸਾਨੀ ਨਾਲ ਪਿਛਲੇ ਵਰ੍ਹਿਆਂ ਵਿੱਚ ਜੋ ਵਾਪਰ ਗਿਆ ਹੈ, ਜੋ ਵਾਪਰ ਰਿਹਾ ਹੈ ਤੇ ਅਤੇ ਜੋ ਨਿਘਾਰ ਆਉਣ ਵਾਲੀਆਂ ਸੰਭਾਵਨਾਵਾਂ ਹਨ, ਉਸ ਨਾਲ ਇਹ ਨਾਵਲ ਜੁੜਿਆ ਹੋਇਆ ਹੈ। ਪੰਜਾਬ ਦੀ ਕਿਸਾਨੀ ਦੀ ਤ੍ਰਾਸਦੀ ਨੂੰ ਇਹ ਸੰਪੂਰਨਤਾ ਨਾਲ ਪੇਸ਼ ਕਰਦਾ ਹੈ। ਇਹ ਤ੍ਰਾਸਦੀ ਆਰਥਕ, ਸਮਾਜਕ, ਸਭਿਆਚਾਰਕ ਤੇ ਮਾਨਸਿਕ ਹੈ, ਇਕਹਿਰੀ

ਨਹੀਂ, ਇਨ੍ਹਾਂ ਸਭ ਦੀਆਂ ਤੰਦਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ। ਕਿਸਾਨ 'ਅੰਨਦਾਤਾ' ਹੈ, ਉਸਦੀ ਤ੍ਰਾਸਦੀ ਬਾਰੇ ਗੱਲਾਂ ਸਭ ਕਰਦੇ ਹਨ, ਪਰ ਤ੍ਰਾਸਦੀ ਸਭ ਦੇ ਸਾਹਵੇਂ ਇੰਨੀ ਤੇਜ਼ੀ ਨਾਲ ਵਾਪਰ ਹੀ ਹੈ, ਕਿਸਾਨ ਖ਼ੁਦਕੁਸ਼ੀ ਕਰਨ ਤੱਕ ਪਹੁੰਚ ਗਿਆ ਹੈ, ਭਈਆਂ ਨਾਲ ਬਾਜ਼ਾਰਾਂ ਵਿੱਚ ਸਬਜ਼ੀ ਵੇਚਦਾ ਹੈ, ਉਸ ਸਿਸਟਮ ਨੂੰ ਨਿਘਰ ਨੂੰ ਦੂਰ ਕਰਨ ਲਈ ਕੋਈ ਵੀ ਕੁਝ ਨਹੀਂ ਕਰ ਰਿਹਾ। ਰਾਜਨੀਤੀ ਉਨ੍ਹਾਂ ਦੀ ਤ੍ਰਾਸਦੀ ਦੇ ਆਲੇ-ਦੁਆਲੇ ਕੇਵਲ ਇਕ ਖੇਡ ਹੈ।

ਕਿਸਾਨ ਦੀ ਸਭ ਤੋਂ ਵੱਡੀ ਤ੍ਰਾਸਦੀ ਜ਼ਮੀਨ ਦਾ ਘਟਦੇ ਜਾਣਾ ਹੈ। ਉਹ ਘਟਦੀ ਘਟਦੀ ਖ਼ਤਮ ਹੋ ਰਹੀ ਹੈ। ਉਸਦਾ ਪਰਿਵਾਰ ਬਿਖਰ ਰਿਹਾ ਹੈ। ਵਜ਼ੀਰ ਸਿੰਘ ਦੇ ਵਡੇਰਿਆਂ ਕਰਕੇ ਹੀ ਇਹ ਪਿੰਡ 'ਚੱਕ ਬੂੜ ਸਿੰਘ' ਬਣਿਆ ਸੀ। ਕਹਾਣੀ ਇਹ ਸਾਰੇ ਪਿੰਡ ਤੇ ਉਸਦੀ ਸਮਾਜਕ, ਆਰਥਕ ਤੇ ਸਭਿਆਚਾਰਕ ਬਣਤਰ ਦੀ ਹੈ, ਪਰ ਕੇਂਦਰ ਵਿੱਚ ਵਜ਼ਰਿ ਸਿੰਘ ਦਾ ਪਰਿਵਾਰ ਹੈ। ਵਜ਼ੀਰ ਸਿੰਘ ਦਾ ਇਕ ਪੁੱਤਰ ਭਗਤੂ ਖਾੜਕੂ ਦੌਰ ਵਿੱਚ ਛੋਟੀਆਂ-ਮੋਟੀਆਂ ਕਾਰਵਾਈਆਂ ਕਰਨ ਪਿੱਛੋਂ ਡੁਬਈ ਜਾਂਦਾ ਹੈ ਤੇ ਬਦੇਸ਼ਾਂ 'ਚ ਦੁੱਖ ਸਹਿਕੇ ਵਾਪਸ ਪਰਤਕੇ ਸਾਧ ਬਣਦਾ ਹੈ, ਗੁਰਾ ਗਾਉਣ-ਵਜਾਉਣ ਵਾਲਿਆਂ ਨਾਲ ਰਲ ਕੇ ਕੈਸੇਟ ਤਿਆਰ ਕਰਨ ਲਈ ਬਾਪੂ ਤੋਂ ਚਾਲੀ ਹਜ਼ਾਰ ਲਭਦਾ ਫਿਰਦਾ ਹੈ, ਰਾਜਪਾਲ ਨੌਕਰੀਆਂ ਦੀ ਭਾਲ ਤੋਂ ਨਿਰਾਸ਼ ਹੋ ਕੇ ਬਾਪੂ ਦੇ ਨਾਲ ਖੇਤੀ ਲਈ ਹੱਥ ਪੈਰ ਮਾਰਦਾ, ਕਿਸਾਨ ਜਥੇਬੰਦੀ ਦੇ ਨੇੜੇ ਰਹਿੰਦਾ ਅੰਤ ਘੋਰ ਨਿਘਾਰ ਨਾਲ ਜ਼ਮੀਨ ਖ਼ਤਮ ਹੋ ਜਾਣ ਕਾਰਨ ਭਈਆਂ ਨਾਲ ਬਾਜ਼ਾਰ ਵਿੱਚ ਸਬਜ਼ੀ ਵੇਚਦਾ ਹੈ। ਵਜ਼ੀਰ ਸਿੰਘ ਦੀ ਕੁੜੀ ਨਾਵਲ ਦੇ ਆਰੰਭ ਤੋਂ ਗੁੰਮ ਹੈ। ਉਸਦੀ ਭਾਲ ਵਿੱਚ ਸਾਰਾ ਨਾਵਲ ਬੀਤਦਾ ਹੈ ਤੇ ਅੰਤ ਵਜ਼ੀਰ ਸਿੰਘ ਸਾਰੀ ਤ੍ਰਾਸਦੀ ਵਿੱਚ ਘਿਰਿਆ ਖ਼ੁਦਕੁਸ਼ੀ ਕਰਦਾ ਹੈ, ਮਾਂ ਗਿਆਨ ਕੌਰ ਨੂੰ ਦੌਰੇ ਪੈਂਦੇ ਹਨ। ਅੰਤ ਰਾਜਪਾਲ ਦੀ ਸਮਾਜਕ ਤੇ ਮਾਨਸਿਕ ਘੁਟਣ, ਭਗਤੂ ਦੇ ਜਿਊਂਦਿਆਂ ਹੀ ਉਸਦੀ ਭਾਬੀ ਉਸਦੇ ਲੜ ਲਾ ਦਿੱਤੀ ਜਾਂਦੀ ਹੈ। ਨਾ ਜ਼ਮੀਨ ਰਹੀ ਨਾ ਜਿਉਣ ਦਾ ਚੱਜ। ਸਭ ਕੁਝ ਸਮੇਂ ਨੇ ਖੋਹ ਲਿਆ।

ਸਭ ਕੁਝ ਜ਼ਮੀਨ, ਝੋਨੇ ਜਾਂ ਜ਼ਮੀਨ ਦੇ ਉਤਪਾਦਨ, ਉਸਦੀ ਵਿਕਰੀ ਤੇ ਉਸ ਪ੍ਰਬੰਧ ਨਾਲ ਜੁੜਿਆ ਹੋਇਆ ਹੈ। ਭੂਪੀ ਦਾ ਗੁੰਮ ਹੋਣਾ ਜਾਂ ਭੱਜ ਜਾਣਾ ਇਸ ਨਾਵਲ ਦਾ ਕੇਂਦਰੀ ਪ੍ਰਤੀਕ ਹੈ। ਜਿਸਦਾ ਸਾਰੇ ਨਾਵਲ ਵਿੱਚ ਕੁਝ ਥੁਹ ਪਤਾ ਨਹੀਂ ਲੱਗਦਾ ਉਸਦੀ ਭਾਲ ਵਿੱਚ ਉਹ (ਰਾਜਪਾਲ,ਵਜ਼ੀਰ ਸਿੰਘ) ਵੀਰਾਨ ਹੋ ਰਿਹਾ ਹੈ, ਸੋਸ਼ਣ ਵੀ ਹੋ ਰਿਹਾ ਹੈ, ਉਸਦੀ ਇੱਜ਼ਤ ਵੀ ਰੁਲ ਰਹੀ ਹੈ ਤੇ ਉਹ ਬਿਖਰਦਾ ਵੀ ਜਾ ਰਿਹਾ ਹੈ। ਉਸਦਾ ਭਵਿੱਖ ਵੀ ਖ਼ਤਮ ਹੋ ਰਿਹਾ ਹੈ। ਇਉਂ ਭੂਪੀ ਕੇਵਲ ਵਜ਼ੀਰ ਸਿੰਘ ਦੀ ਧੀ ਹੀ ਨਹੀਂ, ਕਿਸਾਨ ਦੀ ਉਹ ਸ਼ਕਤੀ, ਆਤਮਾ ਹੈ, ਜੋ ਗੁੰਮ ਗੁਆਚ ਰਹੀ ਹੈ। ਉਸਨੂੰ ਕਿਵੇਂ ਬਚਾ ਸਕਦਾ ਹੈ, ਕਿਵੇਂ ਲੱਭ ਸਕਦਾ ਹੈ, ਫਿਰ ਇੱਜ਼ਤ ਕਿਵੇਂ ਪ੍ਰਾਪਤ ਕਰ ਸਕਦਾ ਹੈ? ਇਸਦਾ ਕੋਈ ਸਿਰਾ ਉਸਦੇ ਹੱਥ ਨਹੀਂ ਆ ਰਿਹਾ। ਇਹੀ ਉਸਦੀ ਤ੍ਰਾਸਦੀ ਹੈ।ਇਉਂ ਭੂਪੀ ਦਾ ਗੁਆਚ ਜਾਣਾ, ਨਾ ਮਿਲਣਾ, ਜੇ ਮਾੜੀ ਮੋਟੀ ਕਦੇ ਕਨਸੋਅ ਵੀ ਲਗਣੀ, ਨਾ ਦੇ ਬਰਾਬਰ। ਇਹ ਜੱਟ ਦੇ ਇਸ ਅੰਦਰਲੇ ਤੇ ਬਾਹਲੇ ਬਿਖਰਾਅ ਦੀ ਕਹਾਣੀ ਹੈ ਤੇ ਭੂਪੀ ਉਸਦਾ ਪ੍ਰਤੀਕ ਹੈ।

ਇਉਂ ਹੀ ਰਾਜਪਾਲ ਨੂੰ ਇੱਕ ਵੱਖਰੇ ਪਾਤਰ ਦੇ ਤੌਰ 'ਤੇ ਵੀ ਦੇਖ ਸਕਦੇ ਹਾਂ ਤੇ ਇਕ ਪ੍ਰਤੀਕ ਦੇ ਤੌਰ 'ਤੇ ਵੀ। ਕਿਸਾਨੀ ਆਪਣੇ ਆਪ ਨੂੰ ਜਿਵੇਂ ਸਾਰੀਆਂ ਮੁਸੀਬਤਾਂ ਦੇ ਬਾਵਜੂਦ ਅੰਦਰੋਂ ਸੰਯੁਕਤ ਰੱਖਣ ਦਾ ਯਤਨ ਕਰ ਰਹੀ ਹੈ, ਜਿੰਮੇਵਾਰੀ ਨਾਲ ਜੁੜੇ ਰਹਿਣ ਲਈ ਪ੍ਰੰਤਨਸ਼ੀਲ ਹੈ, ਸਭ ਕੁਝ ਆਲੇ-ਦੁਆਲੇ ਦਾ ਸਹਿ ਰਹੀ ਹੈ, ਫਿਰ ਵੀ ਤਨਾਉ-ਗ੍ਰਸਤ ਹੈ, ਦਿਨੋ ਦਿਨ ਤ੍ਰਾਸਦੀ ਵੱਲ ਧੱਕੀ ਜਾ ਰਹੀ ਹੈ, ਰਾਜਪਾਲ ਉਸਦਾ ਪ੍ਰਤੀਕ ਬਣ ਜਾਂਦਾ ਹੈ। ਇਉਂ ਬਲਦੇਵ ਸਿੰਘ ਜਿਵੇਂ ਪਾਤਰਾਂ ਨੂੰ ਵਿਅਕਤੀਗਤ ਰੂਪ ਵਿੱਚ ਵੀ ਉਸਾਰਦਾ ਹੈ ਤੇ ਇਕ ਪ੍ਰਬੰਧ ਵਿੱਚ ਕਿਸਾਨੀ ਦੀ ਕਿਸੇ ਨਾ ਕਿਸੇ ਅਵਸਥਾ ਦਾ ਪ੍ਰਤੀਕ ਵੀ ਬਣ ਰਹੇ ਹਨ, ਇਹ ਗੱਲ ਧਿਆਨਯੋਗ ਹੈ। ਇਉਂ ਹੀ ਭਗਤੂ ਤੇ ਗੁਰਾ ਵੀ ਕਿਸਾਨੀ ਦੇ ਬਿਰਖਾ ਨੂੰ ਸਾਹਮਣੇ ਲਿਆਉਂਦੇ ਹਨ। ਇਕ ਪਾਸੇ ਇਹ ਪਾਤਰ ਪੰਜਾਬ ਦੇ ਇਤਿਹਾਸਕ ਵਿੱਚ ਪੈਦਾ ਹੋਈਆਂ ਸਥਿਤੀਆਂ ਦੇ ਯਥਾਰਥ ਨੂੰ ਸਾਹਮਣੇ ਲਿਆਉਂਦੇ ਹਨ ਤੇ ਦੂਜੇ ਪਾਸੇ ਕਿਸਾਨੀ ਜੱਟ ਦੇ ਬਿਖਰਾ ਨੂੰ ਪੇਸ਼ ਕਰਦੇ ਹਨ। ਪੰਜਾਬ ਦੀ ਖਾੜਕੂ ਲਹਿਰ ਤੋਂ ਪਿੱਛੋਂ ਪੰਜਾਬ ਵੀ ਕਿਸਾਨੀ ਦਾ ਆਰਥਕ ਤੇ ਸਮਾਜਕ ਸੰਕਟ ਸਗੋਂ ਹਰੋ ਵੀ ਗੰਭੀਰ ਹੋ ਜਾਂਦਾ ਹੈ। ਜਿਨ੍ਹਾਂ ਕਿਸਾਨਾਂ ਜਾਂ ਜੱਟਾਂ ਦੇ ਕਿੱਲੇ ਸਾਬਤ ਹਨ, ਜ਼ਮੀਨ ਘਟਣ ਦੀ ਬਜਾਏ ਵਧੀ ਹੈ, ਉਨ੍ਹਾਂ ਕੋਲ ਸਦਾਚਾਰ ਤੇ ਨੈਤਿਕ ਮੁੱਲ ਘਟੇ ਹਨ, ਜਿਨ੍ਹਾਂ ਨੇ ਨੈਤਿਕਤਾ ਤੇ ਪਹਿਰਾ ਦਿੱਤਾ ਹੈ, ਉਹ ਹੋਰ ਤ੍ਰਾਸਦੀ ਵਿੱਚ ਗ੍ਰਸਤ ਹੁੰਦੇ ਗਏ ਹਨ। ਵਜ਼ੀਰ ਸਿੰਘ ਦੇ ਮੁਕਾਬਲੇ ਉਹਦਾ ਭਰਾ ਸਰਦੂਲ ਤੇ ਕਈ ਹੋਰ ਜੱਟਾਂ ਦਾ ਉਲੇਖ ਇਸ ਨਾਵਲ ਵਿੱਚ ਅਜਿਹੇ ਯਥਾਰਥ ਨੂੰ ਸਾਕਾਰ ਕਰਦਾ ਹੈ। ਭਗਤੂ ਦਾ ਸਾਧ ਬਣਨਾ, ਸਮਾਧ ਦਾ ਲੋਕਾਂ ਦੇ ਅੰਧ ਵਿਸ਼ਵਾਸ ਦਾ ਕੇਂਦਰ ਬਣ ਜਾਣਾ, ਪਿੰਡ ਦੀਆਂ ਕਈ ਔਰਤਾਂ ਦਾ ਇਨ੍ਹਾਂ ਅੰਧ ਵਿਸ਼ਵਾਸਾਂ ਵਿੱਚ ਫਸਣਾ, ਸਾਧਾਂ ਦੀ ਜਿਨਸੀ ਭੁੱਖ ਦਾ ਸ਼ਿਕਾਰ ਹੋਣਾ, ਉਨ੍ਹਾਂ ਦੀਆਂ ਮਜਬੂਰੀਆਂ, ਕਮਜ਼ੋਰ ਹੋ ਗਈ ਕਿਸਾਨੀ ਜਾਂ ਆਮ ਬੰਦੇ ਦੇ ਨਿਘਾਰ ਨਾਲ ਵੀ ਸੰਬੰਧਤ ਹਨ। ਧਰਮ ਦੇ ਨਾਂ ਤੇ ਨਿਘਾਰ ਦਾ ਵਧਣਾ, ਸਾਧਾਂ ਸੰਤਾਂ ਦੇ ਡੇਰਿਆਂ ਦਾ ਫੇਲਣਾ, ਇਹ ਇਸ ਦੌਰ ਦਾ ਯਥਾਰਥ ਵੀ ਹੈ । ਇਉਂ ਭਗਤੂ ਸਾਧ ਦਾ ਡੇਰਾ ਕੇਵਲ ਇਕ ਡੇਰਾ ਨਹੀਂ, ਇਸ ਸਾਰੇ ਨਿਘਾਰ ਦਾ ਪ੍ਰਤੀਕ ਹੈ।

ਕਿਸਾਨੀ ਦੇ ਤ੍ਰਾਸਦਿਕ ਯਥਾਰਥ ਸੰਬੰਧੀ ਉਹ ਪ੍ਰਸ਼ਨ ਬਾਰ-ਬਾਰ ਜਾਗਦੇ ਹਨ। ਇਨ੍ਹਾਂ ਪ੍ਰਸ਼ਨਾਂ ਦਾ ਕੋਈ ਉੱਤਰ ਨਹੀਂ। ਇਨ੍ਹਾਂ ਪ੍ਰਸ਼ਨਾਂ ਦੇ ਬਾਰ-ਬਾਰ ਜਾਗਣ ਨਾਲ ਨਾਵਲ ਵਿੱਚ ਇਹ ਆਵਾਜ਼ ਉੱਚੀ ਹੁੰਦੀ ਹੈ ਜਿਨ੍ਹਾਂ ਦਾ ਉੱਤਰ ਅਜੇ ਤੱਕ ਸਿਸਮਟ ਕੋਲ ਵੀ ਨਹੀਂ। ਜ਼ਮੀਨ ਦਾ ਘਟਦੇ ਜਾਣਾ, ਪੰਜਾਬ ਵਿੱਚ ਕਿਸੇ ਅਜਿਹੇ ਜ਼ਮੀਨ ਨਾਲ ਜੁੜਦੇ ਉਦਯੋਗ ਦਾ ਵਿਕਸਿਤ ਨਾ ਹੋਣਾ ਜਿਥੇ ਖੇਤ ਦੀ ਪੈਦਾਵਾਰ ਝਟਪਟ ਕੰਮ ਆ ਸਕੇ, ਕਿਸਾਨ ਨੂੰ ਪੈਸੇ ਮਿਲ ਸਕਣ, ਉਹ ਬੁਰੀ ਤਰ੍ਹਾਂ ਬਾਣੀਏ, ਬੈਂਕਾਂ ਤੇ ਮੰਡੀ ਦਾ ਗੁਲਾਮ ਹੈ। ਕਰਜ਼ਿਆਂ ਦਾ ਮੁਹਤਾਜ ਹੈ।ਉਸਦੇ ਮੁਕਾਬਲੇ ਤੇ ਬਾਣੀਆ, ਸੁਨਿਆਰਾ, ਵਪਾਰੀ ਅਮੀਰ ਹੋਇਆ ਹੈ। ਕੇਵਲ ਕਿਸਾਨ ਹੀ ਉਜੜਿਆ ਹੈ। ਪੰਜਾਬ ਵਿੱਚ ਕੋਈ ਅਜਿਹਾ ਵੱਡਾ ਉਦਯੋਗ ਵੀ ਸਾਹਮਣੇ ਨਹੀਂ ਆਇਆ, ਜਿਥੇ ਜੱਟ ਦਾ ਪੁੱਤ ਜਾ ਕੇ ਕੰਮ ਕੇ ਸਕੇ। ਇਸੇ ਲਈ ਅਖੀਰ ਭਈਆ ਵੀ ਆਪਣੇ ਮਾਲਕ ਜੱਟ ਕੋਲ ਜਾ ਕੇ ਕੰਮ ਕਰਦਾ ਹੈ ਤਾਂ ਉਸਦੀ ਅਵਸਥਾ ਨੂੰ ਦੇਖਦਿਆਂ 'ਆਪਾਂ' ਸ਼ਬਦ ਵਰਤਦਾ ਹੈ। ਸ਼ਹਿਰ ਨਾਲ ਕਿਸਾਨ ਦਾ ਸੁਖਾਵਾਂ ਰਿਸ਼ਤਾ ਨਹੀਂ ਬਣਿਆ, ਉਸਦੀਆਂ ਧੀਆਂ ਜਦੋਂ ਸ਼ਹਿਰ ਵਿੱਚ ਜਾ ਕੇ ਕੰਮ ਕਰਦੀਆਂ ਹਨ ਤਾਂ ਉਥੋਂ

ਦੇ ਉਪਭੋਗਤਾਵਾਦੀ ਸਮਾਜ ਦੀ ਚਕਾਚੌਂਧ ਦੀਆਂ ਸ਼ਿਕਾਰ ਹੋ ਕੇ ਉਹ ਜਿਨਸੀ ਕਾਮਨਾ ਤੇ ਸੋਸ਼ਣ ਦੀਆਂ ਸ਼ਿਕਾਰ ਵੀ ਹੁੰਦੀਆਂ ਹਨ ਤੇ ਉਸ ਵਿੱਚ ਲੀਨ ਵੀ ਹੁੰਦੀਆਂ ਹਨ। ਨਾਵਲਕਾਰ ਇਨ੍ਹਾਂ ਸਮੱਸਿਆਵਾਂ ਨੂੰ ਉਘਾੜਦਾ ਹੈ।

ਉਪਰੋਕਤ ਖੋਜ ਦੇ ਆਧਾਰ ’ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਮਾਜ-ਸਭਿਆਚਾਰ ਵਿਚ ਕਿਸਾਨੀ ਸਮਾਜ ਇੱਕ ਮੱਹਤਵਪੂਰਨ ਸ਼੍ਰੇਣੀ ਹੈ ਜਿਹੜੀ ਸਮੁੱਚੀ ਜਨ ਜਾਤੀ ਦਾ ਢਿੱਡ ਭਰਦੀ ਹੈ ਪਰ ਉਸਦੀ ਆਪਣੀ ਹਾਲਤ ਇੰਨੀ ਵਧੀਆ ਨਹੀਂ ਜਿੰਨੀ ਹੋਰਨਾ ਦੀ ਹੈ। ਉਸਦੇ ਅਨੇਕਾਂ ਕਾਰਨ ਹਨ-ਮਸ਼ੀਨੀਕਰਨ, ਹਰੀ ਕ੍ਰਾਂਤੀ, ਰਸਾਇਣਕ ਖਾਦਾਂ, ਮਹਿੰਗਾਈ, ਅਨਪੜ੍ਹਤਾ, ਹੋਰ ਸਹਾਇਕ ਧੰਦਿਆਂ ਦੀ ਅਣਹੋਦ, ਕਿਸਾਨਾਂ ਦਾ ਹੋਰਨਾ ਧੰਦਿਆਂ ਨੂੰ ਨਾ ਅਪਣਾਉਣਾ (ਮਜ਼ਬੂਰੀ ਵਸ ਤੇ ਹੈਂਕੜ ਕਾਰਨ), ਜ਼ਮੀਨ ਦਾ ਘੱਟ ਹੋਣਾ ਆਦਿ। ਨਾਵਲ ‘ਅੰਨਦਾਤਾ’ ਵਿੱਚ ਇਨ੍ਹਾਂ ਉਪਰੋਕਤ ਸਾਰੀਆਂ ਸਮਸਿਆਵਾਂ ਅਤੇ ਕਾਰਨਾਂ ਦਾ ਬਿਆਨ ਮਿਲਦਾ ਹੈ। ਨਾਵਲ ਦੀ ਮੁੱਖ ਸਮੱਸਿਆ ਘਟਦੀ ਜ਼ਮੀਨ ਹੈ; ਇਹ ਸਮੱਸਿਆ ਅੱਗੋਂ ਅਨੇਕਾਂ ਹੋਰਸ ਸਮੱਿਆਵਾਂ ਦੀ ਜਨਮ ਦਾਤੀ ਬਣਦੀ ਹੈ।ਇਹ ਨਾਵਲ ਵਜ਼ੀਰ ਸਿੰਘ ਦੇ ਪਰਿਵਾਰ ਦੀ ਕਹਾਣੀ ਤੇ ਆਧਾਰਤ ਹੈ ਜਿਸ ਦੇ ਤਿੰਨ ਮੁੰਡੇ (ਭਗਤੂ, ਰਾਜਪਾਲ, ਗੁਰਾ) ਅਤੇ ਇਕ ਕੁੜੀ (ਭੁਪਿੰਦਰ ਕੌਰ) ਹੈ। ਵਜ਼ੀਰ ਸਿੰਘ ਦਾ ਪਿਉ ਵਸਾਖਾ ਸਿੰਘ ਅਜੇ ਜਿਉਂਦਾ ਹੈ ਤੇ ਵਜ਼ੀਰ ਸਿੰਘ ਦੇ ਹਿੱਸੇ ਆਏ ਸਾਢੇ ਸੱਤ ਕਿੱਲਿਆਂ (ਪਿਤਾ ਵਿਸਾਖਾ ਸਿੰਘ ਦੇ ਪੰਦਰਾਂ ਕਿੱਲਿਆਂ ਚੋਂ ਅੱਧ) ਵਿੱਚੋਂ ਦੋ ਕਿੱਲੇ ਬੈਅ ਹੋ ਗਏ ਹਨ, ਰਹਿੰਦੀ ਜ਼ਮੀਨ ਘਰ ਦੇ ਖ਼ਰਚ ਪਾਣੀ ਲਈ ਨਾ-ਕਾਫ਼ੀ ਹੈ। ਮਿਹਨਤ ਨਾਲ ਉਗਾਈ ਫ਼ਸਲ (ਝੋਨਾ) ਮੰਡੀਆਂ ਵਿੱਚ ਰੁਲ ਰਿਹਾ ਹੈ। ਇਸ ਪ੍ਰਕਾਰ ਬਲਦੇਵ ਸਿੰਘ ਨੇ ਨਾਵਲ ‘ਅੰਨਦਾਤਾ’ ਰਾਹੀਂ ਕਿਸਾਨੀ ਨਾਲ ਸਬੰਧਤ ਜਿੰਨੀਆਂ ਵੀ ਸਮੁੱਸਿਆਵਾਂ ਹਨ ਅਤੇ ਉਨ੍ਹਾਂ ਦੇ ਜੋ ਵੀ ਕਾਰਨ ਹਨ ਉਨ੍ਹਾਂ ਨੂੰ ਪੇਸ਼ ਕਰਕੇ ਕਿਸਾਨੀ ਸੰਕਟ ਦਾ ਇੱਕ ਦਸਤਾਵੇਜ਼ ਸਾਡੇ ਸਨਮੁੱਖ ਕੀਤਾ ਹੈ। ਇਸ ਨਾਵਲ ਨੂੰ ਪੜ੍ਹਨ ਉਪਰੰਤ/ਇਸਦਾ ਅਧਿਐਨ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਬਹੁਤ ਹੀ ਯਥਾਰਥਵਾਦੀ ਨਜ਼ਰੀਏ ਨਾਲ, ਸੁਭਾਵਿਕਤਾ ਨਾਲ ਅਤੇ ਸਹਿਜਤਾ ਨਾਲ ਕਿਸਾਨੀ ਸਮਾਜ, ਸੰਕਟ ਅਤੇ ਕਿਸਾਨੀ ਦਾ ਭਵਿੱਖ ਦੀ ਬਾਤ ਪਾਉਂਦਾ ਹੋਇਆ ਇੱਕ ਸਫਲ, ਸ੍ਰੇਸ਼ਟ, ਉਤਕ੍ਰਿਸ਼ਟ ਨਾਵਲ ਹੈ ਜੋ ਬਲਦੇਵ ਸਿੰਘ ਪ੍ਰਾਪਤੀ ਮੰਨਿਆ ਜਾ ਸਕਦਾ ਹੈ। ਪੰਜਾਬੀ ਸਾਹਿਤ ਨੂੰ ਬਲਦੇਵ ਸਿੰਘ ਦੇ ਇਸ ਨਾਵਲ ਨਾਲ ਇੱਕ ਬਹੁਤ ਹੀ ਪ੍ਰਮਾਣਿਕ ਕ੍ਰਿਤ ਮਿਲੀ ਹੈ ਜਿਹੜੀ ਇਸ ਦੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੀ ਹੈ।

# ਪੁਸਤਕ ਸੂਚੀ


1. ਉੱਪਲ, ਸਵਿੰਦਰ ਸਿੰਘ (ਡਾ.), ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਨਵੀਂ ਦਿੱਲੀ: ਪੰਜਾਬੀ ਰਾਈਟਰਜ਼ ਕੋਆਪਰੇਟਿਵ, 1982
2. ਅਹੂਜਾ, ਰੋਸ਼ਨ ਲਾਲ (ਡਾ.), ਸਾਹਿਤ ਸ਼ਾਸਤਰ, ਲੁਧਿਆਣਾ:ਲਾਹੌਰ ਬੁਕ ਸ਼ਾਪ, 1996
3. ਸੰਧੂ, ਗੁਰਪਾਲ ਸਿੰਘ, ਪੰਜਾਬੀ ਨਾਵਲ ਦਾ ਇਤਿਹਾਸ, ਦਿੱਲੀ: ਪੰਜਾਬੀ ਅਕਾਦਮੀ, 2005
4. ਕੁੱਸਾ, ਕਰਮਜੀਤ ਸਿੰਘ, ਰੋਹੀ-ਬੀਆਬਾਨ, ਪੰਜਾਬੀ ਭਵਨ ਲੁਧਿਆਣਾ: ਲੋਕ ਗੀਤ ਪ੍ਰਕਾਸ਼ਨ, 2011
5. ਗੁਰਦੀਪ ਕੌਰ (ਡਾ.), ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ, ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 2008
6. ਗੋਇਲ, ਜੰਗ ਬਹਾਦੁਰ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ, ਚੰਡੀਗੜ੍ਹ: ਬੁੱਕ ਪਾਵਰ, 2007
7. ਢੀਂਡਸਾ, ਮਾਨ ਸਿੰਘ (ਡਾ.), ਪੰਜਾਬੀ ਨਾਵਲ: ਪੰਰਪਰਾ ਅਤੇ ਪ੍ਰਵਾਹ, ਜਲੰਧਰ: ਸ਼ਿਵ ਪ੍ਰਕਾਸ਼ਨ, 2003
8. ਦੁਸਾਂਝ, ਸੁਰਿੰਦਰ ਸਿੰਘ (ਡਾ.), ਪੰਜਾਬੀ ਇਤਿਹਾਸਕ ਨਾਵਲ, ਲੁਧਿਆਣਾ: ਲਾਹੌਰ ਬੁਕ ਸ਼ਾਪ, 2005
9. ਧਾਲੀਵਾਲ, ਬਲਦੇਵ ਸਿੰਘ (ਡਾ.), ਕਰਮਜੀਤ ਸਿੰਘ ਕੁੱਸਾ ਦੇ ਨਾਵਲ ਬਿਰਤਾਂਤ ਚੇਤਨਾ ਦੇ ਪਾਸਾਰ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2011
10. ਨੂਰ, ਸੁਤਿੰਦਰ ਸਿੰਘ, ਪੰਜਾਬੀ ਗਲਪ ਚੇਤਨਾ (ਆਲੋਚਨਾ), ਪੰਜਾਬੀ ਭਵਨ ਲੁਧਿਆਣਾ: ਚੇਤਨਾ ਪ੍ਰਕਾਸ਼ਨ, 2005
11. ਨੂਰ, ਸੁਤਿੰਦਰ ਸਿੰਘ, ਰਵੇਲ ਸਿੰਘ, ਨਵਾਂ ਪੰਜਾਬੀ ਨਾਵਲ ਇਕ ਅਧਿਐਨ, ਦਿੱਲੀ: ਪੰਜਾਬੀ ਅਕਾਮੀ, 2008
12. ਪਿਆਰਾ ਸਿੰਘ (ਡਾ.), ਖੋਜ ਸਿਧਾਂਤ ਤੇ ਵਿਹਾਰ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2011
13. ਪਿਆਰਾ ਸਿੰਘ (ਡਾ.). ਪੰਜਾਬੀ ਗਲਪ: ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ, ਜਲੰਧਰ, 1997
14. ਬਲਦੇਵ ਸਿੰਘ, ਦੂਸਰਾ ਹੀਰੋਸ਼ੀਮਾ, ਦਿੱਲੀ: ਆਰਸੀ ਪਬਲਿਸ਼ਰਜ਼, 1977
15. ਬਲਦੇਵ ਸਿੰਘ, ਕੱਲਰੀ ਧਰਤੀ, ਦਿੱਲੀ: ਆਰਸੀ ਪਬਲਿਸ਼ਰਜ਼, 1980
16. ਬਲਦੇਵ ਸਿੰਘ, ਸੂਲੀ ਟੰਗੇ ਪਹਿਰ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 1986
17. ਬਲਦੇਵ ਸਿੰਘ, ਕੱਚੀਆਂ ਕੰਧਾਂ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 1991
18. ਬਲਦੇਵ ਸਿੰਘ, ਜੀ. ਟੀ. ਰੋਡ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 1992
19. ਬਲਦੇਵ ਸਿੰਘ, ਲਾਲ ਬੱਤੀ, ਦਿੱਲੀ: ਆਰਸੀ ਪਬਲਿਸ਼ਰਜ਼, 1998
20. ਬਲਦੇਵ ਸਿੰਘ, ਅੰਨਦਾਤਾ, ਦਿੱਲੀ: ਆਰਸੀ ਪਬਲਿਸ਼ਰਜ਼, 2002
21. ਬਲਦੇਵ ਸਿੰਘ, ਪੰਜਵਾਂ ਸਾਹਿਬਜ਼ਾਦਾ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2005
22. ਬਲਦੇਵ ਸਿੰਘ, ਸਤਲੁਜ ਵਹਿੰਦਾ ਰਿਹਾ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2007
23. ਬਲਦੇਵ ਸਿੰਘ, ਢਾਹਵਾਂ ਦਿੱਲੀ ਦੇ ਕਿੰਗਰੇ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2009
24. ਬਲਦੇਵ ਸਿੰਘ, ਮਹਾਂਬਲੀ ਸੂਰਾ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2011

25. ਬਲਦੇਵ ਸਿੰਘ, ਮੈਂ ਪਾਕਿਸਤਾਨ ਨਹੀਂ ਜਾਣਾ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2012
26. ਬਲਦੇਵ ਸਿੰਘ, ਖਾਕੂ ਜੇਡੁ ਨ ਕੋਇ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2013
27. ਰਣਜੀਤ ਸਿੰਘ, ਪੰਜਾਬੀ ਕਿਸਾਨ ਜੀਵਨ ਅਤੇ ਸੱਭਿਆਚਾਰ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1991
28. ਰਾਹੀ, ਜੋਗਿੰਦਰ ਸਿੰਘ (ਡਾ.), ਪੰਜਾਬੀ ਨਾਵਲ, ਅੰਮ੍ਰਿਤਸਰ: ਨਾਨਕ ਸਿੰਘ ਪੁਸਤਕ ਮਾਲਾ
29. ਵਿਨੋਦ, ਟੀ. ਆਰ (ਡਾ.), ਸਾਹਿਤ ਅਤੇ ਚਿੰਤਨ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1976
30. ਵਿਨੋਦ, ਟੀ. ਆਰ (ਡਾ.), ਆਉ ਨਾਵਲ ਪੜ੍ਹੀਏ, ਪੰਜਾਬੀ ਭਵਨ ਲੁਧਿਆਣਾ: ਚੇਤਨਾ ਪ੍ਰਕਾਸ਼ਨ, 2006